# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# INDIA MARKET

INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੈਂਗੜ

Super Eyebrow Threading Now Open

Eyebrow Threading & Henna Tattoo

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com



# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



**ਸਾਡੀ ਸਪੈਸ਼ਲਟੀ**
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਪੰਜਾਬ ਲਈ ਕੈਪਟਨ ਅੱਗੇ ਰੱਖੇ ਪੰਜ ਨੁਕਤੇ

**ਚੰਡੀਗੜ੍ਹ–** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਰਮਿਆਨ ਸੁਖਾਵੇਂ ਮਾਹੌਲ ’ਚ ਹੋਈ ਪਲੇਠੀ ਮੀਟਿੰਗ ਨੇ ਅੰਦਰੂਨੀ ਖਿੱਚੋਤਾਣ ਨੂੰ ਨਰਮ ਪਾ ਦਿੱਤਾ ਹੈ। ਤਾਜਪੋਸ਼ੀ ਸਮਾਰੋਹਾਂ ਮਗਰੋਂ ਬਤੌਰ ਪੈਰਧਾਨ ਨਵਜੋਤ ਸਿੱਧੂ ਨੇ ਪਹਿਲੀ ਕੜੀ ਵਜੋਂ ਪੰਜਾਬ ਦੇ ਪੰਜ ਭਖ਼ਦੇ ਮੁੱਦਿਆਂ ਨੂੰ ਮੁੱਖ ਮੰਤਰੀ ਅੱਗੇ ਰੱਖਿਆ ਹੈ ਜਿਹਨਾਂ ਦੇ ਜਲਦੀ ਹੱਲ ਹੋਣ ਦਾ ਅਮਰਿੰਦਰ ਸਿੰਘ ਨੇ ਭਰੋਸਾ ਦਿੱਤਾ ਹੈ। ਕਾਂਗਰਸ ਦੀ ਨਵੀਂ ਸੂਬਾਈ ਟੀਮ ਵੱਲੋਂ ਪੰਜ ਨੁਕਤੇ ਮੁੱਖ ਮੰਤਰੀ ਅੱਗੇ ਰੱਖੇ ਗਏ। ਇਹਨਾਂ ਵਿਚ ਸ੍ਰੀ ਗੁਰੂ ਗੈਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਜਲਦ ਸਜ਼ਾ ਦਿਵਾਉਣਾ ਵੀ ਸ਼ਾਮਲ ਸੀ। ਸਪੈਸ਼ਲ ਟਾਸਕ ਫੋਰਸ ਦੀ ਰਿਪੋਰਟ ਵਿਚ ਦਰਜ ਨਸ਼ਾ ਤਸਕਰੀ ਪਿਛਲੀਆਂ ਵੱਡੀਆਂ ਹਸਤੀਆਂ ਨੂੰ ਤੁਰੰਤ ਗੈਰਿਫ਼ਤਾਰ ਕਰਕੇ ਮਿਸਾਲੀ ਸਜ਼ਾ ਦਿੱਤੇ ਜਾਣ ਦਾ ਨੁਕਤਾ ਵੀ ਰੱਖਿਆ ਗਿਆ। ਇਸੇ ਤਰੈਹਾਂ ਇਕ ਨੁਕਤਾ ਸਤਲੁਜ-ਯਮੁਨਾ ਲਿੰਕ ਨਹਿਰ ਵਾਲੇ ਸਮਝੌਤੇ ਨੂੰ ਰੱਦ ਕੀਤੇ ਜਾਣ ਵਾਂਗ ਕੇਂਦਰ ਦੇ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਿਧਾਨ ਸਭਾ ਵਿਚ ਰੱਦ ਕੀਤੇ ਜਾਣ ਬਾਰੇ ਵੀ ਹੈ ਜਿਸ ਵਾਸਤੇ ਵਿਧਾਇਕ ਤਿਆਰ ਹਨ। ਨੁਕਸਦਾਰ ਬਿਜਲੀ ਖ਼ਰੀਦ ਸਮਝੌਤੇ ਰੱਦ ਕਰਨਾ ਵੀ ਇਸ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਰੋਸ ਮੁਜ਼ਾਹਰੇ ਕਰ ਰਹੀਆਂ ਅਧਿਆਪਕਾਂ, ਡਾਕਟਰਾਂ, ਨਰਸਾਂ, ਲਾਇਨਮੈਨਾਂ, ਸਫਾਈ ਕਰਮਚਾਰੀਆਂ ਦੀਆਂ ਜਥੇਬੰਦੀਆਂ ਨੂੰ ਫੌਰੀ ਸੁਣਨ ਵੱਲ ਵੀ ਧਿਆਨ ਦਿਵਾਇਆ ਗਿਆ ਹੈ। ਸਰਕਾਰ ਵੱਲੋਂ ਗੱਲਬਾਤ ਦਾ ਦਰ ਖੋਲਣ ਦੀ ਗੱਲ ਕੀਤੀ ਗਈ ਹੈ।

ਇੱਥੇ ਪੰਜਾਬ ਸਿਵਲ ਸਕੱਤਰੇਤ ’ਚ ਹੋਈ ਮੀਟਿੰਗ ’ਚ ਮੁੱਖ ਮੰਤਰੀ ਅਮਰਿੰਦਰ ਸਿੰਘ ਤੇ ਕਾਂਗਰਸ ਪੈਰਧਾਨ ਨਵਜੋਤ ਸਿੱਧੂ ਵੱਲੋਂ ਇੱਕ-ਦੂਸਰੇ ਪੈਰਤੀ ਗਰਮਜੋਸ਼ੀ ਦਿਖਾਈ ਗਈ ਜਿਸ ਤੋਂ ਮੁੱਦਿਆਂ ਦੇ ਹੱਲ ਹੋਣ ਦੇ ਆਸਾਰ ਬਣਨ ਲੱਗੇ ਹਨ। ਵੇਰਵਿਆਂ ਅਨੁਸਾਰ ਮੀਟਿੰਗ ’ਚ ਪੰਜਾਬ ਕਾਂਗਰਸ ਦੇ ਕਾਰਜਕਾਰੀ ਪੈਰਧਾਨ ਕੁਲਜੀਤ ਸਿੰਘ ਨਾਗਰਾ,



ਸੰਗਤ ਸਿੰਘ ਗਿਲਜ਼ੀਆਂ, ਸੁਖਵਿੰਦਰ ਡੈਨੀ ਅਤੇ ਪਵਨ ਗੋਇਲ ਤੋਂ ਇਲਾਵਾ ਵਿੱਤ ਮੰਤਰੀ ਮਨਪੈਰੀਤ ਸਿੰਘ ਬਾਦਲ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬੈਰਹਮ ਮਹਿੰਦਰਾ ਵੀ ਮੌਜੂਦ ਸਨ। ਚੇਤੇ ਰਹੇ ਕਿ ਤਾਜਪੋਸ਼ੀ ਸਮਾਰੋਹਾਂ ਮਗਰੋਂ ਚਰਚੇ ਛਿੜੇ ਸਨ ਕਿ ਅਮਰਿੰਦਰ ਤੇ ਨਵਜੋਤ ਸਿੱਧੂ ਦਰਮਿਆਨ ਸਿਆਸੀ ਕੁੜੱਤਣ ਬਣੀ ਰਹੇਗੀ। ਅੱਜ ਨਵਜੋਤ ਸਿੱਧੂ ਵੱਲੋਂ ਮੁੱਖ ਮੰਤਰੀ ਨਾਲ ਮੀਟਿੰਗ ਕਰਕੇ ਪੰਜਾਬ ਦੇ ਮੁੱਦਿਆਂ ਪੈਰਤੀ ਆਪਣੀ ਸੁਹਿਰਦਤਾ ਦਾ ਪੈਰਗਟਾਵਾ ਕੀਤਾ ਗਿਆ। ਨਵਜੋਤ ਸਿੱਧੂ ਨੇ ਵੀ ਅੱਜ ਆਪਣੇ ਰੁਖ਼ ਵਿਚ ਨਰਮੀ ਲਿਆਂਦੀ ਹੋਈ ਸੀ ਪਰ ਉਨੈਹਾਂ ਨੇ ਮੁੱਖ ਮੰਤਰੀ ਅੱਗੇ ਉਹ ਮੁੱਦੇ ਰੱਖੇ ਹਨ ਜਿਨੈਹਾਂ ਬਾਰੇ ਸਰਕਾਰੀ ਚਾਲ ਮੱਠੀ ਸੀ। ਦੂਸਰੇ ਪਾਸੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਹਾਂ-ਪੱਖੀ ਹੁੰਗਾਰਾ ਭਰ ਕੇ ਨਿੱਘਾ ਮਾਹੌਲ ਸਿਰਜਿਆ। ਬੇਸ਼ੱਕ ਅੱਜ ਦੋਵਾਂ ਆਗੂਆਂ ਨੇ ਪੰਜਾਬ ਦੇ ਭਲੇ ਲਈ ਆਪਸੀ ਤਾਲਮੇਲ ਬਣਾ ਕੇ ਚੱਲਣ ਦੀ ਪਹਿਲਕਦਮੀ ਕੀਤੀ ਹੈ ਪਰ ਸਿਆਸੀ ਹਲਕੇ ਆਖ ਰਹੇ ਹਨ ਕਿ ਬਹੁਤਾ ਸਿਆਸੀ ਪੈਂਡਾ ਇਹ ਆਗੂ ਇਕੱਠੇ ਚੱਲ ਨਹੀਂ ਸਕਣਗੇ। ਵਿਰੋਧੀ ਧਿਰਾਂ ਦੀ ਨਜ਼ਰ ਵੀ ਅੱਜ ਦੀ ਮੀਟਿੰਗ ’ਤੇ ਲੱਗੀ ਰਹੀ। ਨਵੀਂ ਸੂਬਾਈ ਟੀਮ ਨੇ ਮੁੱਖ ਮੰਤਰੀ ਨੂੰ ਪੰਜ ਨੁਕਾਤੀ ਏਜੰਡਾ ਸੌਂਪਿਆ ਜੋ ਕਾਂਗਰਸ ਹਾਈ ਕਮਾਨ ਦੇ 18 ਨੁਕਾਤੀ ਏਜੰਡੇ ਦਾ ਹਿੱਸਾ ਹੈ। ਨਵਜੋਤ ਸਿੱਧੂ ਪੰਜਾਬ ਦੇ ਲੋਕਾਂ ’ਚ ਜਾਣ ਤੋਂ ਪਹਿਲਾਂ ਕੁੱਝ ਮੁੱਦਿਆਂ ਦਾ ਨਿਪਟਾਰਾ ਕਰਾਉਣ ਦੇ ਇੱਛੁਕ ਹਨ ਜਿਨੈਹਾਂ ਬਾਰੇ ਉਹ ਪਹਿਲਾਂ ਟਵੀਟ ਵੀ ਕਰਦੇ ਰਹੇ ਹਨ। ਅਮਰਿੰਦਰ ਸਿੰਘ ਨੇ ਕਿਹਾ ਕਿ ਸਰਕਾਰ ਦੇ ਕੰਮਾਂ ਅਤੇ ਲੋਕ ਪੱਖੀ ਫ਼ੈਸਲਿਆਂ ਨੂੰ ਪਾਰਟੀ ਆਗੂ ਤੇ ਵਰਕਰ ਜ਼ਮੀਨੀ ਪੱਧਰ ਤੱਕ ਲੈ ਕੇ ਜਾਣ। ਨਵੀਂ ਟੀਮ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਬਹੁਤੇ ਫ਼ੈਸਲਿਆਂ ਅਤੇ ਕੰਮਾਂ ਤੋਂ ਲੋਕ ਜਾਣੂ ਹੀ ਨਹੀਂ ਹਨ। ਟੀਮ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਤਾਲਮੇਲ ਬਣਾ ਕੇ ਹਰ ਫੈਸਲੇ ਬਾਰੇ ਪਾਰਟੀ ਨੂੰ ਜਾਣਕਾਰੀ ਦੇਵੇ ਤਾਂ ਜੋ ਵਰਕਰਾਂ ਤੱਕ ਅਜਿਹੇ ਕੰਮਾਂ ਦੀ ਸੂਚਨਾ ਪੁੱਜਦੀ ਕੀਤੀ ਜਾ ਸਕੇ।

### ਫ਼ੈਸਲੇ ਲੈਣ ’ਚ ਦਲੇਰੀ ਦਿਖਾਈ ਜਾਵੇ: ਸਿੱਧੂ

ਕਾਂਗਰਸ ਪੈਰਧਾਨ ਨਵਜੋਤ ਸਿੱਧੂ ਨੇ ਮੁੱਖ ਮੰਤਰੀ ਅੱਗੇ ਪੰਜ ਮੁੱਖ ਨੁਕਤੇ ਰੱਖਦਿਆਂ ਕਿਹਾ ਕਿ ਇਨੈਹਾਂ ’ਤੇ ਪੰਜਾਬ ਸਰਕਾਰ ਤੁਰੰਤ ਪਹਿਲ ਦੇ ਅਧਾਰ ’ਤੇ ਕਾਰਵਾਈ ਕਰੇ ਕਿਉਂਕਿ ਇਹ ਮੁੱਦੇ ਲੋਕਾਂ ਅਤੇ ਵਰਕਰਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੇ ਹਨ। ਪੰਜਾਬੀਆਂ ਨੂੰ ਇਨਸਾਫ਼ ਦੇਣ ਲਈ ਅੱਜ ਫੈਸਲੇ ਲੈਣ ਵਿਚ ਦਲੇਰੀ ਦਿਖਾਏ ਜਾਣ ਦੀ ਲੋੜ ਹੈ।

### ਪੰਜਾਬ ਸਰਕਾਰ ਦੇ ਪਹਿਲਾਂ ਹੀ ਧਿਆਨ ’ਚ ਹਨ ਇਹ ਨੁਕਤੇ: ਅਮਰਿੰਦਰ

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਨੈਹਾਂ ਪੰਜ ਨੁਕਤਿਆਂ ਬਾਰੇ ਕਿਹਾ ਕਿ ਪੰਜਾਬ ਸਰਕਾਰ ਦੇ ਪਹਿਲਾਂ ਹੀ ਇਹ ਸਭ ਧਿਆਨ ਵਿਚ ਹੈ ਜਿਨੈਹਾਂ ਦੇ ਹੱਲ ਲਈ ਕੰਮ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ 2017 ਵਿਧਾਨ ਸਭਾ ਚੋਣਾਂ ਦੇ ਚੋਣ ਮਨੋਰਥ ਪੱਤਰ ਚੋਂ ਬਹੁਤੇ ਵਾਅਦੇ ਪਹਿਲਾਂ ਹੀ ਲਾਗੂ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਵੀ ਜਲਦ ਹੱਲ ਹੋ ਜਾਣਗੇ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸਰਕਾਰ ਅਤੇ ਪਾਰਟੀ ਦਰਮਿਆਨ ਬਿਹਤਰ ਤਾਲਮੇਲ ਯਕੀਨੀ ਬਣਾਉਣ ਲਈ ਕਾਂਗਰਸ ਦੀ ਨਵੀਂ ਟੀਮ ਨਾਲ ਰੈਗੂਲਰ ਮੀਟਿੰਗਾਂ ਜਾਰੀ ਰੱਖਣ ਦੀ ਪੇਸ਼ਕਸ਼ ਵੀ ਕੀਤੀ। ਮੁੱਖ ਮੰਤਰੀ ਨੇ ਪੰਜਾਬ ਅਤੇ ਪਾਰਟੀ ਦੇ ਹਿੱਤ ਲਈ ਆਪਸ ਵਿਚ ਮਿਲ ਕੇ ਕੰਮ ਕਰਨ ਦੀ ਗੱਲ ਆਖੀ।

# ਯੂਨੈਸਕੋ ਦੀ ਵਿਸ਼ਵ ਵਿਰਾਸਤ ’ਚ ਹੁਣ ਹੜੱਪਾਕਾਲੀਨ ਸ਼ਹਿਰ ਧੌਲਾਵੀਰਾ ਵੀ

**ਅਹਿਮਦਾਬਾਦ–** ਯੂਨੈਸਕੋ ਨੇ ਗੁਜਰਾਤ 'ਚ ਸਥਿਤ ਹੜੱਪਾਕਾਲੀਨ ਸ਼ਹਿਰ ਧੌਲਾਵੀਰਾ ਨੂੰ ਮੰਗਲਵਾਰ ਨੂੰ ਵਿਸ਼ਵ ਵਿਰਾਸਤ ਦੀ ਸੂਚੀ 'ਚ ਸ਼ਾਮਲ ਕਰ ਲਿਆ ਹੈ। ਸੰਯੁਕਤ ਰਾਸ਼ਟਰ ਵਿੱਦਿਅਕ, ਵਿਗਿਆਨਕ ਤੇ ਸੱਭਿਆਚਾਰਕ ਸੰਗਠਨ (ਯੂਨੈਸਕੋ) ਨੇ ਟਵੀਟ ਰਾਹੀਂ ਖ਼ੁਦ ਇਸ ਦੀ ਜਾਣਕਾਰੀ ਦਿੱਤੀ। ਇਸ ਤੋਂ ਪਹਿਲਾਂ 13ਵੀਂ ਸਦੀ 'ਚ ਬਣੇ ਤੇਲੰਗਾਨਾ ਦੇ ਰਾਮੱਪਾ ਮੰਦਰ ਨੂੰ ਐਤਵਾਰ ਨੂੰ ਵਿਸ਼ਵ ਵਿਰਾਸਤ 'ਚ ਸ਼ਾਮਲ ਕੀਤਾ ਜਾ ਚੁੱਕਾ ਹੈ। ਅਹਿਮਦਾਬਾਦ ਤੋਂ ਕਰੀਬ 350 ਕਿਲੋਮੀਟਰ ਦੂਰ ਭਚਾਊ (ਕੱਛ) ਦੇ ਨਜ਼ਦੀਕ ਖਡੀਰ ਬੇਟ 'ਚ ਸਥਿਤ ਧੌਲਾਵੀਰਾ ਪੰਜ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣੀ ਸੱਭਿਅਤਾ ਦੇ ਪਥਰਾਟ ਹਨ।



ਪੱਥਰਾਂ ਨੂੰ ਤਰਾਸ਼ ਕੇ ਬਣਾਇਆ ਗਿਆ ਕਿਲਾਨੁਮਾ ਭਵਨ, ਅਧਿਕਾਰੀ ਤੇ ਸਭਾ ਮੈਂਬਰਾਂ ਦੇ ਵਿਸ਼ੇਸ਼ ਕਮਰੇ, ਇਸ਼ਨਾਨ ਘਰ ਤੇ ਪਖਾਨੇ ਆਦਿ ਦੇ ਪਥਰਾਟ ਦੱਸਦੇ ਹਨ ਕਿ ਤਤਕਾਲੀ ਸੱਭਿਅਤਾ ਕਿੰਨੀ ਉੱਨਤ ਸੀ।

ਮੁੱਖ ਮੰਤਰੀ ਵਿਜੇ ਰੂਪਾਣੀ ਨੇ ਖ਼ੁਸ਼ੀ ਪ੍ਰਗਟਾਉਂਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਣਉਤਸਵ ਰਾਹੀਂ ਕੱਛ ਨੂੰ ਵਿਸ਼ਵ ਮੰਚ 'ਤੇ ਲਿਆਉਂਦੇ ਹੋਏ ਸੱਭਿਆਚਾਰ ਤੇ ਵਿਰਾਸਤ ਨੂੰ ਅੱਗੇ ਵਧਾਉਣ ਦਾ ਕੰਮ ਕੀਤਾ। ਇਸੇ ਕਾਰਨ ਹੀ ਅੱਜ ਯੂਨੈਸਕੋ ਨੇ ਧੌਲਾਵੀਰਾ ਨੂੰ ਵਿਸ਼ਵ ਵਿਰਾਸਤ 'ਚ ਸ਼ਾਮਲ ਕੀਤਾ ਹੈ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਚੇਜ਼ ਕਾਲੀਜ ਨੇ ਅਮਰੀਕਾ ਲਈ ਜਿੱਤਿਆ ਪਹਿਲਾ ਸੋਨੇ ਦਾ ਮੈਡਲ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕੀ ਐਥਲੀਟ ਜਪਾਨ ਦੇ ਸ਼ਹਿਰ ਟੋਕੀਓ ਵਿੱਚ ਹੋ ਰਹੀਆਂ ਉਲੰਪਿਕ ਖੇਡਾਂ ਵਿੱਚ ਆਪਣੇ ਦੇਸ਼ ਦੀ ਝੋਲੀ ਵਿੱਚ ਮੈਡਲ ਪਾਉਣ ਲਈ ਮਿਹਨਤ ਕਰ ਰਹੇ ਹਨ। ਅਜਿਹੀ ਹੀ ਸਖਤ ਮਿਹਨਤ ਦੇ ਨਤੀਜੇ ਵਜੋਂ ਅਮਰੀਕਾ ਦੇ ਇੱਕ ਤੈਰਾਕ ਨੇ ਦੇਸ਼ ਲਈ ਪਹਿਲਾ ਸੋਨੇ ਦਾ ਮੈਡਲ ਜਿੱਤਿਆ ਹੈ। ਚੇਜ਼ ਕਾਲੀਜ਼ ਨਾਮ ਦੇ ਤੈਰਾਕ ਨੇ ਟੋਕਿਓ ਖੇਡਾਂ ਵਿੱਚ ਪੁਰਸ਼ਾਂ ਦੇ 400 ਮੀਟਰ ਦੀ ਵਿਅਕਤੀਗਤ ਤੈਰਾਕੀ ਵਿੱਚ ਐਤਵਾਰ ਨੂੰ ਸੋਨੇ ਦਾ ਤਗਮਾ ਜਿੱਤਿਆ ਹੈ। ਅਮਰੀਕਾ ਦੇ ਹੀ ਜੇ ਲਿਥਰਲੈਂਡ ਨੇ ਚਾਂਦੀ ਅਤੇ ਆਸਟਰੇਲੀਆ ਦੇ ਬਰੈਂਡਨ ਸਮਿਥ ਨੇ ਕਾਂਸੀ ਦਾ ਤਗਮਾ ਪ੍ਰਾਪਤ ਕੀਤਾ। ਓਲੰਪਿਕ ਦੇ ਮਹਾਨ ਐਥਲੀਟ ਮਾਈਕਲ ਫੇਲਪਸ ਦੇ ਸਾਬਕਾ ਸਿਖਲਾਈ ਭਾਈਵਾਲ ਕਾਲੀਜ਼ ਨੇ 4 ਮਿੰਟ 9.42 ਸਕਿੰਟ ਵਿੱਚ ਆਪਣਾ ਪਹਿਲਾਂ ਸਥਾਨ ਪ੍ਰਾਪਤ ਕੀਤਾ ਜਦਕਿ ਲਿਥਰਲੈਂਡ ਨੇ ਆਪਣੇ ਟੀਚੇ ਲਈ 4: 10.28 ਦਾ ਟਾਈਮ ਲਿਆ ਜੋ ਕਿ ਸਮਿਥ ਤੋਂ (4: 10.38) ਥੋੜ੍ਹਾ ਸਮਾਂ ਪਹਿਲਾਂ ਸੀ।

# ਜਿਲ ਬਾਈਡੇਨ ਨੇ ਕੋਰੋਨਾ ਵੈਕਸੀਨ ਲਗਵਾਉਣ ਲਈ ਹਵਾਈ ਨਿਵਾਸੀਆਂ ਨੂੰ ਕੀਤੀ ਅਪੀਲ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**



**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਦੀ ਫਸਟ ਲੇਡੀ ਅਤੇ ਰਾਸ਼ਟਰਪਤੀ ਜੋਅ ਬਾਈਡੇਨ ਦੀ ਪਤਨੀ ਜਿਲ ਬਾਈਡੇਨ ਨੇ ਐਤਵਾਰ ਨੂੰ ਹਵਾਈ ਸਟੇਟ ਦਾ ਦੌਰਾ ਕੀਤਾ। ਆਪਣੀ ਯਾਤਰਾ ਦੌਰਾਨ ਜਿਲ ਬਾਈਡੇਨ ਨੇ ਵਾਈਪਾਹੂ, ਹਵਾਈ ਵਿੱਚ ਇੱਕ ਪੌਪ-ਅਪ ਕੋਵਿਡ -19 ਟੀਕਾਕਰਨ ਕਲੀਨਿਕ ਦਾ ਮੁਆਇਨਾ ਕੀਤਾ ਅਤੇ ਅਮਰੀਕਾ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਕੋਰੋਨਾ ਵਾਇਰਸ ਦੇ ਡੈਲਟਾ ਵੇਰੀਐਂਟ ਦੀ ਲਾਗ ਵਧਣ ਕਾਰਨ ਹਵਾਈ ਨਿਵਾਸੀਆਂ ਨੂੰ ਵੈਕਸੀਨ ਦੇ ਸ਼ਾਟ ਲਗਵਾਉਣ ਲਈ ਉਤਸ਼ਾਹਿਤ ਕੀਤਾ। ਵਾਈਪਾਹੂ ਹਾਈ ਸਕੂਲ ਦੇ ਕਲੀਨਿਕ ਵਿੱਚ ਬੋਲਦਿਆਂ ਜਿਲ ਬਾਈਡੇਨ ਨੇ ਕਿਹਾ ਕਿ ਇਹ ਵਾਇਰਸ ਪਹਿਲਾਂ ਨਾਲੋਂ ਜ਼ਿਆਦਾ ਫੈਲਣ ਵਾਲਾ ਹੈ, ਇਸ ਲਈ ਇਸ ਨੂੰ ਫੈਲਣ ਤੋਂ ਰੋਕਣ ਲਈ ਟੀਕਾਕਰਨ ਜਰੂਰੀ ਹੈ। ਅੰਕੜਿਆਂ ਅਨੁਸਾਰ ਸਟੇਟ ਦੀ ਤਕਰੀਬਨ 60% ਆਬਾਦੀ ਨੂੰ ਪੂਰੀ ਤਰ੍ਹਾਂ ਟੀਕਾ ਲਗਾਇਆ ਗਿਆ ਹੈ। ਜਦਕਿ ਸਿਹਤ ਵਿਭਾਗ ਅਨੁਸਾਰ ਨਵੇਂ ਮਾਮਲਿਆਂ ਲਈ ਹਵਾਈ ਦੀ ਸੱਤ ਦਿਨਾਂ ਦੀ ਰੋਜ਼ਾਨਾ ਔਸਤ 10 ਜੁਲਾਈ ਤੋਂ ਸ਼ੁੱਕਰਵਾਰ ਤੱਕ 192% ਤੱਕ ਵਧ ਗਈ ਹੈ। ਇਸ ਤੋਂ ਇਲਾਵਾ ਜਿਲ ਬਾਈਡੇਨ ਹੋਨੋਲੂਲੂ ਵਿੱਚ ਜਾਇੰਟ ਬੇਸ ਪਰਲ ਹਾਰਬਰ ਵਿਖੇ ਫੌਜੀ ਪਰਿਵਾਰਾਂ ਨੂੰ ਵੀ ਮਿਲੇ। ਜਿਕਰਯੋਗ ਹੈ ਕਿ ਜਿਲ ਬਾਈਡੇਨ ਟੋਕਿਓ ਵਿਚ ਓਲੰਪਿਕ ਖੇਡਾਂ 'ਚ ਅਮਰੀਕੀ ਪ੍ਰਤੀਨਿਧੀ ਮੰਡਲ ਦੀ ਅਗਵਾਈ ਕਰਦਿਆਂ ਵਾਸ਼ਿੰਗਟਨ ਵਾਪਸੀ ਦੌਰਾਨ ਹਵਾਈ ਆਏ ਸਨ।

# ਟੋਕੀਓ ਓਲੰਪਿਕ ਸਿਖਰ ਵੱਲ ਵਧਿਆ







(ਸਫਾ 1 ਦੀ ਬਾਕੀ)

ਇਕ ਨੀਦਰਲੈਂਡਜ਼ ਖ਼ਿਲਾਫ਼ 1-5 ਅਤੇ ਜਰਮਨੀ ਖ਼ਿਲਾਫ਼ 0-2 ਨਾਲ ਹਾਰ ਝੱਲਣੀ ਪਈ ਸੀ।

**ਕਈ ਪੱਖਾਂ ਤੋਂ ਨਿਵੇਕਲਾ**

ਟੋਕੀਓ ਓਲੰਪਿਕ ਐਤਕੀਂ ਕਈ ਪੱਖਾਂ ਤੋਂ ਨਿ-ਵੇਕਲਾ ਹੈ। ਇਸ ਵਾਰ ਰਿਕਾਰਡ 339 ਤਗ਼ਮਿਆਂ ਵਾਲੀਆਂ ਖੇਡਾਂ ਹਨ ਅਤੇ ਕੁੱਲ 33 ਮੁਕਾਬਲੇ ਹਨ। ਇਸ ਵਾਰ ਪੰਜ ਖੇਡਾਂ ਨਵੀਆਂ ਸ਼ਾਮਲ ਕੀਤੀਆਂ ਗਈਆਂ ਹਨ, ਜਿਹਨਾਂ ਵਿੱਚ ਕਰਾਟੇ, ਸਰਫਿੰਗ, ਸਪੋਰਟ ਕਲਾਈਂਬਿੰਗ, ਸਕੇਟਬੋਰਡਿੰਗ ਤੇ ਬੇਸਬਾਲ ਸ਼ਾਮਲ ਹਨ। ਟੋਕੀਓ ਓਲੰਪਿਕ ਵਿੱਚ ਹਿੱਸਾ ਲੈਣ ਵਾਲਿਆਂ ਵਿਚ 48.8 ਫੀਸਦੀ ਮਹਿਲਾਂ ਖਿਡਾਰਨਾਂ ਹਨ ਤੇ ਇਹ ਵੀ ਇੱਕ ਰਿਕਾਰਡ ਹੈ।

ਓਲੰਪਿਕ ਮਸ਼ਾਲ ਐਲੂਮੀਨੀਅਮ ਦੇ ਕਬਾੜ ਤੋਂ ਬਣੀ ਹੈ ਜਿਹੜਾ ਜਾਪਾਨ 'ਚ ਸਾਲ 2011 ਵਿਚ ਆਏ ਭੁਚਾਲ ਮਗਰੋਂ ਅਸਥਾਈ ਘਰ ਬਣਾਉਣ ਵਾਸਤੇ ਵਰਤਿਆ ਗਿਆ ਸੀ। ਪ੍ਰਬੰਧਕਾਂ ਦਾ ਕਹਿਣਾ ਹੈ ਕਿ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਨਵੀਂਆਂ ਖੇਡਾਂ ਸ਼ਾਮਲ ਕੀਤੀਆਂ ਹਨ ਅਤੇ ਰੁਝਾਨ 'ਚ ਬਦਲਾਅ ਲਿਆਉਣ ਦੀ ਕੋਸ਼ਿਸ਼ ਕੀਤੀ ਹੈ।

ਇਹਨਾਂ ਖੇਡਾਂ ਵਿਚ ਹੁਣ ਤੱਕ ਜਾਪਾਨ 11 ਗੋਲਡ, 4 ਚਾਂਦੀ ਅਤੇ 5 ਕਾਂਸੀ ਦੇ ਮੈਡਲ ਜਿੱਤ ਚੁੱਕਾ ਹੈ ਜਦਕਿ ਪਹਿਲੇ ਨੰਬਰ ਤੇ ਅਮਰੀਕਾ ਨੇ ਹੁਣ ਤੱਕ 10 ਗੋਲਡ, 10 ਚਾਂਦੀ ਅਤੇ 9 ਕਾਂਸੀ ਦੇ ਤਮਗੇ ਜਿੱਤੇ ਹਨ। ਭਾਰਤ ਨੂੰ ਫਿਲਹਾਲ ਇਕ ਚਾਂਦੀ ਦਾ ਤਮਗਾ ਹਾਸਲ ਹੋਇਆ ਹੈ।

ਜਰਮਨੀ ਦੀਆਂ ਜਿਮਨਾਸਟ ਖੇਡਾਂ ਵਿੱਚ ਹੁੰਦੇ ਜਿਸਮਾਨੀ ਸ਼ੋਸ਼ਣ ਖ਼ਿਲਾਫ਼ ਡਟੀਆਂ ਹੋਈਆਂ ਹਨ। ਉਹਨਾਂ ਟੋਕੀਓ ਓਲੰਪਿਕ ਦਾ ਕੁਆਈਫਾਈ ਮੁਕਾਬਲਾ 'ਫੁੱਲ ਡਰੈੱਸ ਪਾ ਕੇ ਖੇਡਿਆ। ਇਹਨਾਂ ਵਿਚੋਂ ਕਈ ਖਿਡਾਰਨਾਂ ਨੇ ਯੂਰੋਪੀਅਨ ਚੈਂਪੀਅਨਸ਼ਿਪ ਵਿੱਚ ਵੀ ਅਜਿਹੇ ਹੀ ਕੱਪੜੇ ਪਹਿਨੇ ਸਨ। ਇਸ ਮੁਕਾਬਲੇ ਵਿਚ ਸਾਰਾ ਵੌਸ ਤੇ ਉਸ ਦੀਆਂ ਸਾਥਣ ਖਿਡਾਰਨਾਂ ਨੇ ਗਿੱਟਿਆਂ ਤੱਕ ਕੱਪੜੇ ਪਹਿਨੇ ਹੋਏ ਸਨ। ਜਦਕਿ ਜਿਮਨਾਸਟ 'ਚ ਗਿੱਟਿਆਂ ਤੱਕ ਲਿਬਾਸ ਪਾਉਣਾ ਰਵਾਇਤ ਦੀ ਉਲੰਘਣਾ ਹੈ।






# ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦਾ ਇਕਾਂਤਵਾਸ ਖਤਮ, ਅਪਰਾਧ ਨਾਲ ਨਜਿੱਠਣ ਦੀ ਬਣਾਈ ਨਵੀਂ ਯੋਜਨਾ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)**– ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਪਿਛਲੇ ਦਿਨੀਂ ਕੋਰੋਨਾ ਪਾਜੇਟਿਵ ਸਿਹਤ ਮੰਤਰੀ ਸਾਜਿਦ ਜਾਵਿਦ ਦੇ ਨੇੜਲੇ ਸੰਪਰਕਾਂ ਵਿੱਚ ਹੋਣ ਕਾਰਨ ਇਕਾਂਤਵਾਸ ਹੋਏ ਸਨ। ਉਹਨਾਂ ਨੇ ਮੰਗਲਵਾਰ ਨੂੰ ਆਪਣਾ ਇਕਾਂਤਵਾਸ ਖਤਮ ਕਰ ਦਿੱਤਾ ਹੈ। ਇਸਦੇ ਨਾਲ ਹੀ ਜੌਹਨਸਨ ਨੇ ਨਵੀਂ "ਬੀਟਿੰਗ ਕ੍ਰਾਈਮ ਪਲਾਨ" ਨਾਲ ਜੇਲ੍ਹ ਦੀ ਰਿਹਾਈ ਤੋਂ ਬਾਅਦ ਅਪਰਾਧੀਆਂ ਦੀ ਇਲੈਕਟ੍ਰਾਨਿਕ ਟੈਗਿੰਗ ਨਾਲ ਅਪਰਾਧ ਦਰਾਂ ਨੂੰ ਘਟਾਉਣ ਦਾ ਵਾਅਦਾ ਵੀ ਕੀਤਾ ਹੈ। ਪ੍ਰਧਾਨ ਮੰਤਰੀ ਦੀ ਯੋਜਨਾ ਵਿੱਚ ਸੜਕਾਂ 'ਤੇ ਵਧੇਰੇ ਪੁਲਿਸ ਅਧਿਕਾਰੀਆਂ ਦੀ



ਤਾਇਨਾਤੀ ਦੇ ਨਾਲ ਉਹਨਾਂ ਨੂੰ ਵਧੇਰੇ ਅਸਾਨੀ ਨਾਲ ਸੰਪਰਕ ਕਰਨ ਯੋਗ ਬਣਾਉਣਾ ਵੀ ਸ਼ਾਮਲ ਹੈ। ਇਸਦੇ ਨਾਲ ਹੀ ਐਮਰਜੈਂਸੀ 101 ਅਤੇ 999 ਕਾਲਾਂ ਲਈ ਵੀ ਹਰੇਕ ਖੇਤਰ ਵਿੱਚ ਸੰਪਰਕ ਕਰਨ ਯੋਗ, ਨਾਮਜ਼ਦ ਪੁਲਿਸ ਅਧਿਕਾਰੀ ਹੋਣਗੇ, ਜੋ ਉਸ ਖੇਤਰ ਨੂੰ ਜਾਣਦੇ ਹੋਣਗੇ। ਇਸ ਯੋਜਨਾ ਵਿੱਚ ਇਲੈਕਟ੍ਰਾਨਿਕ ਨਿਗਰਾਨੀ ਦੀ ਵਰਤੋਂ ਵੀ ਸ਼ਾਮਲ ਹੈ ਤਾਂ ਕਿ ਦੋਸ਼ੀਆਂ ਦੇ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ 24 ਘੰਟੇ ਉਨ੍ਹਾਂ ਦੇ ਠਿਕਾਣਿਆਂ 'ਤੇ ਨਜ਼ਰ ਰੱਖੀ ਜਾ ਸਕੇ। ਇਸ ਨਵੀਂ ਪਹਿਲ ਨਾਲ ਅਪਰਾਧ ਨਾਲ ਨਜਿੱਠਣ ਵਿੱਚ ਸਹਾਇਤਾ ਮਿਲੇਗੀ।

# ਸਿਆਟਲ ਵਿਚ ਡਾਇਰੈਕਟਰ (ਵਿੱਤ) ਨਾਸਾ ਅਰਜਨ ਸਿੰਘ ਢਿੱਲੋਂ 'ਜਿੰਦੂ' ਦਾ ਨਿੱਘਾ ਸਵਾਗਤ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)**– ਬਰਕਲੇ ਯੂਨੀਵਰਸਿਟੀ ਕੈਲੇਫੋਰਨੀਆ ਦੇ 40,000 ਵਿਦਿਆਰਥੀਆਂ 'ਚੋਂ ਨਾਸਾ ਵਿਚ ਡਾਇਰੈਕਟਰ (ਵਿੱਤ) ਚੁਣੇ ਗਏ ਅਰਜਨ ਸਿੰਘ ਢਿੱਲੋਂ 'ਜਿੰਦੂ' ਨੂੰ ਸਿਆਟਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਤਰਨ ਖਾਲਸਾ ਸਕੂਲ ਦੇ ਪ੍ਰਿੰਸੀਪਲ ਸਵ: ਸੁਖਚੈਨ ਸਿੰਘ ਢਿੱਲੋਂ ਦੇ ਸਪੁੱਤਰ ਅਰਜਨ ਸਿੰਘ ਨੇ ਮੁਢਲੀ ਸਿੱਖਿਆ ਕੈਲੇਫੋਰਨੀਆ 'ਚ ਲੈਣ ਤੋਂ ਬਾਅਦ ਬਰਕਲੇ ਯੂਨੀਵਰਸਿਟੀ ਤੋਂ ਐਮ. ਬੀ. ਏ. ਕਰਕੇ ਉਚ ਅਹੁਦੇ 'ਤੇ ਕੰਮ ਕਰ ਰਹੇ ਅਰਜਨ ਸਿੰਘ ਨੇ ਦੱਸਿਆ ਕਿ ਭਾਰਤੀ ਮੂਲ ਦੇ ਵਿਦਿਆਰਥੀ ਤਨਦੇਹੀ ਨਾਲ ਮਿਹਨਤ ਕਰਦੇ ਹਨ। ਗਗਨਦੀਪ ਸਿੰਘ ਪੰਜਵੜ ਨੇ ਫੁੱਲਾਂ ਦਾ ਗੁਲਦਸਤਾ ਦੇ ਕੇ ਅਰਜਨ ਸਿੰਘ ਢਿੱਲੋਂ, ਪਤਨੀ ਮਨਜਿੰਦਰ ਕੌਰ ਰਿੰਮੀ ਅਤੇ ਮਾਤਾ ਪ੍ਰੀਤਮ ਕੌਰ ਲੈਕਚਰਾਰ ਦਾ ਨਿੱਘਾ ਸਵਾਗਤ ਕੀਤਾ। ਅਰਜਨ ਸਿੰਘ ਖੇਡ ਕੈਂਪ ਦੌਰਾਨ ਨੌਜਵਾਨਾਂ ਤੇ ਬੱਚਿਆਂ ਨੂੰ ਸ਼ਨਿਚਰਵਾਰ ਸ਼ਾਮ 7 ਵਜੇ ਸੰਬੋਧਨ ਕਰਨਗੇ ਅਤੇ ਆਪਣੇ ਤਜਰਬੇ ਅਨੁਸਾਰ ਬੱਚਿਆਂ ਨੂੰ ਸਿੱਖਿਅਤ ਕਰਨਗੇ।

# ਅਮਰੀਕਾ ਨੇ ਕਿਊਬਾ ਉਪਰ ਲਾਈਆਂ ਪਾਬੰਦੀਆਂ , ਇਹ ਕੇਵਲ ਸ਼ੁਰੂਆਤ-ਬਾਇਡਨ

**ਸੈਕਰਾਮੈਂਟੋ 23 ਜੁਲਾਈ (ਹੁਸਨ ਲੜੋਆ ਬੰਗਾ)**–ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਕਿਊਬਾ ਦੀ ਫੌਜ ਦੇ ਇਕ ਚੋਟੀ ਦੇ ਅਧਿਕਾਰੀ ਤੇ ਕਿਊਬਨ ਸਰਕਾਰ ਦੀ ਸਟੇਟ ਸੁਰੱਖਿਆ ਇਕਾਈ ਉਪਰ ਪਾਬੰਦੀਆਂ ਲਾਉਣ ਦਾ ਐਲਾਨ ਕੀਤਾ ਹੈ। ਬਾਇਡਨ ਅਨੁਸਾਰ ਇਸ ਮਹੀਨੇ ਹੋਏ ਪ੍ਰਦਰਸ਼ਨਾਂ ਦੌਰਾਨ ਲੋਕਾਂ ਉਪਰ ਤਸ਼ੱਦਦ ਲਈ ਇਹ ਚੋਟੀ ਦਾ ਫੌਜੀ ਅਧਿਕਾਰੀ ਤੇ ਸਟੇਟ ਸੁਰੱਖਿਆ ਇਕਾਈ ਜਿੰਮੇਵਾਰ ਹੈ। ਬਾਇਡਨ ਨੇ ਕਿਹਾ ਹੈ ਕਿ ਇਹ ਕੇਵਲ ਸ਼ੁਰੂਆਤ ਹੈ ਤੇ ਅਮਰੀਕਾ ਕਿਊਬਨ ਲੋਕਾਂ ਉਪਰ ਤਸ਼ੱਦਦ ਲਈ ਜਿੰਮੇਵਾਰ ਲੋਕਾਂ 'ਤੇ ਪਾਬੰਦੀਆਂ ਲਾਉਣੀਆਂ ਜਾਰੀ ਰਖੇਗਾ। ਵਾਈਟ ਹਾਊਸ ਨੇ ਕਿਊਬਾ ਦੇ ਰਿਵੋਲੂਸ਼ਨਰੀ ਆਰਮਡ ਫੋਰਸਜ ਬਾਰੇ ਮੰਤਰੀ ਐਲਵਾਰੋ ਲੋਪੇਜ਼ ਮੀਰਾ ਤੇ ਸਰਕਾਰ ਦੇ ਇੰਟੈਲੀਜੈਂਸੀ ਮੰਤਰਾਲੇ ਦੀ ਵਿਸ਼ੇਸ਼ ਬ੍ਰਿਗੇਡ ਉਪਰ ਪਾਬੰਦੀਆਂ ਲਾਉਣ ਲਈ ਮਨੁੱਖੀ ਹੱਕਾਂ ਬਾਰੇ ਸੰਘੀ ਕਾਨੂੰਨ ਦੀ ਵਰਤੋਂ ਕੀਤੀ ਹੈ। ਬਾਇਡਨ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਵੱਲੋਂ 11 ਜੁਲਾਈ ਦਾ ਪ੍ਰਦਰਸ਼ਨ ਕਰਨ ਲਈ ਲੋਕਾਂ ਨੂੰ ਲਾਮਬੰਦ ਕਰਨ ਵਾਸਤੇ ਵਰਤੇ ਗਏ ਇੰਟਰਨੈੱਟ ਤੇ ਹੋਰ ਸਾਈਟਾਂ ਉਪਰ ਲਾਈ ਰੋਕ ਦੀ ਬਹਾਲੀ ਲਈ ਉਸ ਦੇ ਸਲਾਹਕਾਰ ਕੰਮ ਕਰ ਰਹੇ ਹਨ। ਰਾਸ਼ਟਰਪਤੀ ਨੇ ਕਿਹਾ ਕਿ ਅਸੀਂ ਲੋਕਾਂ ਨਾਲ ਵਧੀਕੀਆਂ ਲਈ ਕਿਊਬਨ ਹਾਕਮਾਂ ਨੂੰ ਜਿੰਮੇਵਾਰ ਠਹਿਰਾਉਂਦੇ ਹਾਂ ਤੇ ਕਿਊਬਨ ਲੋਕਾਂ ਵਾਸਤੇ ਸਾਡਾ ਸਮਰਥਨ ਨਿਰੰਤਰ ਜਾਰੀ ਰਹੇਗਾ। ਬਾਇਡਨ ਨੇ ਕਿਹਾ ਕਿਊਬਨ ਅਮਰੀਕੀ ਲੋਕ ਸਾਡੀਆਂ ਟਾਪੂ ਵਾਸੀਆਂ ਨੂੰ ਰਾਹਤ ਪਹੁੰਚਾਉਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਹਿੱਸਾ ਹਨ। ਬਾਇਡਨ ਦਾ ਨਿਰਨਾ ਚੋਣ ਮੁਹਿੰਮ ਦੌਰਾਨ ਕੀਤੇ ਉਨਾਂ ਵਾਅਦਿਆਂ ਤੋਂ ਉਲਟ ਹੈ ਜਦੋਂ ਉਨਾਂ ਪ੍ਰਣ ਕੀਤਾ ਸੀ ਕਿ ਉਹ ਓਬਾਮਾ ਸਮੇ ਦੀ ਯੂ ਐਸ-ਕਿਊਬਾ ਨੀਤੀ ਨੂੰ ਬਹਾਲ ਕਰਨਗੇ। ਬਾਇਡਨ ਪ੍ਰਸ਼ਾਸਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਿਊਬਾ ਵਿਚ ਹੋਏ ਇਤਿਹਾਸਕ ਪ੍ਰਦਰਸ਼ਨਾਂ ਕਾਰਨ ਬਾਇਡਨ ਨੂੰ ਰਣਨੀਤੀ ਬਦਲਣ ਲਈ ਮਜਬੂਰ ਹੋਣਾ ਪਿਆ ਹੈ। ਕਿਊਬਾ ਦੀ ਕਮਿਊਨਿਸਟ ਸਰਕਾਰ ਦੇ ਅਲੋਚਕਾਂ ਨੇ ਬਾਇਡਨ ਦੇ ਐਲਾਨ ਉਪਰ ਖੁਸ਼ੀ ਪ੍ਰਗਟਾਈ ਹੈ ਹਾਲਾਂ ਕਿ ਇਹ ਸਪੱਸ਼ਟ ਨਹੀਂ ਹੈ ਕਿ ਇਹ ਪਾਬੰਦੀਆਂ ਕਿਊਬਾ ਉਪਰ ਕੋਈ ਅਸਰ ਵੀ ਪਾਉਣਗੀਆਂ ਜਾਂ ਨਹੀਂ ਕਿਉਂਕਿ ਅਧਿਕਾਰੀ ਐਲਵਾਰੋ ਲੋਪੇਜ਼ ਮੀਰਾ ਦੀ ਸ਼ਾਇਦ ਹੀ ਅਮਰੀਕਾ ਵਿਚ ਕੋਈ ਜਾਇਦਾਦ ਹੋਵੇ ਜਿਸ ਨੂੰ ਉਹ ਕੁਰਕ ਸਕਦਾ ਹੋਵੇ। ਇਥੇ ਇਹ ਵੀ ਜਿਕਰਯੋਗ ਹੈ ਟਰੰਪ ਪ੍ਰਸ਼ਾਸਨ ਪਹਿਲਾਂ ਹੀ ਕਿਊਬਾ ਦੇ ਗ੍ਰਹਿ ਮੰਤਰਾਲੇ ਨੂੰ ਕਾਲੀ ਸੂਚੀ ਵਿਚ ਸ਼ਾਮਿਲ ਕਰ ਚੁੱਕਾ ਹੈ। ਇਥੇ ਵਰਣਨਯੋਗ ਹੈ ਕਿ 11 ਜੁਲਾਈ ਨੂੰ ਖਾਣ ਪੀਣ ਦੀਆਂ ਵਸਤਾਂ ਤੇ ਦਵਾਈਆਂ ਦੀ ਥੁੜ, ਬਿਜਲੀ ਗੁਲ ਹੋਣ ਤੇ ਮਹਿੰਗਾਈ ਵਿਰੁੱਧ ਹਜਾਰਾਂ ਲੋਕਾਂ ਨੇ ਪ੍ਰਦਰਸ਼ਨ ਕੀਤਾ ਸੀ। ਸਮਝਿਆ ਜਾਂਦਾ ਹੈ ਕਿ ਕਿਊਬਾ ਵਿਚ ਪਿਛਲੇ 3 ਦਹਾਕਿਆਂ ਦੌਰਾਨ ਪਹਿਲੀ ਵਾਰ ਏਨੇ ਵੱਡੇ ਪੱਧਰ ਉਪਰ ਲੋਕ ਸੜਕਾਂ ਉਪਰ ਨਿਕਲੇ ਹਨ।

# ਸਕਾਟਲੈਂਡ: ਏਅਰ ਟ੍ਰੈਫਿਕ ਕੰਟਰੋਲ ਕਰਮਚਾਰੀਆਂ ਦੀ ਹੜਤਾਲ ਕਾਰਨ ਬੰਦ ਰਹਿਣਗੇ ਛੇ ਹਵਾਈ ਅੱਡੇ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)**– ਸਕਾਟਲੈਂਡ ਦੇ ਛੇ ਏਅਰਪੋਰਟ ਵੀਰਵਾਰ ਨੂੰ ਕਰਮਚਾਰੀਆਂ ਦੀ ਹੜਤਾਲ ਹੋਣ ਕਾਰਨ ਬੰਦ ਰਹਿਣਗੇ। ਇਹਨਾਂ ਏਅਰਪੋਰਟਾਂ ਦੇ ਹਵਾਈ ਟ੍ਰੈਫਿਕ ਕੰਟਰੋਲਰਾਂ ਵੱਲੋਂ ਕੀਤੀ ਜਾਣ ਵਾਲੀ ਹੜਤਾਲ ਕਾਰਨ ਸਕਾਟਲੈਂਡ ਦੇ ਛੇ ਖੇਤਰੀ ਹਵਾਈ ਅੱਡੇ ਵੀਰਵਾਰ ਨੂੰ 24 ਘੰਟਿਆਂ ਲਈ ਬੰਦ ਰਹਿਣ ਵਾਲੇ ਹਨ। ਇਸ ਹੜਤਾਲ ਦੀ ਵਜ੍ਹਾ ਇਹਨਾਂ ਹਵਾਈ ਅੱਡਿਆਂ 'ਤੇ ਹਵਾਈ ਟ੍ਰੈਫਿਕ ਕੰਟਰੋਲ ਲਈ ਰਿਮੋਟ ਏਅਰਪੋਰਟ ਕੰਟਰੋਲ ਟਾਵਰਾਂ ਦੀ ਸੁਰੂਆਤ ਕਰਨ ਦੀਆਂ ਯੋਜਨਾਵਾਂ ਹਨ। ਇਹਨਾਂ ਨਵੀਆਂ ਯੋਜਨਾਵਾਂ ਤਹਿਤ ਤਕਨਾਲੋਜੀ ਦੀ ਮੱਦਦ ਨਾਲ ਪੰਜ ਹਵਾਈ ਅੱਡਿਆਂ ਦਾ ਟ੍ਰੈਫਿਕ ਕੰਟਰੋਲ ਇੱਕ ਏਅਰਪੋਰਟ 'ਤੇ ਹੱਬ ਬਣਾ ਕੇ ਕੀਤਾ ਜਾ ਸਕੇਗਾ। ਜਿਸ ਕਾਰਨ ਕਰਮਚਾਰੀ ਯੂਨੀਅਨਾਂ ਤੇ ਹਾਈਲੈਂਡਜ਼ ਅਤੇ ਆਈਲੈਂਡਜ਼ ਏਅਰਪੋਰਟ ਲਿਮਟਿਡ (ਹਿਆਲ) ਵਿਵਾਦ ਵਿੱਚ ਹਨ। ਹਾਈਲੈਂਡਜ਼ ਅਤੇ ਆਈਲੈਂਡਜ਼ ਏਅਰਪੋਰਟ (ਹਿਆਲ) ਇਨਵਰਨੇਸ ਵਿੱਚ ਕਾਰਜਾਂ ਨੂੰ ਕੇਂਦਰੀਕਰਨ ਕਰਨ ਅਤੇ ਪੰਜ ਹਵਾਈ ਅੱਡਿਆਂ ਲਈ ਰਿਮੋਟ ਇੰਟੀਗਰੇਟਡ ਏਅਰ ਟ੍ਰੈਫਿਕ ਕੰਟਰੋਲ ਸੇਵਾਵਾਂ ਸ਼ੁਰੂ ਕਰਨ ਦੀ ਯੋਜਨਾ ਬਣਾ ਰਿਹਾ ਹੈ, ਜਿਹਨਾਂ ਵਿੱਚ ਇਨਵਰਨੇਸ, ਡੰਡੀ, ਸਟਾਰਨੋਵੇ, ਕਿਰਕਵਾਲ ਅਤੇ ਸਮਬਰਗ ਹਵਾਈ ਅੱਡੇ ਸ਼ਾਮਲ ਹਨ। ਇਸ ਲਈ ਕਰਮਚਾਰੀਆਂ ਵੱਲੋਂ ਯੋਜਨਾ ਦਾ ਵਿਰੋਧ ਕਰਨ ਲਈ ਬੇਨਬੇਕੁਲਾ, ਡੰਡੀ, ਇਨਵਰਨੇਸ, ਕਿਰਕਵਾਲ, ਸਟਾਰਨੋਵੇ ਅਤੇ ਸਮਬਰਗ ਹਵਾਈ ਅੱਡੇ ਵੀਰਵਾਰ ਨੂੰ ਹੜਤਾਲ ਕਾਰਨ ਬੰਦ ਰਹਿਣਗੇ, ਹਾਲਾਂਕਿ ਐਮਰਜੈਂਸੀ ਉਡਾਣਾਂ ਜਾਰੀ ਰਹਿਣਗੀਆਂ।

# ਕੌਂਸਲ ਆਫ ਡਿਪਲੋਮਾ ਇੰਜੀਨੀਅਰਜ਼ ਵੱਲੋਂ ਛੇਵੇਂ ਨੇ ਕਮਿਸ਼ਨ ਦੇ ਵਿਰੁੱਧ ਤਿੱਖੇ ਸੰਘਰਸ਼ ਦਾ ਐਲਾਨ

**ਜਲੰਧਰ**– ਪੰਜਾਬ ਸਰਕਾਰ ਦੇ ਸਰਕਾਰੀ/ਅਰਧ ਸਰਕਾਰੀ ਵਿਭਾਗਾਂ/ਬੋਰਡਾਂ/ ਕਾਰਪੋਰੇਸ਼ਨਾ/ਸਥਾਨਕ ਸਰਕਾਰਾਂ ਵਿਭਾਗ/ ਯੂਨੀਵਰਸਿਟੀਆਂ ਅਤੇ ਹੋਰ ਤਕਨੀਕੀ ਅਦਾਰਿਆਂ ਵਿੱਚ ਸੇਵਾਵਾਂ ਨਿਭਾ ਰਹੇ ਜੂਨੀਅਰ ਇੰਜੀਨੀਅਰਜ਼ / ਸਹਾਇਕ ਇੰਜੀਨੀਅਰਜ਼/ਉਪ ਮੰਡਲ ਇੰਜੀਨੀਅਰਜ , ਅਫਸਰਜ਼ (ਪਦ -ਉੱਨਤ) ਦੀ ਪੈਰਤੀਨਿਧ ਜਮਾਤ ਕੌਂਸਲ ਆਫ ਡਿਪਲੋਮਾ ਇੰਜੀਨੀਅਰਜ਼ , ਪੰਜਾਬ, ਹਿਮਾਚਲ ਪੈਰਦੇਸ਼ ਚੰਡੀਗੜ (ਯੂ.



ਟੀ) ਹਰਿਆਣਾ ਅਤੇ ਜੰਮੂ ਤੇ ਕਸ਼ਮੀਰ ਵੱਲੋ ਇੰਜ: ਮਨਜਿੰਦਰ ਸਿੰਘ ਮੱਤੇਨੰਗਲ (ਚੇਅਰਮੈਨ), ਇੰਜ: ਸੁਖਵਿੰਦਰ ਸਿੰਘ ਬਾਂਗੋਬਾਨੀ (ਸਕੱਤਰ ਜਨਰਲ), ਇੰਜ: ਦਿਲਪੈਰੀਤ ਸਿੰਘ ਲੋਹਟ (ਸੀਨੀਅਰ ਵਾਈਸ ਚੇਅਰਮੈਂਨ ਅਤੇ ਸੂਬਾ ਪੈਰਧਾਨ ਡੀ ਈ ਏ,ਲੋ: ਨਿ: ਵਿ:- ਭ ਤੇ ਮ ਸ਼ਾਖਾ ਪੰਜਾਬ), ਇੰਜ: ਪਲਵਿੰਦਰ ਸਿੰਘ ਪੰਧੇਰ (ਅਡੀਸ਼ਨਲ ਸਕੱਤਰ ਜਨਰਲ )ਦੀ ਪੈਰਧਾਨਗੀ ਅਤੇ ਇੰਜ: ਵਾਸੁਦੇਵ ਸ਼ਰਮਾ ਜੀ ਫਾਊਂਡਰ ਕੌਂਸਲ ਦੀ ਸਰਪੈਰਸਤੀ ਹੇਠ ਇੱਕ ਅਹਿਮ ਮੀਟਿੰਗ ਸਥਾਨਕ ਰੈਸਟ ਹਾਊਸ ਵਿਖੇ ਹੋਈ।ਮੀਟਿੰਗ ਵਿੱਚ ਵੱਖ-2 ਬੁਲਾਰਿਆਂ ਵੱਲੋਂ ਆਪਣੇ ਸੰਬੋਧਨ ਵਿੱਚ ਪੰਜਾਬ ਸਰਕਾਰ ਵੱਲੋਂ ਗਠਿਤ 6ਵੇ ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਭਰਪੂਰ ਰਿਪੋਰਟ ਤੇ ਸਿਫਾਰਸ਼ਾਂ ਅਤੇ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਮਿਤੀ 05-07-2021 ਨੂੰ ਮੁਲਾਜ਼ਮਤ ਮਾਰੂ ਨੀਤੀਆਂ ਤਹਿਤ ਮਨਮਾਨੇ ਢੰਗ ਜਾਰੀ ਨੋਟੀਫਿਕੇਸ਼ਨ ਦੇ ਵਿਰੋਧ ਵਿੱਚ ਸਮੂਹ ਮੁਲਾਜ਼ਮਤ ਅਤੇ ਪੈਨਸਨਰਜ਼ ਵਿੱਚ ਪਾਈ ਜਾ ਰਹੀ ਰੋਸ ਭਰੀ ਨਰਾਜ਼ਗੀ ਨੂੰ ਗੰਭੀਰਤਾ ਨਾਲ ਨਾ ਲੈਣ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਬੁਲਾਰਿਆਂ ਨੇ ਦੋਸ਼ ਲਗਾਇਆ ਹੈ ਕਿ ਸਰਕਾਰ ਖਜ਼ਾਨਾ ਖਾਲੀ ਹੋਣ ਦਾ ਢੰਡੋਰਾ ਪਿੱਟ ਕੇ ਮੁਲਾਜ਼ਮਾਂ ਦੇ ਹੱਕਾਂ ਉੱਪਰ ਕੁਹਾੜਾ ਚਲਾ ਰਹੀ ਹੈ। ਕੌਂਸਲ ਵੱਲੋਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਪੰਜਾਬ ਰਾਜ ਦੇ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ ਮੰਗਾਂ ਪੈਰਤੀ ਗੰਭੀਰਤਾ ਦਿਖਾਉਂਦੇ ਹੋਏ ਮੁਲਾਜ਼ਮਾਂ ਦੀਆਂ ਮੰਗਾਂ ਮੰਨ ਕੇ ਰਾਹਤ ਦਿੱਤੀ ਜਾਵੇ। ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕਰਕੇ ਵੱਖ-ਵੱਖ ਜਿਲਿਆਂ ਵਿੱਚ ਲੜੀਵਾਰ ਜਿਲਾ ਪੱਧਰੀ ਧਰਨਿਆਂ ਨੂੰ ਜਾਰੀ ਰੱਖਣ ਦਾ ਫੈਸਲਾ ਲਿਆ ਗਿਆ ਹੈਂ। ਇਸ ਸਬੰਧੀ ਪੈਰੈਸ ਦੇ ਨਾਂ ਜਾਣਕਾਰੀ ਸਾਂਝੀ ਕਰਦਿਆਂ ਕੌਂਸਲ ਦੇ ਕੋ ਚੇਅਰਮੈਨ ਇੰਜ ਸਤਨਾਮ ਸਿੰਘ ਮੱਟੂ ਅਤੇ ਇੰਜ ਵਿਕਰਮਜੀਤ ਸਿੰਘ ਕੋ ਚੇਅਰਮੈਨ ਆਈ ਟੀ ਸੈੱਲ ਨੇ ਦੱਸਿਆ ਕਿ ਇਸ ਪੈਰੋਗਰਾਮ ਅਨੁਸਾਰ 30 ਜੁਲਾਈ ਨੂੰ ਰੂਪਨਗਰ ਵਿਖੇ,2 ਅਗਸਤ ਫਾਜ਼ਿਲਕਾ , 4 ਅਗਸਤ ਸ਼ਹੀਦ ਭਗਤ ਸਿੰਘ ਨਗਰ, 5 ਅਗਸਤ ਫਰੀਦਕੋਟ,6 ਅਗਸਤ ਬਠਿੰਡਾ,9 ਅਗਸਤ ਮਾਨਸਾ ਅਤੇ 10 ਅਗਸਤ ਨੂੰ 11 ਵਜੇ ਤੋਂ ਲੈ ਕੇ 1 ਵਜੇ ਦੁਪਹਿਰ ਤੱਕ ਪੰਜ ਸੂਬਿਆਂ ਦੀ ਕੌਂਸਲ ਆਫ ਡਿਪਲੋਮਾ ਇੰਜੀਨੀਅਰਜ਼ ਵੱਲੋਂ ਚੰਡੀਗੜ ਦੀ ਹੱਦ ਤੇ ਪੈਂਦੇ ਮੁੱਲਾਂਪੁਰ ਬੈਰੀਅਰ ਵਿਖੇ ਮਨੁੱਖੀ ਚੇਨ ਬਣਾਉਂਦੇ ਹੋਏ,ਕਾਲੇ ਬਿੱਲੇ ਲਗਾ ਕੇ, ਰੋਸਮਈ ਢੰਗ ਨਾਲ ਕਾਲੇ ਝੰਡੇ ਲੈ ਕੇ ਸਾਂਤਮਈ ਸੂਬਾ ਪੱਧਰੀ ਪੈਦਰਸਨ ਕੀਤਾ ਜਾਵੇਗਾ। ਇਸ ਦਿਨ ਹੀ ਕੌਂਸਲ ਵੱਲੋਂ ਅਗਲੀ ਰਣਨੀਤੀ ਉਲੀਕ ਕੇ ਲੋਕਤੰਤਰਿਕ ਢੰਗ ਨਾਲ਼ ਤਿੱਖੇ ਸੰਘਰਸ ਦਾ ਫੈਸਲਾ ਲਿਆ ਜਾਵੇਗਾ। ਇਕ ਹੋਰ ਫੈਸਲੇ ਅਨੁਸਾਰ ਪੰਜਾਬ ਭਰ ਵਿੱਚ ਵੱਖ-2 ਇੰਜੀਨੀਅਰਿੰਗ ਵਿਭਾਗਾਂ ਵਿੱਚ ਕੰਮ ਕਰ ਰਹੇ ਜੂਨੀਅਰ ਇੰਜੀਨੀਅਰਜ਼,ਸਹਾਇਕ ਇੰਜੀਨੀਅਰਜ਼,ਪਦ ਉਨਤ- ਉਪ ਮੰਡਲ ਇੰਜੀਨੀਅਰਜ਼/ ਅਫਸਰਜ਼ ਵੱਲੋਂ 6 ਅਗਸਤ ਤੋਂ 15 ਅਗਸਤ ਤੱਕ ਦਫਤਰੀ ਕੰਮ ਕਾਜ ਬੰਦ ਕਰਦੇ ਹੋਏ ਪੂਰਨ ਰੂਪ ਵਿੱਚ ਕਾਲੇ ਬਿੱਲੇ ਲਾ ਕੇ ਰੋਸ ਮਈ ਕਲਮ ਛੋੜ ਹੜਤਾਲ ਕੀਤੀ ਜਾਵੇਗੀ। ਜਿਸ ਨਾਲ ਹੋਣ ਵਾਲੇ ਦਫਤਰੀ ਕੰਮ ਕਾਜ ਦੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

ਇਸ ਮੀਟਿੰਗ ਵਿੱਚ ਕੌਸਲ ਵੱਲੋਂ ਸਰਬਸੰਮਤੀ ਨਾਲ ਫੈਸਲਾ ਕਰ ਕੇ ਇੰਜ: ਸਤਨਾਮ ਸਿੰਘ ਮੱਟੂ ਨੂੰ ਕੋ-ਚੈਅਰਮੇਨ (ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ)ਇੰਜ: ਬਿਕਰਮਜੀਤ ਸਿੰਘ ਨੂੰ ਕੋ- ਚੇਅਰਮੈਨ, ਆਈ ਟੀ ਸੈੱਲ ਕੌਸਲ (ਲੋਕ ਨਿਰਮਾਣ ਵਿਭਾਗ, ਪੰਜਾਬ)ਇੰਜ: ਗਗਨ ਸਾਂਘਾ ਚੰਡੀਗੜ ਜ਼ੋਨ-ਕੋ ਚੈਅਰਮੇਨ ਕੌਸਲ (ਜਲ ਸਰੋਤ ਵਿਭਾਗ ਪੰਜਾਬ) ਦੀਆਂ ਨਿਯੁਕਤੀਆਂ ਕੀਤੀਆਂ ਗਏਈਆਂ। ਇਸ ਮੀਟਿੰਗ ਵਿੱਚ ਇੰਜ: ਜਗਰੂਪ ਸਿੰਘ, ਉਪ ਮੰਡਲ ਇੰਜੀਨੀਅਰ,ਇੰਜ: ਗੁਰਤੇਜ ਸਿੰਘ ਸੂਬਾ ਪ੍ਰਧਾਨ, ਇੰਜੀਨੀਅਰਜ਼ ਐਸ਼ੋਸੀਏਸ਼ਨ,ਵਾਟਰ ਸਪਲਾਈ ਤੇ ਸੀਵਰੇਜ ਬੋਰਡ,ਪੰਜਾਬ,ਇੰਜ:ਵੀ ਕੇ ਕਪੂਰ ਸਰਪੈਰਸਤ ਉਪ ਮੰਡਲ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਐਸ਼ੋਸੀਏਸ਼ਨ,ਪੰਜਾਬ, ਇੰਜ: ਹਰਵਿੰਦਰ ਸਿੰਘ ਐਸ ਡੀ ਓ ਨਗਰ ਨਿਗਮ ਲੁਧਿਆਣਾ, ਇੰਜ: ਕੁਲਦੀਪ ਸਿੰਘ ਪੰਧੇਰ ਕਨਵੀਨਰ ਗੁਰਦਾਸਪੁਰ ਜੋਨ, ਇੰਜ: ਲਖਵਿੰਦਰ ਸਿੰਘ ਪੰਨੂ ਜਿਲਾ ਚੇਅਰਮੈਨ ਕੌਸਲ ਗੁਰਦਾਸਪੁਰ ਜੋਨ,ਇੰਜ: ਕੁਲਬੀਰ ਸਿੰਘ ਬੈਨੀਪਾਲ ਕੌਸਲ ਪ੍ਰੈਸ ਸਕੱਤਰ, ਇੰਜ: ਜਰਨੈਲ ਸਿੰਘ ਭਿੰਡਰ, ਮੀਤ ਪ੍ਰਧਾਨ ਜਲ ਸਰੋਤ ਵਿਭਾਗ ਗੁਰਦਾਸਪੁਰ ਜੋਨ, ਇੰਜ:ਪਰਵਿੰਦਰ ਕੁਮਾਰ ਸੂਬਾ ਜਨਰਲ ਸਕੱਤਰ ਡੀ ਈ ਏ,ਲੋ ਨਿ ਵਿ (ਭ ਤੇ ਮ) ਇੰਜ: ਸੁਖਦੇਵ ਸਿੰਘ ਉਪ ਮੰਡਲ ਇੰਜੀਨੀਅਰ, ਸਲਾਹਕਾਰ ਡੀ ਈ ਏ ਪੰਜਾਬ ਹਾਜਰ ਹੋਏ।

**– ਸਤਨਾਮ ਸਿੰਘ ਮੱਟੂ**




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਦੇਸ਼ ਦੁਆਬਾ

# Remembering Chhatrapati Shahuji Maharaj on 119th year of 50 % Reservation for the Dalits and Backward Classes

**Prem K. Chumber**

**Editor-In-Chief: www.ambedkartimes.com**

Chhatrapati Shahu Ji Maharaj was one of the earliest pioneer-saviours of the Scheduled Castes and Backward Classes who, for the first time in the history of the country, implemented 50 percent of reservation for the Dalits and Backward Classes in government jobs



and education institutions. He also facilitated the entry of the lower castes in the temples. He was of the firm view that a handful of the upper-castes of his state hadmonopolizedall the offices of profit. All the shrines in the temples within his state, as elsewhere in rest of the country, were also monopolized by Brahmin priests. He saw to it that at least fifty percent of the shrines were to be looked after by the priests belonging to lower castes. He wanted that the lower castes should get best of the education, so that they could compete with their counterparts from the upper castes effectively. To make this a reality, he made the primary education compulsory for the lower castes in his Kingdom of the Kolhapur state.

The seminal contribution made by Chhatrapati Shahu Ji Maharaj was not limited to education and government jobs. He made concerted efforts to liberate the lower castes from the all pervasive hegemony of the Brahminical priestly class structures of socio-economic dominations by empowering them to stand on their own sources of livelihood so that they need not to depend on the evil and oppressive systems of Balutdari and Vatandari. He paved the way for the inclusion of reservation in the constitution of Independent India drafted under the Chairmanship of Babasaheb Dr. B.R. Ambedkar to whom Shahu Ji Maharaj encouraged and supported to come forward to cut the shackles of the centuries old slavery of the lower castes. "Desh Doaba" & "Ambedkar Times" weekly newspapers fondly remember and pay its deepest regards to Revered Chhatrapati Shahu Ji Maharaj on his great cause to the Dalits and Bacward Classes.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਓਲੰਪਿਕ- ਜਦੋਂ ਜਰਮਨੀ ਭਾਰਤ ਤੋਂ ਹਾਕੀ 'ਚ 8-1 ਨਾਲ ਹਾਰਿਆ ਤਾਂ ਹਿਟਲਰ ਨੇ ਧਿਆਨਚੰਦ ਨੂੰ ਇਹ ਪੇਸ਼ਕਸ਼ ਕੀਤੀ


ਇੱਕ ਉੱਚ ਅਧਿਕਾਰੀ ਦਾ ਹੁਕਮ ਸੀ, " ਧਿਆਨ ਚੰਦ, ਤੁਹਾਨੂੰ ਓਲੰਪਿਕ ਕੈਂਪ 'ਚ ਨਹੀਂ ਜਾਣਾ ਚਾਹੀਦਾ ਹੈ।" ਇਸ ਹੁਕਮ ਦਾ ਸਨਮਾਨ ਕਰਦਿਆਂ ਧਿਆਨ ਚੰਦ ਆਪਣੇ ਸਾਥੀ ਸੈਨਿਕਾਂ ਨਾਲ ਕੰਮ 'ਤੇ ਵਾਪਸ ਪਰਤ ਗਏ ਸਨ।

ਧਿਆਨ ਚੰਦ ਉੱਥੇ ਫੌਜ 'ਚ ਕੀ ਕਰ ਰਹੇ ਸਨ, ਇਸ ਬਾਰੇ ਜਾਨਣ ਤੋਂ ਬਾਅਦ ਉਨ੍ਹਾਂ ਦੇ ਕਮਾਂਡਿੰਗ ਅਫ਼ਸਰ ਨੇ ਉਨ੍ਹਾਂ ਨੂੰ ਸਾਲ 1936 ਦੇ ਬਰਲਿਨ ਓਲੰਪਿਕ ਲਈ ਅਭਿਆਸ ਕਰਨ ਲਈ ਭੇਜਿਆ। ਧਿਆਨ ਚੰਦ ਦੇ ਪੁੱਤਰ ਅਤੇ ਸਾਬਕਾ ਭਾਰਤੀ ਹਾਕੀ ਖਿਡਾਰੀ ਅਸ਼ੋਕ ਕੁਮਾਰ ਨੇ ਧਿਆਨ ਚੰਦ ਦੇ ਜੀਵਨ ਦੇ ਇੰਨ੍ਹਾਂ ਨਾਜ਼ੁਕ ਅਤੇ ਉਦਾਸੀਨ ਪਲਾਂ ਨੂੰ ਸਾਂਝਾ ਕੀਤਾ।

ਕ੍ਰਿਕਟ ਦੇ ਗੌਡਫਾਦਰ ਵੱਜੋਂ ਮਸ਼ਹੂਰ ਡੌਨ ਬ੍ਰੈਡਮੈਨ ਆਮ ਤੌਰ 'ਤੇ ਕਹਿੰਦੇ ਸਨ ਕਿ "ਉਹ ਇਸ ਤਰ੍ਹਾਂ ਗੋਲ ਕਰਦਾ ਹੈ, ਜਿਸ ਤਰ੍ਹਾਂ ਨਾਲ ਕਿ ਅਸੀਂ ਦੌੜਾਂ ਬਣਾਉਂਦੇ ਹਾਂ।" ਪੂਰੀ ਦੁਨੀਆਂ ਦੇ ਲੋਕ ਜਾਣਦੇ ਸਨ ਕਿ ਜਦੋਂ ਧਿਆਨ ਚੰਦ ਹਾਕੀ ਹੱਥ 'ਚ ਫੜਦੇ ਸਨ ਤਾਂ ਉਹ ਇੱਕ ਜਾਦੂਗਰ ਬਣ ਜਾਂਦੇ ਸਨ, ਜੋ ਕਿ ਆਪਣੀ ਹਾਕੀ ਨਾਲੋਂ ਗੇਂਦ ਨੂੰ ਵੱਖ ਹੀ ਨਹੀਂ ਹੋਣ ਦਿੰਦੇ ਸਨ।

ਸਾਲ 1936 'ਚ ਉਹ ਭਾਰਤੀ ਹਾਕੀ ਟੀਮ ਦੇ ਕਪਤਾਨ ਬਣੇ ਸਨ ਜਿਸ ਟੀਮ ਤੋਂ ਹਰ ਕੋਈ ਡਰਦਾ ਸੀ। ਉਹ ਜਹਾਜ਼ ਰਾਹੀਂ ਜਰਮਨੀ ਪਹੁੰਚੀ। ਉਨ੍ਹਾਂ ਨੇ ਜਰਮਨੀ ਪਹੁੰਚਦਿਆਂ ਹੀ ਆਰਾਮ ਕਰਨ ਦੀ ਬਜਾਇ ਅਭਿਆਸ ਮੈਚ ਖੇਡਣ ਦੇ ਪ੍ਰਸਤਾਵ ਨੂੰ ਸਵੀਕਾਰਿਆ ਸੀ। ਭਾਰਤੀ ਹਾਕੀ ਟੀਮ ਨੇ ਜਰਮਨੀ ਹਾਕੀ ਕਲੱਬ ਦੇ ਨਾਲ ਜਰਮਨੀ ਦੀ ਇੱਕ ਸਥਾਨਕ ਟੀਮ ਨਾਲ ਅਭਿਆਸ ਮੈਚ ਖੇਡਣ ਦੀ ਗੁਜ਼ਾਰਿਸ ਕੀਤੀ ਸੀ। ਇਸ ਸਥਾਨਕ ਟੀਮ ਨੇ ਮੈਦਾਨ 'ਚ ਭਾਰਤੀ ਹਾਕੀ ਟੀਮ ਨੂੰ ਤਾਰੇ ਵਿਖਾ ਦਿੱਤੇ ਸਨ। ਸ਼ਫ਼ਰ ਦੀ ਥਕਾਨ ਕਾਰਨ ਭਾਰਤੀ ਖਿਡਾਰੀ ਜਰਮਨੀ ਦਾ ਖਿਡਾਰੀਆਂ ਦੀ ਤਾਲ ਨਾਲ ਤਾਲ ਨਾ ਮਿਲਾ ਸਕੇ।





### ਜਰਮਨ ਟੀਮ ਦੇ ਹੌਸਲੇ ਹੋਏ ਬੁਲੰਦ

ਬਹੁਤ ਹੀ ਤੇਜ਼ੀ ਨਾਲ ਹਮਲਾਵਰ ਨੀਤੀ ਅਤੇ ਸ਼ਾਨਦਾਰ ਡਿਫੈਂਸ ਦੇ ਤਾਲਮੇਲ ਨਾਲ ਜਰਮਨੀ ਦੀ ਟੀਮ ਨੇ ਭਾਰਤ ਨੂੰ 4-1 ਨਾਲ ਮਾਤ ਦਿੱਤੀ। ਉਸ ਦਿਨ ਤਾਂ ਧਿਆਨ ਚੰਦ ਵੀ ਆਊਟ ਆਫ਼ ਫਾਰਮ ਸਨ। ਉਨ੍ਹਾਂ ਦਾ ਪ੍ਰਦਰਸ਼ਨ ਵੀ ਕੋਈ ਖਾਸ ਨਹੀਂ ਰਿਹਾ ਸੀ।

ਭਾਰਤੀ ਟੀਮ ਇਹ ਸਭ ਵੇਖ ਕੇ ਹੈਰਾਨ ਰਹਿ ਗਈ। ਉਹ ਇਹ ਸੋਚ ਰਹੇ ਸਨ ਕਿ ਉਹ ਜਰਮਨੀ ਦੀ ਕੌਮੀ ਹਾਕੀ ਟੀਮ ਦਾ ਮੁਕਾਬਲਾ ਕਿਵੇਂ ਕਰਨਗੇ, ਕਿਉਂਕਿ ਉਹ ਜਰਮਨੀ ਦੀ ਇੱਕ ਸਥਾਨਕ ਟੀਮ ਤੋਂ ਬੁਰੀ ਤਰ੍ਹਾਂ ਨਾਲ ਹਾਰ ਗਏ ਸਨ। ਫਿਰ ਜਰਮਨ ਹਾਕੀ ਕਲੱਬ ਨੇ ਦੱਸਿਆ ਕਿ ਉਨ੍ਹਾਂ ਨੂੰ ਅਸਲ 'ਚ ਰਾਸ਼ਟਰੀ ਟੀਮ ਦਾ ਸਾਹਮਣਾ ਕਰਨਾ ਪਿਆ ਸੀ।

ਜਰਮਨ ਟੀਮ ਦੇ ਮੈਂਬਰ ਤਤਕਾਲੀਨ ਅਜੇਤੂ ਭਾਰਤੀ ਟੀਮ ਨਾਲ ਅਭਿਆਸ ਮੈਚ ਖੇਡਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਇਸ ਤਰ੍ਹਾਂ ਨਾਲ ਆਪਣੀ ਇੱਛਾ ਪੂਰਨ ਕੀਤੀ। ਇਸ ਜਿੱਤ ਤੋਂ ਬਾਅਦ ਜਰਮਨੀ ਦੇ ਹੌਂਸਲੇ ਹੋਰ ਬੁਲੰਦ ਹੋ ਗਏ ਅਤੇ ਉਨ੍ਹਾਂ ਨੂੰ ਸੋਨ ਤਗਮਾ ਜਿੱਤਣ ਦਾ ਪੂਰਾ ਭਰੋਸਾ ਹੋ ਗਿਆ ਸੀ।

ਦੂਜੇ ਪਾਸੇ ਭਾਰਤੀ ਟੀਮ ਨੇ ਆਪਣੇ ਖੇਡ ਦੀਆਂ ਖਾਮੀਆਂ ਦਾ ਚੰਗੀ ਤਰ੍ਹਾਂ ਵਿਸ਼ੇਲਸ਼ਣ ਕੀਤਾ। ਲੇਫਟ ਵਿੰਗ ਜਾਫ਼ਰ ਵਧੀਆ ਖੇਡ ਰਿਹਾ ਸੀ ਅਤੇ ਰਾਈਟ ਵਿੰਗ ਸਹਿਬ-ਉਦ-ਦੀਨ ਵੀ ਵਧੀਆ ਪ੍ਰਦਰਸ਼ਨ ਕਰ ਰਿਹਾ ਸੀ। ਧਿਆਨ ਚੰਦ ਆਪਣੇ ਵਿਲੱਖਣ ਢੰਗ ਨਾਲ ਪਾਸ ਹਾਸਲ ਕਰ ਰਹੇ ਸਨ ਅਤੇ ਉਨ੍ਹਾਂ ਦਾ ਭਰਾ ਰੂਪ ਸਿੰਘ ਵੀ ਵਧੀਆ ਖੇਡ ਰਿਹਾ ਸੀ। ਉਹ ਵਿਸ਼ਲੇਸ਼ਣ ਕਰਦੇ ਰਹੇ। ਫਿਰ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਲਿਓਨਲ ਐਮਟ ਨਾਮ ਦਾ ਖਿਡਾਰੀ ਜਿਸ ਢੰਗ ਨਾਲ ਖੇਡ ਰਿਹਾ ਸੀ, ਉਸ ਦੇ ਤਰੀਕੇ 'ਚ ਛੋਟੀ ਜਿਹੀ ਕਮੀ ਮੌਜੂਦ ਸੀ।

### ਅਲੀ ਦਾਰਾ ਨੂੰ ਬੁਲਾਓ

ਉਨ੍ਹਾਂ ਨੇ ਫ਼ੈਸਲਾ ਲਿਆ ਕਿ ਜੇਕਰ ਐਮਟ ਦੀ ਜਗ੍ਹਾ 'ਤੇ ਅਲੀ ਇਖ਼ਤਿਆਰ ਦਾਰਾ ਨੂੰ ਖੇਡਾਇਆ ਜਾਵੇ ਤਾਂ ਜਰਮਨੀ ਦੀ ਟੀਮ ਨੂੰ ਆਸਾਨੀ ਨਾਲ ਹਰਾਇਆ ਜਾ ਸਕਦਾ ਹੈ। ਅਲੀ ਦਾਰਾ ਨੂੰ ਟੀਮ 'ਚ ਬੁਲਾਇਆ ਗਿਆ। ਦੱਸਣਯੋਗ ਹੈ ਕਿ ਇਹ ਉਹੀ ਅਲੀ ਦਾਰਾ ਸੀ ਜਿਸ ਨੇ ਕਿ ਦੇਸ਼ ਦੀ ਵੰਡ ਤੋਂ ਬਾਅਦ 1948 'ਚ ਪਾਕਿਸਤਾਨੀ ਟੀਮ ਵੱਲੋਂ ਓਲੰਪਿਕ 'ਚ ਹਿੱਸਾ ਲਿਆ ਸੀ। ਉਸ ਨੂੰ ਪਾਕਿਸਾਨੀ ਟੀਮ 'ਚ ਅਹਿਮ ਸਥਾਨ ਹਾਸਲ ਹੋਇਆ ਸੀ।

ਓਲੰਪਿਕ ਮੁਕਾਬਲੇ ਸ਼ੂਰੂ ਹੋਏ। ਆਮ ਤੌਰ 'ਤੇ ਜਿਵੇਂ-ਜਿਵੇਂ ਇੱਕ ਟੀਮ ਫਾਈਨਲ ਵੱਲ ਵੱਧਦੀ ਹੈ, ਸਕੋਰ ਕਰਨਾ ਹੋਰ ਵੀ ਮੁਸ਼ਕਲ ਹੁੰਦਾ ਜਾਂਦਾ ਹੈ। ਪਰ ਭਾਰਤ ਲਈ, ਜਿਵੇਂ-ਜਿਵੇਂ ਉਹ ਫਾਈਨਲ ਵੱਲ ਵੱਧਦਾ ਗਿਆ, ਉਹ ਜਿੱਤ ਦੇ ਅੰਤਰ ਨੂੰ ਹੋਰ ਵਧਾਉਂਦਾ ਗਿਆ। ਭਾਰਤ ਨੇ ਹੰਗਰੀ ਨੂੰ 4-0 ਅਤੇ ਅਮਰੀਕਾ ਨੂੰ 7-0 ਨਾਲ ਮਾਤ ਦਿੱਤੀ। ਇਸ ਤੋਂ ਬਾਅਦ ਜਾਪਾਨ ਨੂੰ 9-0 ਨਾਲ ਹਰਾ ਕੇ ਭਾਰਤ ਅੱਗੇ ਵਧਿਆ। ਸੈਮੀ ਫਾਈਨਲ 'ਚ ਭਾਰਤ ਦਾ ਮੁਕਾਬਲਾ ਫਰਾਂਸ ਦੇ ਨਾਲ ਸੀ। ਇਸ ਮੁਕਾਬਲੇ ਦੌਰਾਨ ਭਾਰਤ ਨੇ ਫਰਾਂਸ ਨੂੰ 10-0 ਨਾਲ ਹਰਾ ਕੇ ਸ਼ਾਨਦਾਰ ਜਿੱਤ ਦਰਜ ਕੀਤੀ ਸੀ। ਅਲੀ ਦਾਰਾ ਸੈਮੀਫਾਈਨਲ ਦੇ ਦੌਰਾਨ ਹੀ ਟੀਮ 'ਚ ਸ਼ਾਮਲ ਹੋਏ ਸਨ। ਇਸ ਸਮੇਂ ਭਾਰਤੀ ਟੀਮ ਆਪਣੀ ਜਿੱਤ ਦੀ ਇਬਾਦਤ ਲਿਖਦਿਆਂ ਪੂਰੀ ਤਰ੍ਹਾਂ ਨਾਲ ਛਾਈ ਹੋਈ ਸੀ। ਹਰ ਕਿਸੇ ਦੀਆਂ ਉਮੀਦਾਂ 'ਤੇ ਖਰਾ ਉਤਰਦਿਆਂ ਭਾਰਤ ਨੇ ਫਾਈਨਲ 'ਚ ਜਰਮਨੀ ਦਾ ਸਾਹਮਣਾ ਕੀਤਾ।

### ਫਾਈਨਲ ਮੁਕਾਬਲਾ ਸ਼ੂਰੂ ਹੋਇਆ

ਇਹ ਓਲੰਪਿਕ ਖੇਡਾਂ ਜਰਮਨੀ ਦੀ ਸਰਜ਼ਮੀਨ 'ਤੇ ਹੀ ਆਯੋਜਿਤ ਹੋ ਰਹੀਆਂ ਸਨ, ਜਿਸ ਕਰਕੇ ਘਰੇਲੂ ਮੈਦਾਨ 'ਤੇ ਖੇਡਣ ਕਾਰਨ ਜਰਮਨੀ ਦੀ ਟੀਮ ਨੂੰ ਕਈ ਫਾਈਦੇ ਵੀ ਹੋਏ। ਉਹ ਉੱਥੋਂ ਦੇ ਮੌਸਮ ਅਤੇ ਖੇਡ ਮੈਦਾਨਾਂ ਤੋਂ ਭਲੀ ਭਾਂਤੀ ਜਾਣੂ ਸਨ। ਮੈਚ ਦੇ ਸ਼ੁਰੂਆਤੀ 30 ਮਿੰਟਾਂ 'ਚ ਦੋਵੇਂ ਹੀ ਟੀਮਾਂ ਪੂਰੇ ਜ਼ੋਰ-ਸ਼ੋਰ ਨਾਲ ਇੱਕ ਦੂਜੇ ਨੂੰ ਟੱਕਰ ਦੇ ਰਹੀਆਂ ਸਨ।

ਭਾਰਤੀ ਟੀਮ ਦੇ ਕਪਤਾਨ ਧਿਆਨ ਚੰਦ ਨੇ 32ਵੇਂ ਮਿੰਟ 'ਚ ਗੋਲ ਕਰਕੇ ਆਪਣੀ ਟੀਮ ਦਾ ਖਾਤਾ ਖੋਲ੍ਹਿਆ ਜਿਸ ਨਾਲ ਪਹਿਲੇ ਅੱਧ ਤੋਂ ਬਾਅਦ ਭਾਰਤ 1-0 ਨਾਲ ਅੱਗੇ ਸੀ। ਫਾਈਨਲ ਮੁਕਾਬਲੇ ਤੋਂ ਇੱਕ ਦਿਨ ਪਹਿਲਾਂ ਉੱਥੇ ਮੀਂਹ ਪਿਆ ਸੀ, ਜਿਸ ਕਰਕੇ ਮੈਦਾਨ 'ਚ ਨਮੀ ਮੌਜੂਦ ਸੀ।

ਜਰਮਨ ਖਿਡਾਰੀਆਂ ਨੇ ਖੇਡਣ ਲਈ ਅੰਡਰਕੱਟ ਤਕਨੀਕ ਦੀ ਵਰਤੋਂ ਕੀਤੀ। ਭਾਰਤੀ ਖਿਡਾਰੀਆਂ ਨੇ ਖੇਡ ਨੂੰ ਕੰਟ੍ਰੋਲ 'ਚ ਲਿਆਉਣ ਲਈ ਬਹੁਤ ਹੀ ਸ਼ਾਨਦਾਰ ਢੰਗ ਨਾਲ ਹਾਫ਼ ਵੋਲੀ ਅਤੇ ਲਾਂਗ ਸ਼ਾਟ ਰਣਨੀਤੀ ਦੀ ਵਰਤੋਂ ਕੀਤੀ ਸੀ। ਧਿਆਨ ਚੰਦ ਆਪਣੀ ਗਤੀ ਵਧਾਉਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਨੰਗੇ ਪੈਰੀਂ ਖੇਡਣਾ ਸ਼ੂਰੂ ਕਰ ਦਿੱਤਾ ਸੀ। 16 ਅਗਸਤ, 1936 ਨੂੰ ਹਿੰਦੂ ਅਖ਼ਬਾਰ ਨੇ ਲਿਖਿਆ ਸੀ, "ਇਸ ਤਰੀਕੇ ਨੇ ਉਸ ਦੀ ਕੁਦਰਤੀ ਗਤੀ ਨੂੰ ਪ੍ਰਦਰਸ਼ਤਿ ਕਰਨ 'ਚ ਮਦਦ ਕੀਤੀ ਸੀ।" ਦੂਜੇ ਅੱਧ ਦੌਰਾਨ, 8ਵੇਂ ਮਿੰਟ 'ਤੇ ਕਾਰਲੀਲ ਟੇਪਸਲ ਨੇ ਇੱਕ ਗੋਲ ਦਾਗਿਆ। ਇਸ ਤੋਂ ਬਾਅਦ ਜਾਫ਼ਰ, ਦਾਰਾ ਅਤੇ ਧਿਆਨ ਚੰਦ ਨੇ ਗੋਲ ਕੀਤੇ। ਜਰਮਨੀ ਦੇ ਗੋਲ ਕੀਪਰ ਟੀਟੋ ਵਾਰਨਹੋਲਟਜ਼ ਦੀ ਹਿੱਟ ਦਾ ਸਾਹਮਣਾ ਕਰਦਿਆਂ ਧਿਆਨ ਚੰਦ ਨੇ ਆਪਣਾ ਦੰਦ ਗਵਾਇਆ ਸੀ। ਮੈਚ ਦੇ 51ਵੇਂ ਮਿੰਟ ਦੌਰਾਨ ਜਰਮਨੀ ਦੇ ਵੇਸ ਨੇ ਇੱਕ ਗੋਲ ਦਾਗਿਆ।

ਉਸ ਦਿਨ ਭਾਰਤੀ ਗੋਲਕੀਪਰ ਏਲਨ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ। ਉਸ ਨੇ ਜਰਮਨੀ ਦੇ ਸਕੋਰ ਕਰਨ ਦੇ ਕਈ ਯਤਨਾਂ ਨੂੰ ਅਸਫਲ ਕੀਤਾ ਸੀ। 70ਵੇਂ ਮਿੰਟ ਦੌਰਾਨ ਧਿਆਨ ਚੰਦ ਨੇ ਇੱਕ ਹੋਰ ਗੋਲ ਕੀਤਾ ਅਤੇ ਭਾਰਤ ਨੇ ਜਰਮਨੀ ਨੂੰ 8-1 ਨਾਲ ਹਰਾਇਆ। ਇਸ ਤਰ੍ਹਾਂ ਨਾਲ ਭਾਰਤ ਨੇ ਲਗਾਤਾਰ ਤੀਜੀ ਵਾਰ ਓਲੰਪਿਕ ਹਾਕੀ ਦਾ ਸੋਨ ਤਗਮਾ ਜਿੱਤਿਆ ਸੀ।

ਧਿਆਨ ਚੰਦ ਅਤੇ ਅਲੀ ਦਾਰਾ ਦੀ ਭਾਈਵਾਲੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਹਿਟਲਰ ਨੇ ਵੀ ਧਿਆਨ ਚੰਦ ਦੇ ਹੁਨਰ ਨੂੰ ਵੇਖਿਆ ਅਤੇ ਉਸ ਨੂੰ ਜਰਮਨੀ ਫੌਜ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ ਸੀ। ਹਿਟਲਰ ਨੇ ਧਿਆਨ ਚੰਦ ਨੂੰ ਉੱਚ ਅਹੁਦਾ ਦੇਣ ਦਾ ਵਾਅਦਾ ਵੀ ਕੀਤਾ ਸੀ। ਧਿਆਨ ਚੰਦ, ਜੋ ਕਿ ਉਸ ਸਮੇਂ ਭਾਰਤੀ ਫੌਜ 'ਚ ਲਾਂਸ ਨਾਇਕ ਸਨ, ਉਨ੍ਹਾਂ ਨੇ ਬਿਨ੍ਹਾਂ ਕਿਸੇ ਹਿੱਚਕਿਚਾਹਟ ਦੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ। *(ਧੰਨਵਾਦ ਸਹਿਤ)*

# ਗੁਰਦਵਾਰਾ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਤਿੰਨ ਰੋਜ਼ਾ ਗੁਰਮਤ ਕੈਂਪ ਸੁੱਖ ਸ਼ਾਂਤੀ ਨਾਲ ਨੇਪਰੇ ਚੜ੍ਹਿਆ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**



**ਫਰਿਜ਼ਨੋ (ਕੈਲੀਫੋਰਨੀਆਂ) 25 ਜੁਲਾਈ 2021-** ਸਥਾਨਿਕ ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਦੀ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਤਿੰਨ ਰੋਜ਼ਾ ਸਲਾਨਾ ਗੁਰਮਤ ਕੈਂਪ ਸੁੱਖ ਸ਼ਾਂਤੀ ਨਾਲ ਨੇਪਰੇ ਚੜ੍ਹਿਆ। ਇਸ ਕੈਂਪ ਵਿੱਚ ਦੂਰ ਦੁਰਾਡੇ ਦੇ ਸ਼ਹਿਰਾਂ ਤੋਂ ਆਏ ਨੌਜਵਾਨ ਮੁੰਡੇ ਕੁੜੀਆਂ ਨੇ ਭਾਗ ਲਿਆ। ਇਸ ਕੈਂਪ ਵਿੱਚ ਵੱਡੀ ਪੱਧਰ ਨੇ ਬੱਚਿਆ ਨੇ ਸ਼ਰਿਕਤ ਕਰਕੇ ਇਸ ਕੈਂਪ ਨੂੰ ਯਾਦਗਾਰੀ ਬਣਾਇਆ।

ਇਸ ਕੈਂਪ ਦੌਰਾਨ ਤੀਰ ਅੰਦਾਜ਼ੀ, ਘੋੜਸਵਾਰੀ, ਗੱਤਕਾ ਅਤੇ ਹੋਰ ਰਵਾਇਤੀ ਖੇਡਾਂ ਵਿੱਚ ਚੋਬਰਾ, ਮੁਟਿਆਰਾਂ ਅਤੇ ਬੱਚਿਆ ਨੇ ਆਪਣੇ ਜੌਹਰ ਵਿਖਾਏ। ਇਸ ਦੌਰਾਨ ਗੁਰਬਾਣੀ ਅਤੇ ਕੀਰਤਨ ਮੁਕਾਬਲੇ ਵੀ ਕਰਵਾਏ ਗਏ। ਜੇਤੂ ਬੱਚਿਆਂ ਨੂੰ ਸਨਮਾਨ ਚਿੰਨ ਦੇਕੇ ਨਿਵਾਜਿਆਂ ਗਿਆ। ਐਂਤਵਾਰ ਦੇ ਖਚਾਖਚ ਭਰੇ ਦੀਵਾਨ ਹਾਲ ਵਿੱਚ ਕੀਰਤਨ ਅਤੇ ਗੁਰਮੀਤ ਵਿਚਾਰਾ ਹੋਈਆ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆਂ। ਅਖੀਰ ਗੱਤਕੇ ਦੇ ਜੌਹਰ ਵਿਖਾਉਂਦੇ ਨੌਜਵਾਨ, ਨਗਾਰੇ ਦੀ ਚੋਟ ਤੇ ਗੂੰਜਦੇ ਖਾਲਸਾਈ ਨਾਹਰਿਆਂ ਨਾਲ ਇਹ ਕੈਂਪ ਸੁੱਖ ਸ਼ਾਂਤੀ ਨਾਲ ਸੰਪੰਨ ਹੋਇਆ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ


ਗੁਰਿੰਦਰਜੀਤ ਨੀਟਾ ਮਾਛੀਕੇ

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਕੁਲਵੰਤ ਧਾਲੀਆਂ

# ਯੂਟਾਹ ਵਿੱਚ ਆਏ ਰੇਤ ਦੇ ਤੂਫਾਨ ਕਾਰਨ ਹੋਈ 7 ਲੋਕਾਂ ਦੀ ਮੌਤ



**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੇ ਯੂਟਾਹ ਵਿੱਚ ਐਤਵਾਰ ਨੂੰ ਆਏ ਰੇਤ ਦੇ ਤੂਫਾਨ ਨੇ 7 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਯੂਟਾਹ ਵਿੱਚ ਹਾਈਵੇ ਪੈਟਰੋਲ ਦੇ ਅਨੁਸਾਰ, ਐਤਵਾਰ ਨੂੰ ਰੇਤ ਦੇ ਤੂਫਾਨ ਕਾਰਨ ਕਈ ਵਾਹਨਾਂ ਦੇ ਹੋਏ ਹਾਦਸਿਆਂ ਕਾਰਨ ਸੱਤ ਵਿਅਕਤੀਆਂ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਰੇਤਲੇ ਤੂਫਾਨ ਕਾਰਨ ਸ਼ਾਮ ਦੇ ਕਰੀਬ 4:30 ਵਜੇ ਵਾਹਨਾਂ ਦੀ ਟੱਕਰ ਹੋਈ । ਇਸ ਦੌਰਾਨ ਮਿਲਾਰਡ ਕਾਉਂਟੀ ਵਿੱਚ ਅੰਤਰ-ਰਾਜੀ 15 ਮਾਰਗ ਉੱਪਰ ਹੋਏ ਹਾਦਸੇ ਵਿੱਚ ਘੱਟੋ ਘੱਟ 20 ਵਾਹਨ ਸ਼ਾਮਲ ਸਨ। ਇਸ ਹਾਦਸੇ ਦੇ ਸਿਕਾਰ ਕਈ ਹੋਰ ਲੋਕਾਂ ਨੂੰ ਗੰਭੀਰ ਹਾਲਤ ਵਿੱਚ ਸਥਾਨਕ ਹਸਪਤਾਲਾਂ ਵਿੱਚ ਪਹੁੰਚਾਇਆ ਗਿਆ । ਯੂਟਾਹ ਦੇ ਗਵਰਨਰ ਸਪੈਨਸਰ ਕੌਕਸ ਨੇ ਰੇਤਲੇ ਤੂਫਾਨ ਕਾਰਨ ਗਈਆਂ ਜਾਨਾਂ ਲਈ ਦੁੱਖ ਪ੍ਰਗਟ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਤੇਜ਼ ਹਵਾਵਾਂ ਰੇਤ ਦੇ ਤੂਫਾਨ ਦਾ ਕਾਰਨ ਬਣੀਆਂ ਅਤੇ ਸੜਕ 'ਤੇ ਲੋਕਾਂ ਨੂੰ ਦੇਖਣ ਵਿੱਚ ਸਮੱਸਿਆ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਇਹ ਕਰੈਸ਼ ਹੋਇਆ। ਇਸ ਹਾਦਸੇ ਦੇ ਬਾਅਦ ਸੁਰੱਖਿਆ ਕਾਰਨਾਂ ਕਰਕੇ ਆਈ -15 ਨੂੰ ਬੰਦ ਕਰ ਦਿੱਤਾ ਗਿਆ ਸੀ।

# ਫਰਿਜ਼ਨੋ ਵਿੱਚ ਵਾਪਰੇ ਸੜਕ ਹਾਦਸੇ 'ਚ ਹੋਈ 2 ਵਿਅਕਤੀਆਂ ਦੀ ਮੌਤ



**ਫਰਿਜ਼ਨੋ (ਕੈਲੀਫੋਰਨੀਆ)–** ਫਰਿਜ਼ਨੋ ਸ਼ਹਿਰ ਦੀਆਂ ਸੜਕਾਂ ਉੱਤੇ ਹੁੰਦੇ ਹਾਦਸਿਆਂ ਨੇ ਦੋ ਵਿਅਕਤੀਆਂ ਦੀ ਜਾਨ ਲੈ ਲਈ ਹੈ। ਫਰਿਜ਼ਨੋ ਸੀ ਐੱਚ ਪੀ ਅਧਿਕਾਰੀਆਂ ਦੇ ਅਨੁਸਾਰ ਸ਼ਨੀਵਾਰ ਸ਼ਾਮ ਨੂੰ ਦੋ ਵਾਹਨਾਂ ਵਿਚਕਾਰ ਹੋਈ ਟੱਕਰ ਦੀ ਵਜ੍ਹਾ ਨਾਲ ਦੋ ਲੋਕ ਮਾਰੇ ਗਏ ਅਤੇ ਦੋ ਹੋਰ ਜ਼ਖਮੀ ਹੋ ਗਏ। ਫਰਿਜ਼ਨੋ ਸੀ ਐੱਚ ਪੀ ਅਧਿਕਾਰੀਆਂ ਨੂੰ ਹਾਵਰਡ ਐਵੀਨਿਊ ਦੇ ਨੇੜੇ ਕੈਲੀਫੋਰਨੀਆ ਐਵੀਨਿਊ ਵਿਖੇ ਹੋਏ ਹਾਦਸੇ ਦੀ ਸੂਚਨਾ ਸ਼ਨੀਵਾਰ ਰਾਤ ਦੇ 8:15 ਵਜੇ ਦੇ ਕਰੀਬ ਮਿਲੀ। ਇਸ ਹਾਦਸੇ ਸਬੰਧੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਲੇਫੋਰ-ਨੀਆ ਐਵੀਨਿਊ ਉੱਤੇ ਪੱਛਮ ਵੱਲ ਜਾ ਰਹੀ ਇੱਕ ਸ਼ੈਵਰਲੇਟ ਪਿਕਅਪ ਵਿੱਚ ਦੋ 19 ਸਾਲ ਦੇ ਬੱਚੇ ਤੇਜ਼ ਰਫਤਾਰ ਨਾਲ ਜਾ ਰਹੇ ਸਨ , ਇਸੇ ਦੌਰਾਨ ਪਿਕਅਪ ਕੰਟਰੋਲ ਤੋਂ ਬਾਹਰ ਹੋ ਕੇ ਦੂਜੇ ਪਾਸੇ ਇੱਕ ਹੋਰ ਕਾਰ ਨਾਲ ਟਕਰਾ ਗਈ। ਸੀ ਐੱਚ ਪੀ ਅਨੁਸਾਰ ਇਸ ਜਬਰਦਸਤ ਹਾਦਸੇ ਤੋਂ ਬਾਅਦ ਪਿਕਅਪ ਵਿੱਚ ਸਵਾਰ ਦੋਵਾਂ ਬੱਚਿਆਂ ਦੀ ਮੌਕੇ 'ਤੇ ਮੌਤ ਹੋ ਗਈ । ਅਧਿਕਾਰੀਆਂ ਦੁਆਰਾ ਸ਼ੈਵਰਲੇਟ ਪਿਕਅਪ ਵਿੱਚ ਸਵਾਰ ਦੋਵਾਂ ਮ੍ਰਿਤਕਾਂ ਦੀ ਪਛਾਣ ਕਰਮਨ ਦੇ ਜੋਸਫ ਰੋਡਰਿਗਜ਼ ਅਤੇ ਫਰਿਜ਼ਨੋ ਦੀ ਅਲੀਸਾ ਕੈਂਪੋਸ ਵਜੋਂ ਕੀਤੀ ਗਈ ਹੈ। ਇਸਦੇ ਇਲਾਵਾ ਦੂਜੇ ਵਾਹਨ ਦੇ ਡਰਾਈਵਰ ਅਤੇ ਯਾਤਰੀ ਦੋਵਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਉਨ੍ਹਾਂ ਨੂੰ ਇਲਾਜ ਲਈ ਕਮਿਊਨਿਟੀ ਰੀਜਨਲ ਮੈਡੀਕਲ ਸੈਂਟਰ ਲਿਜਾਇਆ ਗਿਆ। ਇਸ ਹਾਦਸੇ ਵਿੱਚ ਪਿਕਅਪ ਦੇ ਕੰਟਰੋਲ ਤੋਂ ਬਾਹਰ ਹੋਣ ਦੇ ਕਾਰਨ ਫਿਲਹਾਲ ਸਾਹਮਣੇ ਨਹੀਂ ਆਏ ਹਨ।

# ਫਲੋਰਿਡਾ ਦੀ ਅਨਾਸਤਾਸੀਜਾ ਜ਼ੋਲੋਟਿਕ ਨੇ ਜਿੱਤਿਆ ਮਹਿਲਾ ਤਾਈਕਵਾਂਡੋ ਵਿੱਚ ਗੋਲਡ ਮੈਡਲ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੀ ਅਨਾਸਤਾਸੀਜਾ ਜ਼ੋਲੋਟਿਕ ਨੇ ਟੋਕੀਓ ਉਲੰਪਿਕ ਵਿੱਚ ਐਤਵਾਰ ਨੂੰ ਰੂਸ ਦੀ ਐਥਲੀਟ ਟੈਟਿਨਾ ਮਿਨੀਨਾ ਨੂੰ 25-17 ਨਾਲ ਹਰਾ ਕੇ 57 ਕਿਲੋਗਰਾਮ ਮਹਿਲਾ ਤਾਈਕਵਾਂਡੋ ਵਿੱਚ ਪਹਿਲਾ



ਗੋਲਡ ਮੈਡਲ ਜਿੱਤਿਆ ਹੈ। ਫਲੋਰਿਡਾ ਦੀ ਰਹਿਣ ਵਾਲੀ 18 ਸਾਲ ਦੀ ਜ਼ੋਲੋਟਿਕ ਦਾ ਬਚਪਨ ਤੋਂ ਓਲੰਪਿਕ ਚੈਂਪੀਅਨ ਬਨਣ ਦਾ ਸੁਪਨਾ ਸੀ ਅਤੇ ਇਸ ਲਈ ਉਸਨੂੰ ਸਿਰਫ ਇੱਕ ਮੌਕੇ ਦੀ ਜ਼ਰੂਰਤ ਸੀ। ਓਲੰਪਿਕ ਤਾਈਕਵਾਂਡੋ ਦੇ ਫਾਈਨਲ ਵਿੱਚ ਪਹੁੰਚਣ ਵਾਲੀ ਜ਼ੋਲੋਟਿਕ ਸਿਰਫ ਚੌਥੀ ਅਮਰੀਕੀ ਅਤੇ ਦੂਜੀ ਔਰਤ ਐਥਲੀਟ ਹੈ। ਇਸ ਤੋਂ ਪਹਿਲਾਂ ਸਟੀਵਨ ਲੋਪੇਜ਼ ਨੇ ਪੁਰਸ਼ ਤਾਈਕਵਾਂਡੋ ਵਿੱਚ ਅਮਰੀਕਾ ਲਈ ਪਿਛਲੇ ਸਿਰਫ ਦੋ ਓਲੰਪਿਕ ਮੈਡਲ ਜਿੱਤੇ ਹਨ। ਟੋਕੀਓ ਉਲੰਪਿਕ ਦੇ ਮਹਿਲਾ ਤਾਈਕਵਾਂਡੋ ਦੇ ਫਾਈਨਲ ਵਿੱਚ ਜ਼ੋਲੋਟਿਕ ਅਤੇ ਮਿਨੀਨਾ ਵਿਚਕਾਰ ਮੁਕਾਬਲਾ ਕਾਫੀ ਸਖਤ ਸੀ। ਦੋਵਾਂ ਨੇ ਪਹਿਲੇ ਰਾਊਂਡ ਵਿੱਚ ਉੱਚ ਸਕੋਰ ਪ੍ਰਾਪਤ ਕੀਤੇ ਅਤੇ ਦੂਜੇ ਵਿੱਚ ਵੀ ਸਖਤ ਟੱਕਰ ਦਿੱਤੀ, ਪਰ ਜ਼ੋਲੋਟਿਕ ਨੇ ਆਪਣੀ ਰੂਸੀ ਵਿਰੋਧੀ ਨੂੰ ਅੰਤਿਮ ਰਾਊਂਡ ਵਿੱਚ ਪਛਾੜ ਕੇ ਸੋਨੇ ਦਾ ਮੈਡਲ ਆਪਣੇ ਗਲ ਪਾਇਆ ਅਤੇ ਅਮਰੀਕਾ ਦਾ ਨਾਮ ਰੌਸ਼ਨ ਕੀਤਾ।

# ਮਿਸ਼ੀਗਨ ਵਿੱਚ ਆਏ ਤੂਫਾਨ ਨੇ ਕੀਤੀ ਹਜਾਰਾਂ ਘਰਾਂ ਦੀ ਬਿਜਲੀ ਬੰਦ



**ਫਰਿਜ਼ਨੋ (ਕੈਲੀਫੋਰਨੀਆ)–** ਮਿਸ਼ੀਗਨ ਵਿੱਚ ਕਈ ਖੇਤਰਾਂ ਨੇ ਸ਼ਨੀਵਾਰ ਰਾਤ ਨੂੰ ਭਾਰੀ ਮੀਂਹ, ਤੂਫਾਨ ਦਾ ਸਾਹਮਣਾ ਕੀਤਾ। ਇਸ ਤੂਫਾਨੀ ਮੌਸਮ ਨੇ ਹਜਾਰਾਂ ਘਰਾਂ ਦੀ ਬਿਜਲੀ ਸਪਲਾਈ ਨੂੰ ਪ੍ਰਭਾਵਿਤ ਕੀਤਾ। ਰਿਪੋਰਟਾਂ ਅਨੁਸਾਰ ਡੀਟ੍ਰੋਇਟ ਇਲਾਕੇ ਵਿੱਚ ਸ਼ਨੀਵਾਰ ਰਾਤ ਨੂੰ ਤੂਫਾਨ ਆਉਣ ਤੋਂ ਬਾਅਦ ਮਿਸ਼ੀਗਨ ਵਿਚ ਤਕਰੀਬਨ 140,000 ਲੋਕਾਂ ਨੇ ਬੰਦ ਬਿਜਲੀ ਦਾ ਸਾਹਮਣਾ ਕੀਤਾ। ਇਸ ਸਬੰਧੀ ਰਿਪੋਰਟ ਅਨੁਸਾਰ ਸਟੇਟ ਦੇ ਤਕਰੀਬਨ 138,990 ਲੋਕ ਬਿਜਲੀ ਤੋਂ ਵਾਂਝੇ ਰਹੇ। ਇਸ ਦੌਰਾਨ ਭਿਆਨਕ ਤੂਫਾਨਾਂ ਨੇ ਡੀਟ੍ਰੋਇਟ ਮੈਟਰੋ ਖੇਤਰ ਵਿੱਚ ਆਪਣਾ ਪ੍ਰਭਾਵ ਦਿਖਾਇਆ ਅਤੇ ਆਰਮਾਡਾ ਸਮੇਤ ਕਈ ਹੋਰ ਇਲਾਕਿਆਂ ਵਿੱਚ ਵੀ ਤੂਫਾਨ ਨੇ ਦਸਤਕ ਦਿੱਤੀ। ਇਸ ਤੂਫਾਨ ਨੇ ਰੁੱਖਾਂ, ਘਰਾਂ ਅਤੇ ਕਾਰੋਬਾਰਾਂ ਆਦਿ ਦਾ ਵੱਡਾ ਨੁਕਸਾਨ ਕੀਤਾ। ਅਧਿਕਾਰੀਆਂ ਅਨੁਸਾਰ ਇਸ ਤੂਫਾਨ ਕਰਕੇ।ਬਿਜਲੀ ਦੀਆਂ ਲਾਈਨਾਂ ਦਾ ਕਾਫੀ ਨੁਕਸਾਨ ਹੋਇਆ ਹੈ। ਇਸ ਦੌਰਾਨ ਡੀਟ੍ਰੋਇਟ ਪੁਲਿਸ ਵਿਭਾਗ ਨੇ ਇਲਾਕਾ ਨਿਵਾਸੀਆਂ ਲਈ ਇੱਕ ਅਲਰਟ ਜਾਰੀ ਕਰਦਿਆਂ ਸੜਕਾਂ 'ਤੇ ਭਰੇ ਪਾਣੀ ਕਾਰਨ ਉਨ੍ਹਾਂ ਨੂੰ ਸੜਕਾਂ 'ਤੇ ਨਾ ਜਾਣ ਦੀ ਅਪੀਲ ਕੀਤੀ ਸੀ।

# ਨਵਜੋਤ ਸਿੰਘ ਸਿੱਧੂ ਦੇ ਪ੍ਰਧਾਨ ਅਤੇ ਪਵਨ ਗੋਇਲ ਦੇ ਕਾਰਜਕਾਰੀ ਪ੍ਰਧਾਨ ਬਣਨ ਦੀ ਖੁਸ਼ੀ ਵਿੱਚ ਕਾਂਗਰਸੀ ਵਰਕਰਾਂ ਨੇ ਵੰਡੇ ਲੱਡੂ



**ਫਰਿਜ਼ਨੋ (ਕੈਲੀਫੋਰਨੀਆਂ) 25 ਜੁਲਾਈ 2021–** ਆਲ ਇੰਡੀਆ ਕਾਂਗਰਸ ਕਮੇਟੀ ਦੀ ਹਾਈ-ਕਮਾਂਡ ਵੱਲੋਂ ਬਹੁਚਰਚਤ ਕਾਂਗਰਸੀ ਲੀਡਰ ਨਵਜੋਤ ਸਿੱਧੂ ਨੂੰ ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਬਨਣ ਅਤੇ ਸਾਬਕਾ ਮੰਤਰੀ ਪੰਜਾਬ ਸਵ. ਭਗਵਾਨ ਦਾਸ ਗੋਇਲ ਦੇ ਬੇਟੇ ਅਤੇ ਸੀਨੀਅਰ ਕਾਂਗਰਸੀ ਆਗੂ ਪਵਨ ਗੋਇਲ ਨੂੰ ਕਾਰਜਕਾਰੀ ਪ੍ਰਧਾਨ ਬਣਾਏ ਜਾਣ ਦੀ ਖੁਸ਼ੀ ਵਿੱਚ ਪੂਰੀ ਦੁਨੀਆਂ ਦੇ ਕਾਂਗਰਸੀ ਆਗੂਆਂ ਅਤੇ ਵਲੰਟੀਅਰਾਂ ਵਿੱਚ ਖੁਸ਼ੀ ਦੀ ਲਹਿਰ ਹੈ। ਇਸੇ ਕੜੀ ਤਹਿਤ ਫਰਿਜ਼ਨੋ ਦੇ ਕਾਂਗਰਸੀ ਮੈਂਬਰਾਂ ਦੀ ਇੱਕ ਅਹਿਮ ਮੀਟਿੰਗ ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਸ਼ਰਮਾਂ ਦੇ ਸਟੋਰ ਵਿਖੇ ਹੋਈ। ਇਸ ਮੌਕੇ ਕਾਂਗਰਸੀ ਵਰਕਰ ਡਾਕਟਰ ਕੇਵਲ ਗਰਗ, ਜਗਰੂਪ ਸਿੰਘ ਸੈਦੋਕੇ, ਪੰਮਾ ਸੈਦੋਕੇ, ਗੋਗੀ ਸੈਦੋਕੇ, ਉਧਮ ਸਿੰਘ, ਮਾਸਟਰ ਦਲਬਾਰਾ ਸਿੰਘ, ਸੰਤੋਖ ਸਿੰਘ ਢਿੱਲੋਂ, ਜਸਵਿੰਦਰ ਸਿੰਘ ਸ਼ਰਮਾ, ਰੇਸ਼ਮ ਸਿੰਘ, ਹਰਧੀਰ ਸਿੰਘ ਸਰਪੰਚ (ਫੂਲੇਆਲ) ਆਦਿ ਸੱਜਣ ਮਜੂਦ ਰਹੇ। ਇਸ ਮੌਕੇ ਕਮਲ ਗਰਗ, ਯੋਗੇਸ਼ ਬਾਂਸਲ ਨੇ ਕਨੇਡਾ ਤੋਂ ਫ਼ੋਨ ਰਾਹੀਂ ਵਰਕਰਾਂ ਨਾਲ ਖੁਸ਼ੀ ਸਾਂਝੀ ਕੀਤੀ ਅਤੇ ਡਾ. ਕੇਵਲ ਗਰਗ ਅਤੇ ਪਰਿਵਾਰ ਨੂੰ ਪਵਨ ਗੋਇਲ ਦੇ ਐਕਟਿੰਗ ਪ੍ਰਧਾਨ ਬਣਨ ਦੀ ਵਧਾਈ ਦਿੱਤੀ। ਇਸ ਮੌਕੇ ਸੰਤੋਖ ਸਿੰਘ ਢਿੱਲੋਂ, ਡਾ. ਕੇਵਲ ਗਰਗ ਅਤੇ ਜਗਰੂਪ ਸਿੰਘ ਸੈਦੋਕੇ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੀ ਦੇ ਪ੍ਰਧਾਨ ਅਤੇ ਪਵਨ ਗੋਇਲ ਦੇ ਕਾਰਜਕਾਰੀ ਪ੍ਰਧਾਨ ਬਣਨ ਨਾਲ ਕਾਂਗਰਸੀ ਵਰਕਰਾਂ ਵਿੱਚ ਇੱਕ ਨਵਾਂ ਜੋਸ਼ ਵੇਖਣ ਨੂੰ ਮਿਲਿਆ ਹੈ, ਅਤੇ ਸਿੱਧੂ ਸਾਬ੍ਹ ਤੋ ਬਹੁਤ ਉਮੀਦਾਂ ਨੇ ਅਤੇ ਆਸ ਕਰਦੇ ਹਾਂ ਕਿ ਪੰਜਾਬ ਦੀ ਭਲਾਈ ਲਈ ਉਹ ਹਰ ਕਾਂਗਰਸੀ ਵਰਕਰ ਨੂੰ ਨਾਲ ਲੈਕੇ ਚੱਲਣਗੇ। ਇਸੇ ਤਰੀਕੇ ਉਹਨਾਂ ਹਿੰਦੂ ਭਾਈਚਾਰੇ ਵਿੱਚੋਂ ਪਵਨ ਗੋਇਲ ਨੂੰ ਕਾਰਜਕਾਰੀ ਪ੍ਰਧਾਨ ਬਣਾਉਣ ਲਈ ਕਾਂਗਰਸ ਹਾਈ ਕਮਾਂਡ ਦਾ ਧੰਨਵਾਦ ਕੀਤਾ ਅਤੇ ਉਹਨਾਂ ਕਿਹਾ ਪਵਨ ਗੋਇਲ ਬਹੁਤ ਮਿਹਨਤੀ ਅਣਥੱਕ ਕਾਗਰਸੀ ਆਗੂ ਹੈ ਅਤੇ ਉਹਨਾਂ ਦੇ ਕਾਰਜਕਾਰੀ ਪ੍ਰਧਾਨ ਬਣਨ ਨਾਲ ਹਿੰਦੂ ਭਾਈਚਾਰੇ ਨੂੰ ਅਹਿਮ ਨੁਮਾਇੰਦਗੀ ਮਿਲੀ ਹੈ ਅਤੇ ਇਸ ਨਾਲ ਸ਼ਹਿਰੀ ਵੋਟ ਨੂੰ ਬੇਮਿਸਾਲ ਹੁੰਗਾਰਾ ਮਿਲੇਗਾ। ਅੰਤ ਵਿੱਚ ਕਾਗਰਸੀ ਵਰਕਰਾਂ ਨੇ ਇੱਕ ਦੂਜੇ ਦੇ ਮੂੰਹ ਵਿੱਚ ਲੱਡੂ ਪਾਕੇ ਖੁਸ਼ੀ ਦਾ ਇਜ਼ਹਾਰ ਕੀਤਾ।

# ਨਿਊਯਾਰਕ ਵਿੱਚ ਨਸਲੀ ਵਿਰੋਧ ਦਾ ਸਿਕਾਰ ਜਾਰਜ ਫਲਾਇਡ ਦੇ ਬੁੱਤ ਨੂੰ ਕੀਤਾ ਜਾਵੇਗਾ ਤਬਦੀਲ




**ਫਰਿਜ਼ਨੋ (ਕੈਲੀਫੋਰਨੀਆਂ) 25 ਜੁਲਾਈ 2021–** ਨਿਊਯਾਰਕ ਦੇ ਬਰੁਕਲਿਨ ਵਿੱਚ ਸਥਿਤ ਜਾਰਜ ਫਲਾਇਡ ਦੀ ਮੂਰਤੀ ਜੋ ਕਿ ਨਸਲੀ ਵਿਰੋਧ ਦੇ ਹਿੱਸੇ ਵਜੋਂ ਨੁਕਸਾਨੀ ਗਈ ਸੀ ਨੂੰ ਸਾਫ ਕਰ ਦਿੱਤਾ ਗਿਆ ਹੈ । ਇਸ ਮੂਰਤੀ ਨੂੰ ਹੁਣ ਮੈਨਹੱਟਨ ਦੇ ਯੂਨੀਅਨ ਸਕੁਏਰ ਵਿੱਚ ਤਬਦੀਲ ਕੀਤਾ ਜਾਵੇਗਾ। ਜਾਰਜ ਫਲਾਇਡ ਦੇ ਇਸ ਬੁੱਤ ਦਾ 19 ਜੂਨ ਦੀ ਛੁੱਟੀ ਦੌਰਾਨ ਫਲੈਟਬਸ਼ ਐਵੀਨਿਊ ਵਿਖੇ ਉਦਘਾਟਨ ਕੀਤਾ ਗਿਆ ਸੀ ਪਰ ਸਥਾਪਨਾ ਦੇ ਤਕਰੀਬਨ ਪੰਜ ਦਿਨ ਬਾਅਦ ਹੀ 24 ਜੂਨ ਨੂੰ, ਇਸ ਮੂਰਤੀ ਨੂੰ ਕਾਲੇ ਰੰਗ ਰੰਗ ਦਿੱਤਾ ਅਤੇ ਇੱਕ ਚਿੱਟੇ ਸਮੂਹ ਦੇ ਲੋਗੋ ਨਾਲ ਵੀ ਮਾਰਕ ਕੀਤਾ ਗਿਆ। ਪਰ ਉਸ ਸਮੂਹ ਦੇ ਮੈਂਬਰ ਜਿਨ੍ਹਾਂ ਨੇ ਬੁੱਤ ਨੂੰ ਬੜੀ ਮਿਹਨਤ ਨਾਲ ਸਥਾਪਿਤ ਕੀਤਾ ਸੀ ਨੇ ਬੁੱਤ ਨੂੰ ਸਾਫ ਕੀਤਾ ਅਤੇ ਸਥਾਨਕ ਵਸਨੀਕਾਂ ਦੇ ਨਾਲ ਜਾਰਜ ਫਲਾਇਡ ਦਾ ਭਰਾ ਇਸ ਹਫਤੇ, ਸਤੰਬਰ ਵਿੱਚ ਇਸ ਬੁੱਤ ਦੀ ਐਗਜ਼ੀਬਿਸ਼ਨ ਲਈ ਤਬਦੀਲੀ ਕਰਨ ਦੀ ਯੋਜਨਾ ਦੇ ਸਮੇਂ ਤੋਂ ਪਹਿਲਾਂ ਵਿਦਾਈ ਕਰਨ ਲਈ ਇਕੱਠੇ ਹੋਏ। ਇਸ ਬੁੱਤ ਨੂੰ ਲੋਕਾਂ ਨੇ ਸਾਫ ਕਰਨ ਲਈ ਕਈ ਘੰਟੇ ਬਿਤਾਏ। ਹੋਰ ਜਿਆਦਾ ਸਫਾਈ ਲਈ ਬੁੱਤ ਸੋਮਵਾਰ ਨੂੰ ਇੱਕ ਸਟੂਡੀਓ 'ਚ ਵਾਪਸ ਭੇਜਿਆ ਜਾ ਰਿਹਾ ਹੈ। ਜਿਕਰਯੋਗ ਹੈ ਕਿ ਜਾਰਜ ਫਲਾਇਡ ਦੇ ਬੁੱਤ ਨਾਲ ਛੇੜਖਾਨੀ ਦੇ ਮਾਮਲੇ ਵਿੱਚ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ।

# ਮੌਤ ਦੀ ਸਜ਼ਾ ਪ੍ਰਾਪਤ ਕੈਦੀ ਦੀ ਜੇਲ੍ਹ ਵਿੱਚ ਹੋਈ ਮੌਤ

**ਫਰਿਜ਼ਨੋ (ਕੈਲੀਫੋਰਨੀਆ)–** ਕੈਲੀਫੋਰਨੀਆ ਵਿੱਚ ਮੌਤ ਦੀ ਸਜਾ ਪ੍ਰਾਪਤ ਇੱਕ ਸੀਰੀਅਲ ਕਿੱਲਰ ਦੀ ਜੇਲ੍ਹ ਵਿੱਚ ਮੌਤ ਹੋ ਗਈ ਹੈ । ਇਸ ਬਾਰੇ ਕੈਲੀਫੋਰਨੀਆ ਦੇ ਡਿਪਾਰਟਮੈਂਟ ਆਫ ਕੋਰੈਕਸ਼ਨਜ ਨੇ ਜਾਣਕਾਰੀ ਦਿੱਤੀ ਕਿ ਰਾਡਨੀ ਜੇਮਜ਼ ਅਲਕਲਾ ਨਾਮ ਦੇ 77 ਸਾਲਾਂ ਕੈਦੀ ਦੀ ਸ਼ਨੀਵਾਰ ਸਵੇਰੇ ਕੁਦਰਤੀ ਕਾਰਨਾਂ ਕਰਕੇ ਜੇਲ੍ਹ ਵਿੱਚ ਮੌਤ ਹੋ ਗਈ ਹੈ। 1978 ਵਿੱਚ ਟੈਲੀਵੀਜ਼ਨ ਸ਼ੋਅ "ਦਿ ਡੇਟਿੰਗ ਗੇਮ" ਵਿੱਚ ਪੇਸ਼ ਹੋਣ ਤੋਂ ਬਾਅਦ ਇਸ ਅਪਰਾਧੀ ਨੂੰ "ਦਿ ਡੇਟਿੰਗ ਗੇਮ ਕਿੱਲਰ" ਵਜੋਂ ਜਾਣਿਆ ਜਾਂਦਾ ਸੀ। ਅਲਕਲਾ ਦਾ ਨਾਮ ਕੈਲੀਫੋਰਨੀਆ, ਵਾਸ਼ਿੰਗਟਨ, ਨਿਊਯਾਰਕ, ਨਿਊ ਹੈਂਪਸ਼ਾਇਰ, ਵਾਇਓਮਿੰਗ, ਵਿੱਚ ਹੋਏ ਕਈ ਦਰਜਨਾਂ ਕਤਲਾਂ ਨਾਲ ਜੋੜਿਆ ਜਾਂਦਾ ਹੈ। ਰੋਡਨੀ ਜੇਮਜ਼ ਅਲਕਲਾ ਇੱਕ ਅਮਰੀਕੀ ਸੀਰੀਅਲ ਕਾਤਲ ਸੀ ਜਿਸ ਨੂੰ ਕੈਲੀਫੋਰਨੀਆ ਵਿੱਚ 1977 ਤੋਂ 1979 ਦਰਮਿਆਨ ਕੀਤੇ ਗਏ ਪੰਜ ਕਤਲਾਂ ਦੇ ਲਈ ਮੌਤ ਦੀ ਸਜ਼ਾ ਸੁਣਾਈ ਗਈ ਸੀ ਅਤੇ ਨਿਊ ਯਾਰਕ ਵਿੱਚ ਹੋਏ ਦੋ ਕਤਲਾਂ ਲਈ ਦੋਸ਼ੀ ਮੰਨਦਿਆਂ ਉਸ ਨੂੰ ਉਮਰ ਕੈਦ ਦੀ 25 ਸਾਲ ਦੀ ਵਾਧੂ ਸਜ਼ਾ ਮਿਲੀ ਸੀ। ਅਲਕਲਾ ਨੂੰ 1979 ਵਿੱਚ ਕੀਤੇ 12 ਸਾਲਾਂ ਰੋਬਿਨ ਸਮਸੋਏ ਦੀ ਹੱਤਿਆ ਦੇ ਦੋਸ਼ ਵਿੱਚ 1980 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ।

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਕੈਲੀਫੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ ਅੱਗੇ ਬੇਵੱਸ ਨਜਰ ਆ ਰਹੇ ਹਨ- 'ਫਾਇਰ ਫਾਈਟਰ

**ਸੈਕਰਾਮੈਂਟੋ 26 ਜੁਲਾਈ–** ਕੈਲੀਫੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ ਅਨੇਕਾਂ ਬਹੁ ਮੰਤਵੀ ਇਮਾਰਤਾਂ ਤੇ ਘਰਾਂ ਨੂੰ ਸਾੜ ਕੇ ਸਵਾਹ ਕਰ ਚੁੱਕੀ ਹੈ ਤੇ ਹਜਾਰਾਂ ਹੋਰ ਇਮਾਰਤਾਂ ਦੇ ਸੜਨ ਦਾ ਖਤਰਾ ਬਣਿਆ ਹੋਇਆ ਹੈ ਪਰੰਤੂ ਅੱਗ ਲੱਗਣ ਤੋਂ 12 ਦਿਨਾਂ ਬਾਅਦ ਵੀ ਇਸ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ। ਅੱਗ ਬੁਝਾਊ ਅਮਲਾ ਬੇਵੱਸ ਨਜਰ ਆ ਰਿਹਾ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਦੂਰ ਦੁਰਾਡੇ ਖੇਤਰ ਵਿਚ ਲੱਗੀ ਅੱਗ ਸਾਧਨਾਂ ਦੀ ਘਾਟ ਕਾਰਨ ਬੁੱਝ ਨਹੀਂ ਸਕੀ। ਡਿਕਸੀ ਵਿਚ ਲੱਗੀ ਅੱਗ ਤਕਰੀਬਨ 2 ਲੱਖ ਏਕੜ ਵਿਚ ਫੈਲ ਚੁੱਕੀ ਹੈ ਜਿਸ ਉਪਰ ਕਾਬੂ ਪਾਉਣ ਲਈ 5 ਹਜਾਰ ਅੱਗ ਬੁਝਾਊ ਅਮਲੇ ਦੇ ਮੈਂਬਰ ਯਤਨ ਕਰ ਰਹੇ ਹਨ। ਲੰਘੀ ਰਾਤ ਅੱਗ ਘਟਣ ਦੀ ਬਜਾਏ ਨਾਲ ਲੱਗਦੇ ਜੰਗਲੀ ਖੇਤਰ ਵਿਚ ਵੀ ਫੈਲ ਗਈ ਹੈ। ਅੱਗ ਜੋ 14 ਜੁਲਾਈ ਨੂੰ ਲੱਗੀ ਸੀ, ਹੁਣ ਤੱਕ 20 ਤੋਂ ਵਧ ਇਮਾਰਤਾਂ ਨੂੰ ਤਬਾਹ ਕਰ ਚੁੱਕੀ ਹੈ ਜਿਸ ਵਿਚ ਵਪਾਰਕ ਤੇ ਹੋਰ ਇਮਾਰਤਾਂ ਸ਼ਾਮਿਲ ਹਨ। ਕੈਲੀਫੋਰਨੀਆ ਦੇ ਅਧਿਕਾਰੀਆਂ ਅਨੁਸਾਰ ਬੂਟੇ ਤੇ ਪਲੂਮਸ ਕਾਊਂਟੀਆਂ ਵਿਚ 10,700 ਤੋਂ ਵਧ ਇਮਾਰਤਾਂ ਨੂੰ ਖਤਰਾ ਬਣਿਆ ਹੋਇਆ ਹੈ। ਅੱਗ ਰਾਸ਼ਟਰੀ ਮਾਰਗ 70 ਤੇ 89 ਨੂੰ ਪਾਰ ਕਰ ਗਈ ਹੈ ਜਿਸ ਕਾਰਨ ਪੈਕਸਟਨ ਤੇ ਇੰਡਿਆਨ ਫਾਲਜ਼ ਵਿਚ ਰਹਿੰਦੇ ਲੋਕਾਂ ਲਈ ਖਤਰਾ ਪੈਦਾ ਹੋ ਗਿਆ ਹੈ। ਅੱਗ ਨਾਲ ਪ੍ਰਭਾਵਿਤ ਖੇਤਰ ਵਿਚੋਂ ਲੋਕ ਸੁਰ-ੱਖਿਅਤ ਥਾਵਾਂ 'ਤੇ ਜਾਣ ਲਈ ਮਜਬੂਰ ਹਨ। ਕਰੇਸੈਂਟ ਮਿਲਜ ਖੇਤਰ ਵਿਚ ਘੋੜਿਆਂ ਦੇ ਫਾਰਮਾਂ ਨੂੰ ਵੀ ਖਤਰਾ ਪੈਦਾ ਹੋ ਗਿਆ ਹੈ। ਲੋਕ ਘੋੜਿਆਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣ ਲਈ ਟਰੇਲਰਾਂ ਦੀ ਉਡੀਕ ਕਰ ਰਹੇ ਹਨ। ਅੱਗ ਦੀ ਭਿਆਨਕਤਾ ਨੂੰ ਵੇਖਦਿਆਂ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ 4 ਕਾਊਂਟੀਆਂ ਵਿਚ ਹੰਗਾਮੀ ਸਥਿੱਤੀ ਦਾ ਐਲਾਨ ਕਰ ਦਿੱਤਾ ਹੈ। ਇਨਾਂ ਕਾਊਂਟੀਆਂ ਵਿਚ ਐਲਪਾਈਨ, ਲਾਸਨ, ਪਲੂਮਸ ਤੇ ਬੂਟੇ ਸ਼ਾਮਿਲ ਹਨ। ਉਨਾਂ ਨੇ ਅਧਿਕਾਰੀਆਂ ਨੂੰ ਅੱਗ ਉਪਰ ਕਾਬੂ ਪਾਉਣ ਲਈ ਸਾਰੇ ਉਪਲਬੱਧ ਸਾਧਨਾਂ ਦੀ ਵਰਤੋਂ ਕਰਨ ਲਈ ਕਿਹਾ ਹੈ।





ਲੋਕਾਂ ਦਾ ਕਹਿਣਾ ਹੈ ਕਿ ਏਨੀ ਭਿਆਨਕ ਅੱਗ ਉਨਾਂ ਨੇ ਕਦੇ ਵੀ ਨਹੀਂ ਦੇਖੀ। ਇਹ ਅੱਗ ਹੁਣ ਤੱਕ ਲੱਗੀਆਂ 86 ਭਿਆਨਕ ਅੱਗਾਂ ਵਿਚ ਸ਼ਾਮਿਲ ਹੋ ਗਈ ਹੈ। ਜਿਆਦਾਤਰ ਅੱਗ ਲੱਗਣ ਦੀਆਂ ਘਟਨਾਵਾਂ ਪੱਛਮੀ ਖੇਤਰ ਵਿਚ ਵਾਪਰੀਆਂ ਹਨ ਜਿਨਾਂ ਵਿਚ 14 ਲੱਖ ਏਕੜ ਜੰਗਲੀ ਰਕਬਾ ਸੜ ਚੁੱਕਾ ਹੈ। ਅੱਗ ਨਾਲ ਹੋਏ ਨੁਕਸਾਨ ਦਾ ਪਤਾ ਖੇਤਰ ਦੇ ਸਰਵੇਖਣ ਤੋਂ ਬਾਅਦ ਹੀ ਲੱਗੇਗਾ।

# ਕੈਲੀਫੋਰਨੀਆ ਵਿਚ ਸੋਕੇ ਨੇ ਜੀਣਾ ਕੀਤਾ ਮੁਹਾਲ, ਪਾਣੀ ਦੀ ਚੋਰੀ ਵਧੀ

**ਸੈਕਰਾਮੈਂਟੋ 24 ਜੁਲਾਈ–** ਕੈਲੀਫੋਰਨੀਆ ਵਿਚ ਨਹਿਰਾਂ ਸੁੱਕ ਗਈਆਂ ਹਨ ਤੇ ਪਾਣੀ ਦੀ ਕਿੱਲਤ ਵਧ ਗਈ ਹੈ ਜਿਸ ਕਾਰਨ ਪਾਣੀ ਦੀ ਚੋਰੀ ਦੀਆਂ ਘਟਨਾਵਾਂ ਵਧ ਰਹੀਆਂ ਹਨ। ਚੋਰ ਕਾਨੂੰਨੀ ਪਾਣੀ ਦੇ ਭੰਡਾਰਾਂ ਵਿਚੋਂ ਅਰਬਾਂ ਗੈਲਨ ਪਾਣੀ ਦੇ ਚੋਰੀ ਕਰਕੇ ਲੈ ਗਏ ਹਨ। ਰਾਜ ਪੱਧਰ ਦੇ ਤੇ ਸਥਾਨਕ ਅਧਿਕਾਰੀਆਂ ਅਨੁਸਾਰ ਪਾਣੀ ਦੀ ਚੋਰੀ ਕੋਈ ਨਵਾਂ ਮੁੱਦਾ ਨਹੀਂ ਹੈ ਪਰੰਤੂ ਇਸ ਸਮੇਂ ਸੋਕੇ ਕਾਰਨ ਪਾਣੀ ਦੀ ਚੋਰੀ ਰਿਕਾਰਡ ਪੱਧਰ ਉਪਰ ਵਧ ਗਈ ਹੈ। ਚੋਰ ਆਪਣੀ ਭੰਗ ਤੇ ਹੋਰ ਨਸ਼ੀਲੇ ਪਦਾਰਥਾਂ ਦੀ ਗੈਰ ਕਾਨੂੰਨੀ ਫਸਲ ਨੂੰ ਪਾਣੀ ਦੇਣ ਲਈ ਚੋਰੀ ਕਰਦੇ ਹਨ। ਕੈਲੀਫੋਰਨੀਆ ਦੇ 'ਫਿਸ਼ ਐਂਡ ਵਾਇਲਡ ਲਾਈਫ ਮੈਰੀਜੁਆਨਾ ਇਨਫੋਰਸਮੇਂਟ ਟੀਮ ਦੇ ਸਾਬਕਾ ਮੁੱਖੀ ਜੌਹਨ



ਨੋਰਸ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪਾਣੀ ਦੀ ਚੋਰੀ ਦਾ ਮੁੱਦਾ ਕਦੀ ਵੀ ਏਨਾ ਗੰਭੀਰ ਨਹੀਂ ਰਿਹਾ ਜਿੰਨਾ ਅੱਜ ਹੈ। ਇਹ ਚੋਰੀ ਆਮ ਕਰਕੇ ਦਿਹਾਤੀ ਖੇਤਰਾਂ ਵਿਚ ਹੁੰਦੀ ਹੈ। ਜੌਹਨ ਅਨੁਸਾਰ ਇਕ ਮੋਟੇ ਅੰਦਾਜ਼ੇ ਅਨੁਸਾਰ ਰਾਜ ਵਿਚ 2013 ਤੋਂ ਲੈ ਕੇ 12 ਅਰਬ ਗੈਲਨ ਪਾਣੀ ਦੀ ਚੋਰੀ ਹੋਈ ਹੈ।

ਇਸ ਚੋਰੀ ਕਾਰਨ ਕਾਨੂੰਨੀ ਖੇਤੀ ਕਰਨ ਵਾਲੇ ਕਿਸਾਨ ਪ੍ਰਭਾਵਿਤ ਹੋ ਰਹੇ ਹਨ। ਚੋਰ ਡਰਾ ਧਮਕਾ ਕੇ ਵੀ ਪਾਣੀ ਦੀ ਚੋਰੀ ਕਰਦੇ ਹਨ। ਇਥੇ ਜਿਕਰਯੋਗ ਹੈ ਕਿ ਸੋਕੇ ਕਾਰਨ ਹੀ ਕੈਲੀਫੋਰਨੀਆ ਦੇ ਜੰਗਲਾਂ ਵਿਚ ਇਸ ਸਾਲ ਅੱਗਾਂ ਲੱਗਣ ਦੀਆਂ ਕਈ ਘਟਨਾਵਾਂ ਹੋਈਆਂ ਹਨ । ਹਜ਼ਾਰਾਂ ਏਕੜ ਜੰਗਲ ਸੜ ਕੇ ਸਵਾਹ ਹੋ ਗਏ ਹਨ।

# ਭਾਰਤੀ ਮੂਲ ਦਾ ਅਮਰੀਕੀ ਨੌਜਵਾਨ ਆਪਣੇ ਪਿਤਾ ਦੀ ਹੱਤਿਆ ਦੇ ਦੋਸ਼ ਵਿੱਚ ਗ੍ਰਿਫਤਾਰ

**ਸੈਕਰਾਮੈਂਟੋ 24 ਜੁਲਾਈ–** ਅਸਹਿਣਸ਼ੀਲਤਾ ਕਿਸ ਹੱਦ ਤੱਕ ਵਧ ਗਈ ਹੈ ਉਸ ਦਾ ਅੰਦਾਜ਼ਾ ਜਾਰਜੀਆ, ਫੋਰਸਿਥ ਕਾਊਂਟੀ, ਵਿਚ ਵਾਪਰੀ ਘਟਨਾ ਤੋਂ ਲੱਗਦਾ ਜਿਸ ਵਿਚ ਇਕ ਭਾਰਤੀ ਮੂਲ ਦੇ 25 ਸਾਲਾ ਨੌਜਵਾਨ ਨੇ ਤਕਰਾਰ ਤੋਂ ਬਾਅਦ ਕਥਿਤ ਤੌਰ 'ਤੇ ਆਪਣੇ ਪਿਤਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। 25 ਸਾਲਾ ਰਾਜੀਵ ਕੁਮਾਰਾਸਵਾਮੀ ਨੂੰ ਪੁਲਿਸ ਨੇ ਹੱਤਿਆ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਹੈ। ਅਪਰਾਧ ਸ਼ਾਖਾ ਜੋ ਘਟਨਾ ਦੀ ਜਾਂਚ ਕਰ ਰਹੀ ਹੈ, ਅਨੁਸਾਰ ਪਿਓ-ਪੁਤਰ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਬਹਿਸ ਹੋਈ ਜਿਸ ਉਪਰੰਤ ਰਾਜੀਵ ਕੁਮਾਰਾਸਵਾਮੀ ਨੇ ਆਪਣੇ ਕਮਰੇ ਵਿਚੋਂ ਗੰਨ ਲੈ ਕੇ ਆਪਣੇ ਪਿਤਾ ਦੇ ਕਈ ਗੋਲੀਆਂ ਮਾਰੀਆਂ। ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਫੋਰਸਿਥ ਕਾਊਂਟੀ ਦੀ ਜਨ ਸੂਚਨਾ ਅਧਿਕਾਰੀ ਬੀਬੀ ਸਟੈਸੀ ਮਿਲਰ ਨੇ ਦੱਸਿਆ ਕਿ ਇਕ ਪਰਿਵਾਰਕ ਮੈਂਬਰ ਤੇ ਗਵਾਂਢੀ ਵੱਲੋਂ 911 ਨੰਬਰ ਉਪਰ ਗੋਲੀ ਚੱਲਣ ਦੀ ਜਾਣਕਾਰੀ ਦੇਣ ਉਪਰੰਤ ਪੁਲਿਸ ਤੁਰੰਤ ਘਟਨਾ ਸਥਾਨ 'ਤੇ ਪੁੱਜੀ ਤੇ ਉਸ ਨੇ ਸ਼ੱਕੀ ਦੋਸ਼ੀ ਰਾਜੀਵ ਕੁਮਾਰਾਸਵਾਮੀ ਨੂੰ ਮੌਕੇ ਉਪਰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਸਮੇਂ ਸ਼ੱਕੀ ਦੋਸ਼ੀ ਨੇ ਕੋਈ ਵਿਰੋਧ ਨਹੀਂ ਕੀਤਾ। ਉਸ ਨੂੰ ਫੋਰਸਿਥ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ। ਪੁਲਿਸ ਅਨੁਸਾਰ ਇਸ ਪਰਿਵਾਰ ਦਾ ਅਪਰਾਧੀ ਪਿਛੋਕੜ ਨਹੀਂ ਹੈ। ਇਹ ਪਰਿਵਾਰ ਇਸ ਸਾਲ ਹੀ ਫੋਰਸਿਥ ਕਾਊਂਟੀ ਵਿਚ ਆਇਆ ਸੀ।



# ਖੋਜੀਆਂ ਵੱਲੋਂ ਕੋਵਿਡ ਦਾ ਡੈਲਟਾ ਰੂਪ ਤੇਜੀ ਨਾਲ ਫੈਲਣ ਦੀ ਚਿਤਾਵਨੀ!

**ਸੈਕਰਾਮੈਂਟੋ 25 ਜੁਲਾਈ–** ਕੋਵਿਡ-19 ਖੋਜ ਸਮੂਹ ਨੇ ਭਵਿੱਖਬਾਣੀ ਕੀਤੀ ਹੈ ਕਿ ਮੌਜੂਦਾ ਵਧ ਰਹੇ ਕੋਰੋਨਾ ਮਾਮਲੇ ਮੱਧ ਅਕਤੂਬਰ ਵਿਚ ਸਿਖਰ 'ਤੇ ਪਹੁੰਚ ਜਾਣਗੇ। ਸਮੂਹ ਅਨੁਸਾਰ ਅਮਰੀਕਾ ਦੇ ਕਈ ਹਿੱਸਿਆਂ ਵਿਚ ਕੋਵਿਡ-19 ਦਾ ਡੈਲਟਾ ਰੂਪ ਸਰਗਰਮ ਹੈ ਤੇ ਤੇਜੀ ਨਾਲ ਫੈਲ ਰਿਹਾ ਹੈ ਜਿਸ ਪ੍ਰਤੀ ਲੋਕ ਚੌਕੰਨੇ ਨਹੀਂ ਹਨ। ਯੂਨੀਵਰਸਿਟੀ ਆਫ਼ ਨਾਰਥ ਕੈਰੋਲੀਨਾ ਦੇ ਮਹਾਂਮਾਰੀ ਵਿਗਿਆਨੀ ਜਸਟਿਨ ਲੈਸਲਰ ਨੇ ਕਿਹਾ ਹੈ ਕਿ ਅਮਰੀਕਾ ਦੀ ਕੇਵਲ 70% ਯੋਗ ਆਬਾਦੀ ਦਾ ਟੀਕਾਕਰਣ ਹੋਇਆ ਹੈ ਜਦ ਕਿ ਡੈਲਟਾ ਵਾਇਰਸ ਦੇ ਇਕ ਵਿਅਕਤੀ ਤੋਂ ਦੂਸਰੇ ਤੱਕ ਫੈਲਣ ਦੀ ਰਫ਼ਤਾਰ 60% ਵਧ ਗਈ ਹੈ।

ਲੈਸਲਰ ਅਨੁਸਾਰ ਮੱਧ ਅਕਤੂਬਰ ਵਿਚ ਕੋਵਿਡ ਦੇ ਰੋਜ਼ਾਨਾ ਮਾਮਲਿਆਂ ਦੀ ਗਿਣਤੀ ਅੰਦਾਜ਼ਨ 60000 ਹੋ ਜਾਵੇਗੀ ਜਦ ਕਿ ਰੋਜ਼ਾਨਾ ਮੌਤਾਂ 850 ਦੇ ਆਸ ਪਾਸ ਹੋਣਗੀਆਂ। ਉਨ੍ਹਾਂ ਕਿਹਾ ਕਿ ਇਸ ਸਮੇਂ ਲੋਕ ਡੈਲਟਾ ਵਾਇਰਸ ਦੇ ਮਾਰੂ ਪ੍ਰਭਾਵ ਪ੍ਰਤੀ ਅਵੇਸਲੇ ਹੋ ਗਏ ਹਨ। ਇਸ ਦੇ ਨਾਲ ਹੀ ਲੈਸਲਰ ਨੇ ਕਿਹਾ ਹੈ ਕਿ ਵੈਕਸੀਨੇਸ਼ਨ ਦਰ ਵਿਚ ਸੁਧਾਰ ਤੇ ਜਨ ਸਿਹਤ ਵਿਵਸਥਾ ਦੀ ਪੁਨਰ ਬਹਾਲੀ ਕੋਵਿਡ ਅਨੁਮਾਨਾਂ ਨੂੰ ਝੁਠਲਾ ਸਕਦੀ ਹੈ।

ਜੌਹਨ ਹੋਪਕਿਨਜ ਯੂਨੀਵਰਸਿਟੀ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਕੋਵਿਡ ਮਾਮਲੇ ਪੂਰੇ ਅਮਰੀਕਾ ਵਿਚ ਵਧ ਰਹੇ ਹਨ। ਸਿਹਤ ਮਾਹਿਰ ਵਾਰ -ਵਾਰ ਚਿਤਾਵਨੀਆਂ ਦੇ ਰਹੇ ਹਨ ਕਿ ਜਿਨ੍ਹਾਂ ਖੇਤਰਾਂ ਵਿਚ ਟੀਕਾਕਰਣ ਦੀ ਦਰ ਘੱਟ ਹੈ, ਉਥੇ ਮਾਮਲੇ ਤੇਜੀ ਨਾਲ ਵਧਣਗੇ।

# ਅਮਰੀਕੀ ਵਿਦੇਸ਼ ਮੰਤਰੀ ਭਾਰਤ ਦੌਰੇ ਦੌਰਾਨ ਅੱਤਵਾਦ ਸਮੇਤ ਅਹਿਮ ਮੁੱਦਿਆਂ 'ਤੇ ਕਰਨਗੇ ਵਿਚਾਰ ਵਟਾਂਦਰਾ

**ਸੈਕਰਾਮੈਂਟੋ 25 ਜੁਲਾਈ–** ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਅਮਰੀਕੀ ਵਿਦੇਸ਼ ਮੰਤਰੀ ਐਨਟਨੀ ਬਲਿੰਕਨ 26 ਜੁਲਾਈ ਨੂੰ ਨਵੀਂ ਦਿਲੀ ਲਈ ਰਵਾਨਾ ਹੋਣਗੇ ਜਿਥੇ ਉਹ 27 ਜੁਲਾਈ ਨੂੰ ਪਹੁੰਚਣਗੇ। ਉਹ ਆਪਣੇ ਹਮਰੁਤਬਾ ਐਸ ਜੈ ਸ਼ੰਕਰ ਤੇ ਹੋਰ ਭਾਰਤੀ ਅਧਿਕਾਰੀਆਂ ਨਾਲ ਇੰਡੋ-ਯੂ ਐਸ ਰਖਿਆ, ਡਿਫੈਂਸ ਸਾਈਬਰ ਤੇ ਅੱਤਵਾਦ ਵਿਰੁੱਧ ਕਾਰਵਾਈ ਸਮੇਤ ਅਹਿਮ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕਰਨਗੇ। ਬਾਇਡਨ ਪ੍ਰਸ਼ਾਸਨ ਵੱਲੋਂ ਸੱਤਾ ਸੰਭਾਲਣ ਤੋਂ ਬਾਅਦ ਚੋਟੀ ਦੇ ਕਿਸੇ ਅਮਰੀਕੀ ਕੂਟਨੀਤਿਕ ਦਾ ਇਹ ਪਹਿਲਾ ਭਾਰਤ ਦੌਰਾ ਹੈ। ਆਪਣੇ ਭਾਰਤ ਦੌਰੇ ਦੌਰਾਨ ਬਲਿੰਕਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿਦੇਸ਼ ਮੰਤਰੀ ਐਸ ਜੈ ਸ਼ੰਕਰ ਨਾਲ ਮੁਲਾਕਾਤ ਕਰਨਗੇ।

ਵਿਦੇਸ਼ ਵਿਭਾਗ ਦੇ ਦੱਖਣੀ ਤੇ ਕੇਂਦਰੀ ਏਸ਼ੀਆ ਦੇ ਮਾਮਲਿਆਂ ਬਾਰੇ ਕਾਰਜਕਾਰੀ ਸਹਾਇਕ ਸਕੱਤਰ ਡੀਨ ਥਾਮਪਸਨ ਨੇ ਕਿਹਾ ਹੈ ਕਿ ਵਿਦੇਸ਼ ਮੰਤਰੀ ਬਲਿੰਕਨ ਤੇ ਰਖਿਆ ਮੰਤਰੀ ਲਾਇਡ ਆਸਟਿਨ ਆਪਣੇ ਭਾਰਤ ਦੇ ਹਮਰੁਤਬਾ ਵੱਲੋਂ ਇਸ ਸਾਲ ਦੇ ਆਖਿਰ ਵਿਚ ਆਯੋਜਿਤ ਕੀਤੀ ਜਾ ਰਹੀ ਸਲਾਨਾ ਮੰਤਰੀ ਪੱਧਰ ਦੀ ਗੱਲਬਾਤ ਨੂੰ ਬਹੁਤ ਹਾਂ ਪੱਖੀ ਨਜ਼ਰੀਏ ਤੋਂ ਵੇਖ ਰਹੇ ਹਨ। ਅਮਰੀਕਾ ਵਿਚਲੇ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਵੀ ਨਵੀਂ ਦਿੱਲੀ ਵਿਚ ਹੋਣ ਵਾਲੇ ਸਲਾਨਾ ਵਿਚਾਰ ਵਟਾਂਦਰੇ ਵਿਚ ਹਿੱਸਾ ਲੈਣਗੇ। ਇਸ ਵਿਚਾਰ ਵਟਾਂਦਰੇ ਦਾ ਮੁੱਖ ਮੁੱਦਾ ਅਫ਼ਗਾਨਿਸਤਾਨ ਹੋਵੇਗਾ। ਡੀਨ ਥਾਮਪਸਨ ਨੇ ਕਿਹਾ ਹੈ ਕਿ ਇਸ ਖਿੱਤੇ ਵਿਚਲੇ ਸਾਰੇ ਦੇਸ਼ਾਂ ਦੇ ਹਿੱਤ ਇਕ ਸਥਿਰ ਤੇ ਸੁਰੱਖਿਅਤ ਅਫ਼ਗਾਨਿਸਤਾਨ ਨਾਲ ਜੁੜੇ ਹੋਏ ਹਨ। ਅਸੀਂ ਆਪਣੇ ਭਾਈਵਾਲ ਭਾਰਤ ਨਾਲ ਸਥਿਰ ਅਫ਼ਗਾਨਿਸਤਾਨ ਦਾ ਟੀਚਾ ਪ੍ਰਾਪਤ ਕਰਨ ਲਈ ਹੋਣ ਵਾਲੀ ਗੱਲਬਾਤ ਨੂੰ ਬਹੁਤ ਅਹਿਮੀਅਤ ਦਿੰਦੇ ਹਾਂ।

# ਕੈਲੀਫੋਰਨੀਆ ਦੇ ਇਕ ਘਰ ਵਿਚ ਹੋਈ ਗੋਲੀਬਾਰੀ ਵਿੱਚ ਪੁਲਿਸ ਅਧਿਕਾਰੀ ਸਮੇਤ 5 ਮੌਤਾਂ , ਮ੍ਰਿਤਕਾਂ ਵਿਚ ਸ਼ੱਕੀ ਦੋਸ਼ੀ ਵੀ ਸ਼ਾਮਿਲ


**ਸੈਕਰਾਮੈਂਟੋ 27 ਜੁਲਾਈ–** ਕੈਲੀਫੋਰਨੀਆ ਦੀ ਸੈਨ ਵਾਕਿਨ ਵੈਲੀ ਦੇ ਇਕ ਘਰ ਵਿਚ ਇਕ ਸ਼ੱਕੀ ਵਿਅਕਤੀ ਨੇ 3 ਜਣਿਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮੌਕੇ ਉਪਰ ਪੁੱਜੀ ਪੁਲਿਸ ਨੇ ਜਦੋਂ ਘਰ ਵਿਚ ਵੜਨ ਦੀ ਕੋਸ਼ਿਸ਼ ਕੀਤੀ ਤਾਂ ਇਕ ਡਿਪਟੀ ਸ਼ੈਰਿਫ ਵੀ ਗੋਲੀਆਂ ਦਾ ਸ਼ਿਕਾਰ ਹੋ ਗਿਆ ਤੇ ਉਸ ਦੀ ਮੌਤ ਹੋ ਗਈ। ਮ੍ਰਿਤਕਾਂ ਵਿਚ ਸ਼ੱਕੀ ਦੋਸ਼ੀ ਵੀ ਸ਼ਾਮਿਲ ਹੈ। ਕੇਰਨ ਕਾਊਂਟੀ ਦੇ ਪੁਲਿਸ ਅਧਿਕਾਰੀ ਜੋਇਲ ਸਵੈਨਸਨ ਨੇ ਇਹ ਜਾਣਕਾਰੀ ਦਿੱਤੀ ਹੈ। ਮਾਰੇ ਗਏ ਡਿਪਟੀ ਦਾ ਨਾਂ ਅਜੇ ਨਹੀਂ ਦੱਸਿਆ ਗਿਆ। ਵਾਸਕੋ ਦੇ ਮੇਅਰ ਏਰਿਕ ਗਾਰਸੀਆ ਨੇ ਦੱਸਿਆ ਕਿ ਗੋਲੀਬਾਰੀ ਵਿਚ ਇਕ ਡਿਪਟੀ ਸ਼ੈਰਿਫ ਜ਼ਖਮੀ ਵੀ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਮੈਨੂੰ ਮ੍ਰਿਤਕ ਪੁਲਿਸ ਅਧਿਕਾਰੀ ਤੇ ਜ਼ਖਮੀ ਪੁਲਿਸ ਅਧਿਕਾਰ ਦੇ ਪਰਿਵਾਰ ਦੀ ਚਿੰਤਾ ਹੈ। ਮੁੱਢਲੀ



ਰਿਪੋਰਟ ਅਨੁਸਾਰ ਗੋਲੀਬਾਰੀ ਦੀ ਸੂਚਨਾ ਮਿਲਣ 'ਤੇ ਮੌਕੇ ਉਪਰ ਪੁੱਜੀ ਪੁਲਿਸ ਨੇ ਘਰ ਵਿਚ ਵੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਉਪਰ ਗੋਲੀਆਂ ਚਲਾਈਆਂ ਗਈਆਂ ਪਰ ਪੁਲਿਸ ਦਾ ਬਚਾਅ ਹੋ ਗਿਆ। ਉਪਰੰਤ ਹਾਲਾਤ ਨਾਲ ਨਜਿਠਣ ਲਈ ਵਿਸ਼ੇਸ਼ ਟੀਮ ਸੱਦੀ ਗਈ। ਜਦੋਂ ਇਸ ਟੀਮ ਦੇ ਅਧਿਕਾਰੀ ਘਰ ਵਿਚ ਦਾਖਲ ਹੋਏ ਤਾਂ ਸ਼ੱਕੀ ਵਿਅਕਤੀ ਨੇ ਉਨ੍ਹਾਂ ਉਪਰ ਅੰਧਾਧੁੰਦ ਗੋਲੀਆਂ ਚਲਾਈਆਂ ਜਿਸ ਦੌਰਾਨ ਇਕ ਡਿਪਟੀ ਸ਼ੈਰਿਫ ਮਾਰਿਆ ਗਿਆ ਤੇ ਇਕ ਹੋਰ ਬੁਰੀ ਤਰਾਂ ਜ਼ਖਮੀ ਹੋ ਗਿਆ। ਸਮਝਿਆ ਜਾਂਦਾ ਹੈ ਕਿ ਸ਼ੱਕੀ ਹਮਲਾਵਰ ਦੀ ਮੌਤ ਵਿਸ਼ੇਸ਼ ਟੀਮ ਵੱਲੋਂ ਚਲਾਈਆਂ ਗੋਲੀਆਂ ਨਾਲ ਹੋਈ ਹੈ। ਪੁਲਿਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਤੇ ਆਸ ਪਾਸ ਦੇ ਲੋਕਾਂ ਕੋਲੋਂ ਘਟਨਾ ਸਬੰਧੀ ਪੁੱਛਗਿੱਛ ਕੀਤੀ ਜਾ ਰਹੀ ਹੈ। ਸੀ ਸੀ ਟੀ ਵੀ ਕੈਮਰਿਆਂ ਦੀ ਵੀ ਮਦਦ ਲਈ ਜਾ ਰਹੀ ਹੈ।

# ਅਮਰੀਕਾ ਇਰਾਕ ਵਿਚ 'ਜੰਗ ਮਿਸ਼ਨ' ਇਸ ਸਾਲ ਦੇ ਆਖਿਰ ਵਿਚ ਖਤਮ ਕਰ ਦੇਵੇਗਾ-ਬਾਇਡਨ

**ਵਾਸ਼ਿੰਗਟਨ 27 ਜੁਲਾਈ (ਹੁਸਨ ਲੜੋਆ ਬੰਗਾ)-** ਅਫ਼ਗਾਨਿਸਤਾਨ ਤੋਂ ਬਾਅਦ ਅਮਰੀਕਾ ਨੇ ਇਰਾਕ ਵਿਚੋਂ ਵੀ ਆਪਣੇ ਆਪ ਨੂੰ ਸਮੇਟਣਾ ਸ਼ੁਰੂ ਕਰ ਦਿੱਤਾ ਹੈ। ਰਾਸ਼ਟਰਪਤੀ ਜੋਅ ਬਾਇਡਨ ਨੇ ਇਰਾਕ ਦੇ ਪ੍ਰਧਾਨ ਮੰਤਰੀ ਮੁਸਤਫਾ ਅਲ-ਕਾਧੀਮੀ ਨਾਲ ਮੀਟਿੰਗ ਉਪਰੰਤ ਐਲਾਨ ਕੀਤਾ ਕਿ ਇਸ ਸਾਲ ਦੇ ਅੰਤ ਤੱਕ ਇਰਾਕ ਵਿਚ ਅਮਰੀਕਾ ਦਾ 'ਜੰਗੀ ਮਿਸ਼ਨ' ਖਤਮ ਹੋ ਜਾਵੇਗਾ। ਇਸ ਤੋਂ ਪਹਿਲਾਂ ਵਾਈਟ ਹਾਊਸ ਵਿਚ ਪੁੱਜਣ 'ਤੇ ਰਾਸ਼ਟਰਪਤੀ ਨੇ ਇਰਾਕ ਦੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ। ਓਵਾਲ ਦਫ਼ਤਰ ਵਿਚ ਆਪਣੇ ਸੰਬੋਧਨ ਵਿਚ ਬਾਇਡਨ ਨੇ ਕਿਹਾ ਕਿ ਅਮਰੀਕੀ ਫੌਜ ਇਰਾਕੀ ਫੌਜੀਆਂ ਨੂੰ ਸਿਖਲਾਈ



ਦੇਣਾ ਜਾਰੀ ਰੱਖੇਗੀ ਤੇ ਇਸਲਾਮਿਕ ਸਟੇਟ ਨਾਲ ਲੜਾਈ ਵਿੱਚ ਇਰਾਕ ਨਾਲ ਸਹਿਯੋਗ ਜਾਰੀ ਰਹੇਗਾ। ਇਸ ਵੇਲੇ ਇਰਾਕ ਵਿਚ ਅਮਰੀਕਾ ਦੇ 2500 ਦੇ ਕਰੀਬ ਫੌਜੀ ਹਨ। ਅਲ - ਕਾਧਿਮੀ ਨੇ ਵੀ ਸਪੱਸ਼ਟ ਕੀਤਾ ਹੈ ਕਿ ਇਰਾਕ ਵਿਚ ਕਿਸੇ ਵੀ ਵਿਦੇਸ਼ੀ ਫੋਰਸ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਰਾਕ ਦੀਆਂ ਸੁਰੱਖਿਆ ਫੋਰਸਾਂ ਤੇ ਫੌਜ ਅਮਰੀਕਾ ਦੀ ਅਗਵਾਈ ਵਾਲੀ ਸਾਂਝੀ ਫੌਜ ਦੀ ਮਦਦ ਤੋਂ ਬਿਨਾਂ ਦੇਸ਼ ਦੀ ਰਖਿਆ ਕਰਨ ਦੇ ਸਮਰੱਥ ਹਨ। ਓਵਾਲ ਦਫ਼ਤਰ ਵਿਚ ਬਾਇਡਨ ਨਾਲ ਹੋਈ ਮੀਟਿੰਗ ਦੌਰਾਨ ਅਲ-ਕਾਧਿਮੀ ਨੇ ਕਿਹਾ ਕਿ 'ਮੈ ਇਰਾਕ ਦੇ ਲੋਕਾਂ ਦੀ ਤਰਫੋਂ ਅਮਰੀਕਨ ਲੋਕਾਂ ਦਾ ਧੰ-ਨਵਾਦ ਕਰਦਾ ਹਾਂ। ਅੱਜ ਸਾਡਾ ਦੇਸ਼ ਜਿੰਨਾ ਮਜਬੂਤ ਹੈ ਓਨਾ ਪਹਿਲਾਂ ਕਦੇ ਵੀ ਨਹੀਂ ਸੀ।' ਇਸ ਉਪਰੰਤ ਵਾਈਟ ਹਾਊਸ ਵਿਖੇ ਗੱਲਬਾਤ ਕਰਦਿਆਂ ਪੈਰੈਸ ਸਕੱਤਰ ਜੇਨ ਪਸਾਕੀ ਨੇ ਇਹ ਦੱਸਣ ਤੋਂ ਨਾਂਹ ਕਰ ਦਿੱਤੀ ਕਿ ਇਸ ਸਾਲ ਦੇ ਅੰਤ ਵਿੱਚ ਇਰਾਕ ਵਿਚ ਕਿੰਨੇ ਅਮਰੀਕੀ ਫੌਜੀ ਟਿਕੇ ਰਹਿਣਗੇ।

# ਵਾਲਮਾਰਟ ਆਪਣੇ ਮੁਲਾਜ਼ਮਾ ਦੀ ਟਿਊਸ਼ਨ ਫੀਸ ਤੇ ਕਿਤਾਬਾਂ ਦੀ ਅਦਾਇਗੀ ਕਰੇਗਾ

**ਸੈਕਰਾਮੈਂਟੋ 28 ਜੁਲਾਈ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਸਭ ਤੋਂ ਵੱਡੇ ਕਾਰੋਬਾਰੀ ਅਦਾਰੇ ਵਾਲਮਾਰਟ ਨੇ ਆਪਣੇ ਮੁਲਾਜ਼ਮਾਂ ਦੀ 100% ਕਾਲਜ ਟਿਊਸ਼ਨ ਫੀਸ ਤੇ ਕਿਤਾਬਾਂ ਉਪਰ ਹੋਣ ਵਾਲੇ ਖਰਚ ਦੀ ਅਦਾਇਗੀ ਕਰਨ ਦਾ ਐਲਾਨ ਕੀਤਾ ਹੈ। ਉਸ ਨੇ ਕਿਹਾ ਹੈ ਕਿ ਉਸ ਦੇ ਕੁਲ ਵਕਤੀ ਤੇ ਥੋੜਾ ਸਮਾਂ ਕੰਮ ਕਰਨ ਵਾਲੇ ਮੁਲਾਜ਼ਮ ਇਸ ਦਾ ਲਾਭ ਲੈ ਸਕਣਗੇ। ਕੰਪਨੀ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਉਸ ਦੇ ਇਸ ਕਦਮ ਦੇ ਸਿੱਟੇ ਵਜੋਂ ਵਾਲਮਾਰਟ ਤੇ ਸੈਮ ਕਲੱਬ ਦੇ ਤਕਰੀਬਨ 15 ਲੱਖ ਮੁਲਾਜ਼ਮ ਬਿਨਾਂ ਸਿੱਖਿਆ ਵਿਭਾਗ ਉਪਰ ਬੋਝ ਪਾਇਆਂ ਕਾਲਜ ਡਿਗਰੀ ਹਾਸਲ ਕਰ ਸਕਣਗੇ ਜਾਂ ਵਪਾਰਕ ਹੁਨਰ ਸਿੱਖ ਸਕਣਗੇ।

ਵਾਲਮਾਰਟ ਦੇ ਸੀਨੀਅਰ ਉਪ ਪੈਰਧਾਨ ਲੋਰੇਨ ਸਟੋਮਸਕੀ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ 'ਅਸੀਂ ਆਪਣੇ ਨਾਲ ਜੁੜੇ ਮੁਲਾਜ਼ਮਾ ਲਈ ਕੈਰੀਅਰ ਬਣਾਉਣ ਦਾ ਅਵਸਰ ਪੈਰਦਾਨ ਕਰ ਰਹੇ ਹਾਂ ਤਾਂ ਜੋ ਉਪ ਆਪਣਾ ਤੇ ਆਪਣੇ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਹੋਰ ਬੇਹਤਰ ਬਣਾਉਣਾ ਜਾਰੀ ਰਖ ਸਕਣ।' ਉਨਾਂ ਕਿਹਾ ਹੈ ਕਿ ਅਕਸਰ ਕੰਮ ਕਰਨ ਵਾਲੇ ਵਿਦਿਆਰਥੀ ਵਿੱਤੀ ਔਕੜਾਂ ਕਾਰਨ ਡਿਗਰੀ ਹਾਸਲ ਕਰਨ ਵਿੱਚ ਨਾਕਾਮ ਰਹਿ ਜਾਂਦੇ ਹਨ ਪਰੰਤੂ ਸਾਡਾ ਇਹ ਨਿਵੇਸ਼ ਅਜਿਹੇ ਸਿਖਾਂਦਰੂਆਂ ਲਈ ਰਾਹਤ ਦਾ ਕੰਮ ਕਰੇਗਾ ਤੇ ਉਹ ਪੜਾਈ ਵਿਚ ਆਪਣਾ ਟੀਚਾ ਪੈਰਾਪਤ ਕਰ ਸਕਣਗੇ। ਕੰਪਨੀ ਨੇ ਆਪਣੇਂ ਲਿਵ ਬੈਟਰ ਯੂ ਪੈਰੋਗਰਾਮੋ ਵਿਚ ਹਿੱਸਾ ਲੈਣ ਲਈ ਮੁਲਾਜ਼ਮਾਂ ਕੋਲੋਂ ਲਈ ਜਾਂਦੀ ਰੋਜਾਨਾ ਇਕ ਡਾਲਰ ਫੀਸ ਵੀ ਨਾ ਲੈਣ ਦਾ ਐਲਾਨ ਕੀਤਾ ਹੈ।

ਮੁਲਾਜ਼ਮ ਬਿਨਾਂ ਕੋਈ ਅਦਾਇਗੀ ਕੀਤਿਆਂ ਇਸ ਪੈਰੋਗਰਾਮ ਦਾ ਲਾਭ ਲੈ ਸਕਣਗੇ। ਇਹ ਪ੍ਰੋਗਰਾਮ ਵਿਦਿਆਰਥੀਆਂ ਦੀ ਡਿਗਰੀ ਜਾਂ ਹੋਰ ਕੋਈ ਸਿਖਲਾਈ ਲੈਣ ਵਿੱਚ ਮੱਦਦ ਕਰਦਾ ਹੈ।

# ਐਟਲਾਂਟਾ ਦੇ ਮਸਾਜ਼ ਪਾਰਲਰਾਂ ਵਿਚ 8 ਹੱਤਿਆਵਾਂ ਕਰਨ ਵਾਲੇ ਨੂੰ ਉਮਰ ਭਰ ਰਹਿਣਾ ਪਵੇਗਾ ਜੇਲ ਵਿੱਚ

**ਸੈਕਰਾਮੈਂਟੋ 28 ਜੁਲਾਈ (ਹੁਸਨ ਲੜੋਆ ਬੰਗਾ)-** ਐਟਲਾਂਟਾ ਖੇਤਰ ਵਿਚ ਇਸ ਸਾਲ ਮਾਰਚ ਵਿੱਚ ਮਸਾਜ਼ ਤੇ ਬਿਊਟੀ ਪਾਰਲਰਾਂ ਵਿਚ ਗੋਲੀਆਂ ਚਲਾ ਕੇ ਏਸ਼ੀਅਨ ਮੂਲ ਦੀਆਂ 6 ਔਰਤਾਂ ਸਮੇਤ 8 ਵਿਅਕਤੀਆਂ ਦੀ ਹੱਤਿਆ ਕਰਨ ਵਾਲੇ ਦੋਸ਼ੀ ਰਾਬਰਟ ਐਰੋਨ ਲਾਂਗ ਨੇ ਆਪਣਾ ਗੁਨਾਹ ਕਬੂਲ ਲਿਆ ਹੈ। ਉਸ ਨੂੰ 4 ਹੱਤਿਆਵਾਂ ਦੇ ਮਾਮਲੇ ਵਿਚ 4 ਵਾਰ ਉਮਰ ਕੈਦ ਤੇ ਇਸ ਤੋਂ ਇਲਾਵਾ 35 ਸਾਲਾਂ ਦੀ ਵੱਖਰੀ ਸਜ਼ਾ ਸੁਣਾਈ ਹੈ। ਚੇਰੋਕੀ ਕਾਊਂਟੀ, ਜਾਰਜੀਆ ਦੀ ਅਦਾਲਤ ਵਿਚ ਰਾਬਰਟ ਐਰੋਨ ਦੀ ਪੇਸ਼ੀ ਸਮੇ ਉਸ ਨੂੰ ਹੱਥ ਕੜੀ ਵਿਚ ਜਕੜਿਆ ਹੋਇਆ ਸੀ। ਉਸ ਦੀ ਜਮਾਨਤ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਅਜੇ ਮਾਮਲੇ ਦੀ ਪੂਰੀ ਸੁਣਵਾਈ ਨਹੀਂ ਹੋਈ ਤੇ ਮਾਮਲੇ ਦੀ ਮੁਕੰਮਲ ਸੁਣਵਾਈ ਉਪਰੰਤ ਉਸ ਨੂੰ ਮੌਤ ਦੀ ਸਜ਼ਾ ਵੀ ਹੋ ਸਕਦੀ ਹੈ। ਅੱਜ 23 ਦੋਸ਼ਾਂ ਤਹਿਤ ਸਜ਼ਾ ਸੁ-ਣਾਈ ਗਈ ਜਦ ਕਿ ਨਸਲੀ ਆਧਾਰ 'ਤੇ ਔਰਤਾਂ ਨੂੰ ਨਿਸ਼ਾਨਾ ਬਣਾਉਣ ਤੇ ਹਤਿਆਵਾਂ ਕਰਨ ਦੇ 19 ਦੋਸ਼ਾਂ ਤਹਿਤ ਅਜੇ ਸੁਣਵਾਈ ਹੋਣੀ ਹੈ। ਅਦਾਲਤ ਵਿਚ ਰਾਬਰਟ ਨੇ ਦੱਸਿਆ ਕਿ ਕਿਸ ਤਰਾਂ ਉਸ ਨੇ 3 ਸਪਾ ਕੇਂਦਰਾਂ ਵਿਚੋਂ ਪਹਿਲਾਂ ਇਕ ਵਿਚ ਗੋਲੀਆਂ ਚਲਾਈਆਂ। ਉਸ ਨੇ ਜੱਜ ਨੂੰ ਦਸਿਆ ਕਿ ਉਸ ਨੇ ਪਹਿਲਾਂ ਕਾਰ ਵਿਚ ਬੈਠ ਕੇ ਇਕ



ਘੰਟਾ ਸ਼ਰਾਬ ਪੀਤੀ ਤੇ ਉਸ ਦੇ ਮੰਨ ਵਿਚ ਖੁਦ ਨੂੰ ਮਾਰਨ ਜਾਂ ਲੋਕਾਂ ਨੂੰ ਮਾਰਨ ਦੀ ਕਸ਼ਮਕਸ਼ ਚਲਦੀ ਰਹੀ। ਉਸ ਨੇ ਲੋਕਾਂ ਨੂੰ ਮਾਰਨ ਦਾ ਫੈਸਲਾ ਕੀਤਾ। ਉਹ ਬਾਥਰੂਮ ਗਿਆ ਤੇ ਵਾਪਿਸ ਆ ਕੇ ਉਸ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਉਸ ਨੇ ਕਿਹਾ ਕਿ ਉਹ ਮਾਰੇ ਗਏ ਲੋਕਾਂ ਵਿਚੋਂ ਕਿਸੇ ਨੂੰ ਵੀ ਜਾਣਦਾ ਨਹੀਂ ਸੀ। ਇਥੇ ਜਿਕਰਯੋਗ ਹੈ ਇਸ ਸਾਲ 16 ਮਾਰਚ ਨੂੰ ਲਾਂਗ ਨੇ ਐਟਲਾਂਟਾ ਦੇ ਬਾਹਰਵਾਰ ਤਕਰੀਬਨ 30 ਕਿਲੋਮੀਟਰ ਦੂਰ ਯੰਗ ਸਪਾ ਤੇ ਫਿਰ ਦੋ ਹੋਰ ਮਸਾਜ਼ ਪਾਰਲਰਾਂ ਵਿਚ ਗੋਲੀਆਂ ਚਲਾ ਕੇ 8 ਲੋਕਾਂ ਨੂੰ ਮਾਰ ਦਿੱਤਾ ਸੀ। ਇਹ ਬਿਊਟੀ ਪਾਰਲਰ ਏਸ਼ੀਅਨ ਮੂਲ ਦੀਆਂ ਅਮਰੀਕੀ ਔਰਤਾਂ ਦੇ ਸਨ। ਪੁਲਿਸ ਨੇ ਦੋਸ਼ੀ ਨੂੰ ਕਈ ਘੰਟਿਆਂ ਦੀ ਮੁਸ਼ੱਕਤ ਤੋਂ ਬਾਅਦ ਕਾਬੂ ਕਰ ਲਿਆ ਸੀ।


Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ (ਰਜਿ.) ਦੀ ਮੀਟਿੰਗ ਹੋਈ





**ਸੈਕਰਾਮੈਂਟੋ–** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ (ਰਜਿ.) ਦੀ ਮੀਟਿੰਗ , ਡਾ ਮਨਰੀਤ ਕੌਰ ਦੀ ਪ੍ਰਧਾਨਗੀ ਹੇਠ ਐਤਵਾਰ ਜੁਲਾਈ 25, ਬਾਅਦ ਦੁਪਹਿਰ mountain Mike pizza 3609 Bradshaw Rd.suite ਸੈਕਰਾਮੈਂਟੋ ਵਿਖੇ ਹੋਈ!

ਦੁਪਹਿਰ ਦੇ ਖਾਣੇ ਤੋਂ ਤੁਰੰਤ ਬਾਅਦ ਸਭਾ ਦੇ ਸਟੇਜ ਸਕੱਤਰ ਜੀਵਨ ਰੱਤੂ ਨੇ ਸਭਾ ਦੇ ਪੈਰਧਾਨ ਡਾ ਮਨਰੀਤ ਕੌਰ ਸੈਕਰਾਮੈਂਟੋ ਨੂੰ ਸਭਾ ਦੀ ਮੀਟਿੰਗ ਦੀ ਸ਼ੁਰੂਆਤ ਕਰਨ ਲਈ ਅਤੇ ਆਏ ਹੋਏ ਮੈਂਬਰਾਂ ਨੂੰ ਜੀ ਆਇਆਂ ਕਹਿਣ ਲਈ ਸੱਦਾ ਦਿੱਤਾ!

ਇਸ ਉਪਰੰਤ ਸਭਾ ਦੀ ਪ੍ਰਧਾਨ ਡਾ ਮਨਰੀਤ ਕੌਰ ਨੇ ਬਹੁਤ ਅਹਿਮ ਮੁੱਦੇ ਪੰਜਾਬੀ ਸਾਹਿਤ ਸਭਾ ਨੂੰ ਅੰਤਰ- ਰਾਸ਼ਟਰੀ ਪੱਧਰ ਤੱਕ ਪਹੁੰਚਾਣ ਲਈ ਸਾਰਿਆ ਦੇ ਸਹਿਯੋਗ ਦੀ ਮੰਗ ਕੀਤੀ ਅਤੇ ਸਭਾ ਦੇ ਹਿੱਤ ਲਈ ਕੁਝ ਅਹਿਮ ਫ਼ੈਸਲੇ ਲਏ ਗਏ।

ਉਪਰੰਤ ਸਭਾ ਦੀ ਮੀਟਿੰਗ ਦੀ ਅਗਲੀ ਕਾਰਵਾਈ ਕਰਨ ਲਈ ਸਟੇਜ ਸਕੱਤਰ ਦੀ ਸੇਵਾ ਨਿਭਾਉਦਿਆਂ ਜੀਵਨ ਰੱਤੂ ਨੇ ਸਭ ਤੋਂ ਪਹਿਲਾਂ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ (ਰਜਿ.) ਦੇ ਮੈਂਬਰ ਕਮਲ ਬੰਗਾ ਦੀ 15ਵੀ ਕਿਤਾਬ " ਸ਼ਬਦਾਂ ਦੀ ਫ਼ਕੀਰੀ"ਲੋਕ ਅਰਪਣ ਕਰਨ ਲਈ ਸਭਾ ਦੇ ਮੌਜੂਦਾ ਅਤੇ ਸਾਬਕਾ ਪੈਰਧਾਨਾਂ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ ਅਤੇ ਕਿਤਾਬ ਲੋਕ ਅਰਪਿਤ ਕੀਤੀ ਗਈ !

ਕਮਲ ਬੰਗਾ ਜੀ ਦੁਆਰਾ ਬਹੁਤ ਹੀ ਸੱਲਾਂਗਾ ਜੋਗ ਕਦਮ ਲਿਆ ਗਿਆ ਉਹਨਾ ਕਿਤਾਬ ਰਲੀਜ਼ ਕਰਨ ਸਮੇ ਸਾਰੇ ਸਾਬਕਾ ਪ੍ਰਧਾਨਾਂ ਅਤੇ ਮੌਜੂਦ ਪੈਰਧਾਨ ਨੂੰ ਇਕੱਠਿਆਂ ਸੱਦ ਕੇ ਪੰਜਾਬੀ ਸਾਹਿਤ ਸਭਾ ਕਲੈਫੋਰਨੀਆ ਦੀ ਏਕਤਾ ਨੂੰ ਜੱਗ ਜ਼ਾਹਰ ਕੀਤਾ। ਸਾਰੇ ਮੌਜੂਦਾ ਮੈਂਬਰਾ ਵੱਲੋਂ ਕਮਲ ਬੰਗਾ ਦੀਆ ਲਿਖਤਾਂ ਦੀ ਤਰੀਫ਼ ਕੀਤੀ ਗਈ। ਕਮਲ ਬੰਗਾ ਦੀ ਇਹ ਕਿਤਾਬ ਕਾਬਲੇ ਤਰੀਫ਼ ਹੈ। ਉਹਨਾ ਦੀ ਕਵਿਤਾ ਦੀ ਅਮੀਰੀ ਇਸ ਕਿਤਾਬ ਵਿੱਚੋਂ ਖ਼ੂਬ ਝਲਕਦੀ ਹੈ। ਇਸ ਤੋ ਉਪਰੰਤ ਕਵੀ ਦਰਬਾਰ ਵਿੱਚ ਹਾਜਰ ਮੈਂਬਰਾਂ ਨੇ ਆਪੋ ਆਪਣੇ ਗੀਤ, ਕਵਿਤਾਵਾਂ ਅਤੇ ਗਜ਼ਲਾਂ ਨਾਲ ਮਹਿਫਲ ਵਿੱਚ ਚੰਗਾ ਰੰਗ ਭਰਿਆ !

ਹਾਜਰ ਮੈਂਬਰਾਂ ਵਿੱਚ ਦਲਵੀਰ ਸਿੰਘ ਨਿੱਜਰ,ਕਮਲ ਬੰਗਾ, ਡਾ. ਮਨਰੀਤ ਕੌਰ, ਜੀਵਨ ਰੱਤੂ , ਅਜੈਬ ਚੀਮਾ, ਫਕੀਰ ਸਿੰਘ ਮੱਲੀ, ਇੰਦਰਜੀਤ ਗਰੇਵਾਲ ਥਰੀਕੇ, ਮਨਜੀਤ ਕੌਰ ਸੇਖੋ, ਮਕਸੂਦ ਅਲੀ,ਮਲਕ ਇਮਤਿਆਜ਼, ਡਾ ਗੁਰਪੈਰੀਤ ਸਿੰਘ ਧੁੱਗਾ, ਜੋਤੀ ਸਿੰਘ, ਤਤਿੰਦਰ ਕੌਰ, ਜਸਦੇਵ ਕੁਮਾਰ ਮੌਜੂਦ ਸਨ !

ਪੰਜਾਬੀ ਸਾਹਿਤ ਸਭਾ ਦੀ ਅਗਲੀ ਮੀਟਿੰਗ ਮਨਜੀਤ ਸੇਖੋਂ ਜੀ ਦੇ ਘਰ 8577 Excelsior Road, Elk Grove CA 29 ਅਗਸਤ ਦਿਨ ਐਤਵਾਰ ਬਾਅਦ ਦੁਪਹਿਰ 1:00 ਤੋਂ 5:00 ਵਜੇ ਤੱਕ ਹੋਵੇਗੀ,ਪੰਜਾਬੀ ਸਾਹਿਤ ਸਭਾ ਨਾਲ ਜੁੜੇ ਸਭ ਸਤਿਕਾਰਯੋਗ ਮੈਂਬਰਾਂ ਨੂੰ ਇਸ ਮੀਟਿੰਗ ਵਿੱਚ ਹਾਜਰ ਹੋਣ ਲਈ ਅਗਾਊਂ ਬੇਨਤੀ ਕੀਤੀ ਜਾਂਦੀ ਹੈ !

**ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ**
**ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ**
**ਡਾ ਮਨਰੀਤ ਕੌਰ ਗਰੇਵਾਲ (ਪ੍ਰਧਾਨ)**

# ਅਮਰੀਕਾ 'ਚ ਫਿਰ ਵਧਣ ਲੱਗੇ ਕੋਰੋਨਾ ਦੇ ਮਾਮਲੇ, 24 ਘੰਟਿਆਂ 'ਚ 56 ਹਜ਼ਾਰ ਤੋਂ ਵੱਧ ਨਵੇਂ ਕੇਸ

**ਵਾਸ਼ਿੰਗਟਨ–** ਅਮਰੀਕਾ 'ਚ ਕੋਰੋਨਾ ਮਹਾਮਾਰੀ ਫਿਰ ਵਧਣ ਨਾਲ ਰੋਜ਼ਾਨਾ ਦੇ ਮਾਮਲਿਆਂ ਵਿਚ ਉਛਾਲ ਆ ਰਿਹਾ ਹੈ। ਦੇਸ਼ ਭਰ ਵਿਚ ਬੀਤੇ 24 ਘੰਟਿਆਂ 'ਚ 56 ਹਜ਼ਾਰ ਤੋਂ ਵੱਧ ਨਵੇਂ ਸੰਕ੍ਰਮਿਤ ਪਾਏ ਗਏ। ਢਾਈ ਮਹੀਨਿਆਂ ਬਾਅਦ ਇਕ ਦਿਨ ਵਿਚ ਇੰਨੀ ਵੱਡੀ ਗਿਣਤੀ ਵਿਚ ਨਵੇਂ ਕੇਸ ਪਾਏ ਗਏ ਹਨ। ਇੱਥੇ ਕੋਰੋਨਾ ਦੇ ਡੈਲਟਾ ਵੇਰੀਐਂਟ ਦਾ ਕਹਿਰ ਵਧ ਰਿਹਾ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਹੌਲੀ ਰਫਤਾਰ ਨਾਲ ਚੱਲ ਰਹੇ ਟੀਕਾਕਰਨ 'ਤੇ ਨਾਖ਼ੁਸ਼ੀ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਸੰਕ੍ਰਮਣ ਫਿਰ ਵਧ ਰਿਹਾ ਹੈ। ਅਜਿਹੇ 'ਚ ਅਮਰੀਕੀਆਂ ਲਈ ਟੀਕਾਕਰਨ ਵਿਚ ਤੇਜ਼ੀ ਲਿਆਉਣਾ ਬੇਹੱਦ ਮਹੱਤਵਪੂਰਨ ਹੈ। ਜੌਨਸ ਹਾਪਕਿਨਸ ਯੂਨੀਵਰਸਿਟੀ ਦੇ ਡਾਟਾ ਅਨੁਸਾਰ, ਕੋਰੋਨਾ ਮਹਾਮਾਰੀ ਦੀਆਂ ਦੋ ਲਹਿਰਾਂ ਦਾ ਸਾਹਮਣਾ ਕਰ ਚੁੱਕੇ ਅਮਰੀਕਾ ਵਿਚ ਬੀਤੀ ਛੇ ਜੁਲਾਈ ਨੂੰ 13 ਹਜ਼ਾਰ 700 ਕੇਸ ਪਾਏ ਗਏ ਸਨ। ਮੰਗਲਵਾਰ ਨੂੰ ਇਹ ਗਿਣਤੀ ਵਧ ਕੇ 37 ਹਜ਼ਾਰ ਤੋਂ ਵੱਧ ਹੋ ਗਈ। ਹੁਣ ਇਹ ਰੋਜ਼ਾਨਾ ਅੰਕੜਾ 50 ਹਜ਼ਾਰ ਤੋਂ ਪਾਰ ਪਹੁੰਚ ਗਿਆ ਹੈ। ਅਮ-ਰੀਕਾ ਵਿਚ ਹਾਲੇ ਤਕ 56.2 ਫੀਸਦੀ ਲੋਕਾਂ ਨੂੰ ਵੈਕਸੀਨ ਦੀ ਇਕ ਡੋਜ਼ ਲੱਗ ਚੁੱਕੀ ਹੈ। ਓਧਰ ਬਾਇਡਨ ਨੇ ਬੁੱਧਵਾਰ ਰਾਤ ਸਿਨਸਿਨਾਟੀ ਸ਼ਹਿਰ ਵਿਚ ਇਕ ਸਮਾਗਮ ਵਿਚ ਕਿਹਾ, 'ਸਾਡੇ ਸਾਹਮਣੇ ਉਨ੍ਹਾਂ ਲੋਕਾਂ ਲਈ ਮਹਾਮਾਰੀ ਹੈ, ਜਿਨ੍ਹਾਂ ਨੇ ਹਾਲੇ ਤਕ ਟੀਕਾਕਰਨ ਨਹੀਂ ਕਰਵਾਇਆ ਹੈ।' ਉਨ੍ਹਾਂ ਉਮੀਦ ਪ੍ਰਗਟਾਈ ਕਿ ਆਉਣ ਵਾਲੇ ਕੁਝ ਮਹੀਨਿਆਂ ਵਿਚ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਵੈਕਸੀਨ ਦੀ ਮਨਜ਼ੂਰੀ ਮਿਲ ਜਾਵੇਗੀ। ਇਸ ਦੌਰਾਨ ਇਕ ਰਿਪੋਰਟ ਵਿਚ ਦੱਸਿਆ ਗਿਆ ਕਿ ਅਮਰੀਕਾ ਵਿਚ ਮਹਾਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਹਾਲੇ ਤਕ 40 ਲੱਖ ਤੋਂ ਵੱਧ ਬੱਚੇ ਕੋਰੋਨਾ ਪਾਜ਼ੇਟਿਵ ਪਾਏ ਗਏ।

ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਨੇ ਦੱਸਿਆ ਕਿ ਬੀਤੇ ਚਾਰ ਹਫਤਿਆਂ ਦੌਰਾਨ ਭਾਰਤ, ਚੀਨ, ਰੂਸ, ਇਜ਼ਰਾਈਲ ਅਤੇ ਬ੍ਰਿਟੇਨ ਵਰਗੇ ਕਈ ਦੇਸ਼ਾਂ ਵਿਚ ਕੋਰੋਨਾ ਦੇ ਜਿੰਨੇ ਨਮੂਨਿਆਂ ਦਾ ਪ੍ਰੀਖਣ ਕੀਤਾ ਗਿਆ, ਉਨ੍ਹਾਂ ਵਿਚੋਂ 75 ਫੀਸਦੀ ਮਾਮਲੇ ਡੈਲਟਾ ਦੇ ਪਾਏ ਗਏ। ਇਹ ਬੇਹੱਦ ਸੰਕ੍ਰਾਮਕ ਵੇਰੀਐਂਟ ਦੁਨੀਆ ਦੇ 124 ਦੇਸ਼ਾਂ ਵਿਚ ਪਹੁੰਚ ਚੁੱਕਾ ਹੈ। ਇਸ ਦੀ ਸਭ ਤੋਂ ਪਹਿਲਾਂ ਭਾਰਤ ਵਿਚ ਪਛਾਣ ਹੋਈ ਸੀ। ਡਬਲਯੂਐੱਚਓ ਨੇ ਕਿਹਾ ਕਿ ਟੀਕਾਕਰਨ 'ਚ ਤੇਜ਼ੀ ਲਿਆਉਣ ਦੇ ਬਾਵਜੂਦ ਕਈ ਦੇਸ਼ਾਂ ਵਿਚ ਕੋਰੋਨਾ ਦੇ ਮਾਮਲੇ ਵਧ ਰਹੇ ਹਨ।







# ਬੁੱਧ ਪੂਰਨਿਮਾ ਮਹਾਂਉਤਸਵ ਬਹੁਤ ਸ਼ਰਧਾ ਅਤੇ ਧੂੰਮ-ਧਾਮ ਨਾਲ ਮਨਾਇਆ






**ਲੁਧਿਆਣਾ/ ਜਲੰਧਰ–** ਬੁੱਧ ਪੂਰਨਿਮਾ ਮਹਾਂਉਤਸਵ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ ਬਹੁਤ ਸ਼ਰਧਾ ਅਤੇ ਧੂੰਮ–ਧਾਮ ਨਾਲ ਮਨਾਇਆ ਗਿਆ। ਭਿਖਸ਼ੂ ਸੰਘ ਦੇ ਭਿਖਸ਼ੂ ਦਰਸ਼ਨਦੀਪ, ਭਿਖਸ਼ੂ ਪ੍ਰਗਿਆ ਬੋਧੀ ਅਤੇ ਭਿਖਸ਼ੂ ਮੁੱਦਿਤਾ ਬੋਧੀ ਜੀ ਨੇ ਵੰਦਨਾ, ਤ੍ਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਪੜ੍ਹੇ ਅਤੇ ਵਿਸ਼ਵ ਸ਼ਾਂਤੀ ਅਤੇ ਸਿਹਤ ਲਈ ਪ੍ਰਾਰਥਨਾ ਕੀਤੀ। ਭਿਖਸ਼ੂ ਪ੍ਰਗਿਆ ਬੋਧੀ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਬੁੱਧ ਧੰਮ ਮਾਨਵ ਕਲਿਆਣ ਨੂੰ ਪਹਿਲ ਦਿੰਦਾ ਹੈ ਅਤੇ ਇਹ ਧੰਮ ਇਨਸਾਨ ਵਾਸਤੇ ਹੈ। ਬੁੱਧ ਨੇ ਕਿਹਾ ਕਿ ਆਪਣਾ ਦੀਪਕ ਆਪ ਬਣੋ ਅਤੇ ਚੰਗੇ–ਮਾੜੇ ਦੀ ਪਹਿਚਾਣ ਕਰਕੇ ਮਾਨਵ ਕਲਿਆਣ ਦੇ ਕੰਮ ਕਰਨੇ ਚਾਹੀਦੇ ਹਨ। ਉਹਨਾਂ ਕਿਹਾ ਕਿ ਬੁੱਧ ਦਾ ਜਨਮ 2565 ਸਾਲ ਪਹਿਲਾਂ ਹੋਇਆ ਸੀ ਤੇ ਗਿਆਨ ਪ੍ਰਾਪਤੀ ਅਤੇ ਨਿਰਵਾਣ ਪ੍ਰਾਪਤੀ ਇਕੋ ਦਿਨ ਹੋਈ ਜੋ ਵੈਸਾਖ ਪੂਰਨਿਮਾ ਅਤੇ ਬੁੱਧ ਪੂਰਨਿਮਾ ਪੂਰੀ ਦੁਨੀਆਂ ਵਿਚ ਧੂੰਮ–ਧਾਮ ਅਤੇ ਸ਼ਰਧਾ ਨਾਲ ਮਨਾਈ ਜਾਂਦੀ ਹੈ। ਇਸ ਮੌਕੇ 'ਤੇ ਖੀਰ ਅਤੇ ਲੰਗਰ ਵਰਤਾਏ ਗਏ। ਇਸ ਮੌਕੇ 'ਤੇ ਸ੍ਰੀ ਰਾਮ ਪਾਲ ਰਾਹੀ ਪ੍ਰਧਾਨ (ਯੂ. ਕੇ.), ਸ੍ਰੀ ਸੋਹਣ ਲਾਲ ਸਾਂਪਲਾ ਪ੍ਰਧਾਨ ਅੰਬੇਡਕਰ ਮਿਸ਼ਨ ਸੁਸਾਇਟੀ ਯੂਰਪ ਅਤੇ ਸ੍ਰੀ ਸੋਢੀ ਲਾਲ ਬੋਧੀ ਅਮਰੀਕਾ ਵੱਲੋਂ ਬੁੱਧ ਪੂਰਨਿਮਾ ਦੇ ਵਧਾਈ ਸੰਦੇਸ਼ ਵੀ ਪੜ੍ਹ ਕੇ ਸੁਣਾਏ ਗਏ।

**– ਰਾਮਦਾਸ ਗੁਰੂ, ਪ੍ਰੈਸ ਸਕੱਤਰ**

# ਕੈਨੇਡਾ ਵਿੱਚ ਗੁਰਭਜਨ ਗਿੱਲ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ "ਸੁਰਤਾਲ" ਤੇ "ਚਰਖੜੀ" ਲੋਕ ਅਰਪਨ





ਲੁਧਿਆਣਾ ਵੱਸਦੇ ਪ੍ਰਸਿੱਧ ਪੰਜਾਬੀ ਸ਼ਾਇਰ ਗੁਰਭਜਨ ਗਿੱਲ ਦੀਆਂ ਦੋ ਨਵ ਪ੍ਰਕਾਸ਼ਿਤ ਪੁਸਤਕਾਂ "ਸੁਰਤਾਲ" (ਗ਼ਜ਼ਲਾਂ) ਅਤੇ "ਚਰਖੜੀ" (ਕਵਿਤਾਵਾਂ) ਲੋਕ ਅਰਪਨ ਕਰਨ ਹਿਤ ਸਰੀ (ਕੈਨੇਡਾ)ਵਿਖੇ ਇਕ ਸੰਖੇਪ ਪ੍ਰੋਗਰਾਮ ਸੁਰਜੀਤ ਸਿੰਘ ਮਾਧੋਪੁਰੀ, ਕੁਲਦੀਪ ਗਿੱਲ ਅਤੇ ਮੋਹਨ ਗਿੱਲ ਦੀਆਂ ਕੋਸ਼ਸ਼ਾਂ ਸਦਕਾ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਕੁਝ ਚੋਣਵੇਂ ਸਾਹਿਤਕਾਰ ਅਤੇ ਗੁਰਭਜਨ ਗਿੱਲ ਨਾਲ ਨਿੱਘਾ ਸਨੇਹ ਰੱਖਣ ਵਾਲੇ ਦੋਸਤ ਸ਼ਾਮਲ ਹੋਏ। ਇਸ ਪ੍ਰੋਗਰਾਮ ਵਿਚ ਲੁਧਿਆਣਾ ਤੋਂ ਗੁਰਭਜਨ ਗਿੱਲ ਨੂੰ ਜ਼ੂਮ ਰਾਹੀਂ ਜੋੜਿਆ ਗਿਆ।

ਪ੍ਰੋਗਰਾਮ ਦਾ ਆਗਾਜ਼ ਸੁਰਜੀਤ ਸਿੰਘ ਮਾਧੋਪੁਰੀ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਗੰਭੀਰ ਪਾਠਕ ਕੁਲਦੀਪ ਗਿੱਲ ਨੇ ਚਰਖੜੀ ਪੁਸਤਕ ਵਿੱਚਲੀਆਂ ਚੋਣਵੀਆਂ ਕਵਿਤਾਵਾਂ ਨੂੰ ਆਪਣੇ ਨਜ਼ਰੀਏ ਤੋਂ ਵਾਚਦਿਆਂ ਕਿਹਾ ਕਿ ਗੁਰਭਜਨ ਗਿੱਲ ਨੇ ਸਮਾਜ ਵਿਚਲੀਆਂ ਬੁਰਾਈਆਂ, ਧੱਕੇਸ਼ਾਹੀਆਂ, ਚੁਣੌਤੀਆਂ ਪ੍ਰਤੀ ਨਿਧੜਕ ਹੋ ਕੇ ਕਵਿਤਾ ਰਾਹੀਂ ਹਮੇਸ਼ਾ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਕੁਲਦੀਪ ਗਿੱਲ ਨੇ ਕੁਝ ਕਵਿਤਾਵਾਂ ਵੀ ਪੜੀਆਂ ਅਤੇ ਉਹਨਾਂ ਦੇ ਸੰਦਰਭ ਵਿਚ ਚਰਚਾ ਵੀ ਕੀਤੀ। ਨਵਤੇਜ ਭਾਰਤੀ, ਅਜਮੇਰ ਰੋਡੇ, ਜਰਨੈਲ ਸਿੰਘ ਆਰਟਿਸਟ, ਮੋਹਨ ਗਿੱਲ, ਜਰਨੈਲ ਸਿੰਘ ਸੇਖਾ, ਰਾਏ ਅਜ਼ੀਜ ਉੱਲਾ ਖਾਨ, ਡਾ. ਪ੍ਰਿਥੀਪਾਲ ਸਿੰਘ ਸੋਹੀ, ਸੁਖਵਿੰਦਰ ਸਿੰਘ ਚੋਹਲਾ, ਹਰਦਮ ਸਿੰਘ ਮਾਨ, ਅੰਗਰੇਜ਼ ਬਰਾੜ ਅਤੇ ਸੁੱਖੀ ਬਾਠ ਨੇ ਗੁਰਭਜਨ ਗਿੱਲ ਨੂੰ ਵਾਹਿਦ ਪੰਜਾਬੀ ਸ਼ਾਇਰ ਕਿਹਾ ਜਿਸ ਦੀਆਂ ਕਵਿਤਾਵਾਂ ਦਾ ਸੰਚਾਰ ਆਮ ਆਦਮੀ ਤੱਕ ਹੁੰਦਾ ਹੈ। ਉਹਨਾਂ ਦੀਆਂ ਚਰਚਿਤ ਕਵਿਤਾਵਾਂ ਲੋਰੀ, ਨੰਦੋ ਬਾਜ਼ੀਗਰਨੀ, ਡਾਰਵਿਨ ਝੂਠ ਬੋਲਦਾ ਹੈ ਆਦਿ ਦਾ ਵਿਸ਼ੇਸ਼ ਜਿਕਰ ਕੀਤਾ ਗਿਆ।

ਪ੍ਰਸਿੱਧ ਸ਼ਾਇਰ ਨਵਤੇਜ ਭਾਰਤੀ, ਅਜਮੇਰ ਰੋਡੇ, ਜਰਨੈਲ ਸਿੰਘ ਆਰਟਿਸਟ, ਜਗਜੀਤ ਸੰਧੂ, ਕਰਮਜੀਤ ਸਿੰਘ ਬੁੱਟਰ, ਡਾ. ਰੁਸਤਮ ਸਿੰਘ ਗਿੱਲ, ਰਛਪਾਲ ਗਿੱਲ, ਜਸਬੀਰ ਗੁਣਾਚੌਰੀਆ, ਜਸਕਰਨ ਜੱਸੀ, ਸੁਖਦੀਪ ਸਿੰਘ ਗਿੱਲ ਨੇ ਵੀ ਦੋਹਾਂ ਪੁਸਤਕਾਂ ਦੀ ਪ੍ਰਕਾਸ਼ਨਾਂ ਲਈ ਗੁਰਭਜਨ ਗਿੱਲ ਨੂੰ ਮੁਬਾਰਕਬਾਦ ਦਿੱਤੀ। ਸੁਰਜੀਤ ਸਿੰਘ ਮਾਧੋਪੁਰੀ ਨੇ "ਸੁਰਤਾਲ" ਵਿਚਲੀਆਂ ਦੋ ਗ਼ਜ਼ਲਾਂ ਨੂੰ ਤਰੰਨਮ ਵਿਚ ਪੇਸ਼ ਕਰਕੇ ਪ੍ਰੋਗਰਾਮ ਨੂੰ ਸਿਖਰ ਤੇ ਪੁਚਾਇਆ।

ਅੰਤ ਵਿਚ ਗੁਰਭਜਨ ਗਿੱਲ ਨੇ ਆਪਣੇ ਧੰਨਵਾਦੀ ਸ਼ਬਦਾਂ ਵਿਚ ਕਿਹਾ ਕਿ ਮੇਰਾ ਸੁਭਾਗ ਕਿ ਏਨੀ ਮੁਹੱਬਤ ਦੇਣ ਵਾਲੇ ਬੇਲੀਆਂ ਦਾ ਕਾਫ਼ਲਾ ਗ਼ੈਰਹਾਜ਼ਰੀ ਚ ਵੀ ਪੁਸਤਕਾਂ ਦੀ ਘੁੰਡ ਚੁਕਾਈ ਦਾ ਜਸ਼ਨ ਮਨਾ ਰਿਹਾ ਹੈ। ਇਸ ਕਿਤਾਬ ਨੂੰ ਕੋਵਿਡ ਕਾਰਨ ਭਾਰਤ ਵਿਚ ਕਿਤੇ ਵੀ ਲੋਕ ਅਰਪਨ ਸਮਾਰੋਹ ਵਿਚ ਪੇਸ਼ ਨਹੀਂ ਕੀਤਾ ਗਿਆ ਪਰ ਕੈਨੇਡਾ ਬੈਠੇ ਸਭ ਸੱਜਣ ਬੇਲੀ ਬੜੇ ਚਾਅ ਨਾਲ ਪੜ ਰਹੇ ਹਨ। ਉਹਨਾਂ ਸਿੰਘ ਬਰਦਰਜ਼ ਅੰਮ੍ਰਿਤਸਰ ਤੋਂ ਦੋਵੇਂ ਪੁਸਤਕਾਂ ਮੰਗਵਾ ਕੇ ਕੈਨੇਡਾ ਵਿਚ ਇਸ ਦਾ ਲੋਕ ਅਰਪਨ ਕਰਨ ਲਈ ਸੁਰਜੀਤ ਸਿੰਘ ਮਾਧੋਪੁਰੀ ਅਤੇ ਮੋਹਨ ਗਿੱਲ ਸਮੇਤ ਸਭ ਮਿੱਤਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।

**– ਹਰਦਮ ਸਿੰਘ ਮਾਨ**

## ਮਾਸਟਰ ਜਗਜੀਤ ਸ਼ਿੰਘ ਦੇ ਵਿਛੌੜੇ ਨਾਲ ਸਿੱਖਿਆ ਜਗਤ ਨੂੰ ਪਿਆ ਘਾਟਾ



**ਪਟਿਆਲਾ–** ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮਾਂ ਮਾਝੀ ਸਕੂਲ ਵਿਖੇ ਬਤੌਰ ਮੈਥ ਮਾਸਟਰ ਸੇਵਾ ਨਿਭਾ ਰਹੇ ਮਾਸਟਰ ਜਗਜੀਤ ਸਿੰਘ ਲੰਬੀ ਬਿਮਾਰੀ ਨਾਲ ਜੂਝਦੇ ਹੋਏ ਆਖਿਰ ਇਸ ਦੁਨੀਆਂ ਨੂੰ ਅੱਜ ਸਵੇਰੇ (27 ਜੁਲਾਈ) ਅਲਵਿਦਾ ਕਹਿ ਗਏ।ਉਹ ਬਹੁਤ ਹੀ ਮਿਹਨਤੀ ਅਤੇ ਇਮਾਨਦਾਰ ਅਧਿਆਪਕ ਸਨ।ਉਹ ਹਮੇਸ਼ਾ ਚੜ੍ਹਦੀਕਲਾ 'ਚ ਰਹਿਣ ਵਾਲੇ ਸਨ।ਉਨ੍ਹਾਂ ਦੇ ਮਾਝੀ ਸਕੂਲ ਦੇ ਬੱਚਿਆਂ ਅਤੇ ਸਟਾਫ ਨਾਲ ਹਮੇਸ਼ਾ ਨਿੱਘੇ ਸਬੰਧ ਰਹੇ ਹਨ।ਉਨ੍ਹਾਂ ਦਾ ਮਾਝੀ ਸਕੂਲ ਨਾਲ ਮੋਹ ਹੋਣ ਕਾਰਨ ਉਨ੍ਹਾਂ ਕਦੇ ਬਦਲੀ ਕਰਾ ਕੇ ਨੇੜੇ ਜਾਣ ਦੀ ਨਹੀਂ ਸੋਚੀ। ਅਧਿਆਪਕ ਦਾ ਸਨਮਾਨ ਸਮਾਜ ਅੰਦਰ ਭਾਵੇਂ ਘਟਿਆ ਹੈ ਪਰ ਫਿਰ ਵੀ ਕਈ ਅਧਿਆਪਕਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦਾ ਹਰ ਕੋਈ ਸਤਿਕਾਰ ਕਰਦਾ ਹੈ। ਇਹੋ ਜਿਹੇ ਹੀ ਇਨਸਾਨ ਸਨ ਜਗਜੀਤ ਸਿੰਘ।ਉਹ ਸੰਗਰੂਰ ਬਲਾਕ–2 ਦੇ ਬੀ.ਐਮ. ਮੈਥ ਰਹਿਣ ਕਾਰਨ ਵੀ ਅਧਿਆਪਕਾਂ 'ਚ ਹਰਮਨ ਪਿਆਰੇ ਸੀ। ਉਨ੍ਹਾਂ ਦੇ ਪਟਿਆਲਾ ਵਿਖੇ ਸ਼ੰਸ਼ਕਾਰ ਮੌਕੇ ਮਾਝੀ ਅਤੇ ਹੋਰ ਸਕੂਲਾਂ ਦੇ ਬਹੁਤ ਸਾਰੇ ਅਧਿਆਪਕ ਵੀ ਹਾਜ਼ਰ ਸਨ। ਸੰਗਰੂਰ ਜਿਲ੍ਹੇ ਦੇ ਬਹੁਤ ਸਾਰੇ ਅਧਿਆਪਕਾਂ ਨੇ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਆਪਣਾ ਦੁੱਖ ਪ੍ਰਗਟ ਕੀਤਾ ਹੈ।ਉਨ੍ਹਾਂ ਦੇ ਜਾਣ ਨਾਲ ਜਿਥੇ ਸਿੱਖਿਆ ਜਗਤ ਨੂੰ ਤਾਂ ਘਾਟਾ ਪਿਆ ਹੀ ਹੈ,ਉਥੇ ਮਾਝੀ ਸਕੂ਼ਲ ਨੂੰ ਵਿਸ਼ੇਸ ਤੌਰ ਤੇ ਘਾਟਾ ਪਿਆ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com, www.ambedkartimes.com

## Big loss to the Malhi and Sahota Families



The Malhi, Sahota and Dhami Family have lost a prestige member of their family, Nirmal Singh Malhi. Beloved husband, father, grandfather and brother passed away peacefully at his home in Tracy on July 23 at the age of 78. He was born August 21, 1942 in Punjab.

He is survived by his wife Jinder Kaur, son Vickram Singh, daughter Satvir Kaur, son-in-law Pirthipal Singh, his 3 brothers, his sister and his 6 grandchildren. His 78 years on this earth were beautiful and full. He touched each and every one that met him. His heart and his generosity knew no bounds. He always had a positive outlook in life and always thrived to live life as best he could with purpose and with love and joy.

Prayer services will start at Fry Memorial Chapel,550 S Central Ave, Tracy, CA 95376, at 3:00 p.m. on Saturday July 31, 2021, followed by final prayer and cremation.

Additional prayer services will follow at Gurdwara Sahib Tracy,11770 West Colver Rd Tracy, CA.

**For more information:**
**Contact (209) 221-0249.**

# ਸਮਾਂ ਆਉਣ ਤੇ ਕਿਸਾਨ ਤੇ ਦਲਿਤ ਪੱਛੜੇ ਘੱਟ ਗਿਣਤੀਆਂ ਵਿਰੋਧੀ ਭਾਜਪਾ ਨੂੰ ਮਜ਼ਾ ਚੱਖਾਵਾਂਗੇ - ਜਸਵੀਰ ਸਿੰਘ ਗੜ੍ਹੀ

**ਜਲੰਧਰ:-** ਬਹੁਜਨ ਸਮਾਜ ਪਾਰਟੀ ਦੀ ਜੋਸ਼ ਭਰੀ ਅੰਦੋਲਨਕਾਰੀ ਮੂਵਮੈਂਟ ਨੂੰ ਉਸ ਵੇਲੇ ਹੁਲਾਰਾ ਮਿਲਿਆ ਜਦੋਂ ਭਾਜਪਾ ਚ ਗਏ ਬਸਪਾ ਆਗੂ ਸਵਿੰਦਰ ਸਿੰਘ ਛੱਜਲਵੰਡੀ ਸਿਰਫ ਚਾਰ ਦਿਨਾਂ ਬਾਅਦ ਹੀ ਘਰ ਵਾਪਸੀ ਕਰਦੇ ਹੋਏ ਮੁੜ ਬਸਪਾ ਦਾ ਪੱਲਾ ਫੜ ਲਿਆ। ਸੂਬਾ ਜਰਨਲ ਸਕੱਤਰ ਭਗਵਾਨ ਸਿੰਘ ਚੌਹਾਨ ਦੀ ਪ੍ਰੇਰਨਾ ਨਾਲ ਮੁੜ ਤੋ ਸ਼ਾਮਿਲ ਕਰਵਾਉਂਦੇ ਹੋਏ ਬਸਪਾ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਬਸਪਾ ਪੰਜਾਬ ਵਿੱਚ ਸੱਤਾ ਦੀ ਜੰਗ ਤੇਜ ਤਰਾਰ ਰੂਪ ਵਿਚ ਲੜ ਰਹੀ ਹੈ। ਜਿਸ ਕਰਕੇ ਪੂਰੇ ਬਹੁਜਨ ਸਮਾਜ ਵਿਚ ਜੋਸ਼ ਹੈ ਪ੍ਰੰਤੂ ਭਾਜਪਾ ਪੰਜਾਬੀਆ ਨੂੰ ਗੁੰਮਰਾਹਕੁੰਨ ਪ੍ਰਚਾਰ ਕਰਕੇ ਦਲਿਤ ਮੁੱਖ ਮੰਤਰੀ ਦੇ ਨਾਮ ਤੇ ਭਰਮਾਉਣ ਦੀ ਨਾਕਾਮ ਕੋਸ਼ਿਸ਼ ਕਰ ਰਹੀ ਹੈ ਜਦੋਂ ਕਿ ਕੇਂਦਰ ਸਰਕਾਰ ਨੂੰ ਆਮ ਪੰਜਾਬੀਆਂ ਲਈ ਰੋਜ਼ੀ ਰੋਟੀ ਤੇ ਰੁਜਗਾਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸ ਗੜ੍ਹੀ ਨੇ ਕਿਹਾ ਕਿ ਸਮਾਂ ਆਉਣ ਤੇ ਕਿਸਾਨ ਤੇ ਦਲਿਤ ਵਿਰੋਧੀ ਭਾਜਪਾ ਨੂੰ ਮਜ਼ਾ ਚੱਖਾਵਾਂਗੇ। ਪੰਜਾਬ ਵਿੱਚ ਕੁਝ ਲੋਕ ਬਸਪਾ ਨਾਮ ਵਰਤਕੇ ਕਾਂਗਰਸ ਭਾਜਪਾ



ਦੇ ਹੱਥਾਂ ਵਿਚ ਖੇਡਕੇ ਝੂਠੇ ਮਿਸਨਰੀਆਂ ਦਾ ਨੀਲਾ ਚੋਗਾ ਪਾਕੇ ਪਾਰਟੀ ਦੇ ਵਰਕਰਾਂ/ਨੇਤਾਵਾਂ ਨੂੰ ਭਰਮਾਉਣ ਲਈ ਨਿੱਤ ਨਵੀਆਂ ਸਾਜਿਸ਼ਾਂ ਘੜ ਰਹੇ ਹਨ, ਜਿਹਨਾਂ ਦੀ ਪਲ ਪਲ ਦੀ ਜਾਣਕਾਰੀ ਪਾਰਟੀ ਕੋਲ ਹੈ, ਜੋਕਿ ਚੱਲੇ ਹੋਏ ਕਾਰਤੂਸ ਤੋਂ ਜਿਆਦਾ ਤਾਕਤ ਨਹੀਂ ਰੱਖਦੇ। ਅੱਜ ਪੂਰੇ ਪੰਜਾਬ ਦੀ ਬਸਪਾ ਇਕਮੁਠ ਤੇ ਇਕਜੁਟ ਹੈ, ਵਿਰੋਧੀ ਪਾਰਟੀਆਂ ਬਸਪਾ ਦੇ ਮਜ਼ਬੂਤ ਕਿਲ੍ਹੇ ਵਿੱਚ ਸ਼ਨ੍ਹ ਲਾਉਣ ਲਈ ਨਾਕਾਮ ਕੋਸ਼ਿਸ਼ਾਂ ਕਰ ਰਹੀਆਂ ਹਨ।

ਇਸ ਮੌਕੇ ਭਗਵਾਨ ਸਿੰਘ ਚੌਹਾਨ ਨੇ ਕਿਹਾ ਕਿ ਬਸਪਾ ਦੇ ਮਿਸ਼ਨਰੀ ਨੇਤਾ/ਵਰਕਰਾਂ ਨੂੰ ਇਸ ਨਾਜ਼ੁਕ ਮੌਕੇ ਤੇ ਆਪਣੀ ਨਿੱਜੀ ਕੁਰਸੀ ਲਈ ਸਵਾਰਥ ਛੱਡਕੇ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ 'ਚ ਇਕੱਠੇ ਹੋ ਕੇ ਸੱਤਾ ਦੇ ਭਾਗੀਦਾਰ ਬਣਨ ਦਾ ਹੰਭਲਾ ਮਾਰਨਾ ਚਾਹੀਦਾ ਹੈ। ਇਸ ਮੌਕੇ ਸੂਬਾ ਜਨਰਲ ਸਕੱਤਰ ਸ ਮਨਜੀਤ ਸਿੰਘ ਅਟਵਾਲ ਤੇ ਰੋਹਿਤ ਖੋਖਰ, ਜੋਨ ਇੰਚਾਰਜ ਗੁਰਬਖਸ਼ ਮਹੇ, ਗੁਰਬਖਸ ਸਿੰਘ ਸ਼ੇਰਗਿੱਲ ਆਦਿ ਦੇ ਵਰਕਰ ਸ਼ਾਮਿਲ ਸਨ।

## ਬਸਪਾ ਨੇ ਚਾਰ ਵਿਧਾਨ ਸਭਾ ਦੇ ਹਲਕਾ ਇੰਚਾਰਜ ਐਲਾਨ ਕੀਤੇ



ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ (ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼, ਸਾਬਕਾ ਮੈਂਬਰ ਰਾਜ ਸਭਾ) ਦੇ ਨਿਰਦੇਸ਼ਾ ਵਿੱਚ ਪੰਜਾਬ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ ਵਲੋਂ ਅੱਜ ਚਾਰ ਵਿਧਾਨ ਸਭਾ ਦੇ ਹਲਕਾ ਇੰਚਾਰਜ ਐਲਾਨ ਕੀਤੇ ਗਏ ਹਨ।

ਇਹ ਸੀਟਾਂ ਸ਼ਰੋਮਣੀ ਅਕਾਲੀ ਦਲ ਨਾਲ ਚੋਣ ਸਮਝੌਤੇ ਵਿੱਚ ਬਸਪਾ ਦੇ ਹਿੱਸੇ ਦੀਆਂ ਹਨ। ਇਹ ਹਲਕਾ ਇੰਚਾਰਜ ਬਸਪਾ ਵਲੋਂ ਸੰਭਾਵੀ ਉਮੀਦਵਾਰ ਹੋ ਸਕਦੇ ਹਨ। ਜਿਹਨਾਂ ਦਾ ਵੇਰਵਾ ਨਿਮਨਲਿਖਿਤ ਹੈ-:

1) ਨਵਾਂ ਸ਼ਹਿਰ ਤੋਂ ਡਾ ਨਛੱਤਰ ਪਾਲ (D Pharmacy, Persuing LLB)
2) ਪਾਇਲ (SC) ਤੋਂ ਡਾ ਜਸਪ੍ਰੀਤ ਸਿੰਘ (BAMS)
3) ਬੱਸੀ ਪਠਾਣਾ (SC) ਤੋਂ ਐਡਵੋਕੇਟ ਸ਼ਿਵ ਕੁਮਾਰ ਕਲਿਆਣ (BA, LLB)
4) ਕਰਤਾਰਪੁਰ (SC) ਤੋਂ ਐਡਵੋਕੇਟ ਬਲਵਿੰਦਰ ਕੁਮਾਰ (MA, LLB)

ਇਸ ਮੌਕੇ ਇੰਚਾਰਜ ਸ੍ਰੀ ਵਿਪਲ ਕੁਮਾਰ, ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਅਤੇ ਸਮੁੱਚੀ ਸੂਬਾ ਕਮੇਟੀ, ਜ਼ੋਨ ਕਮੇਟੀ ਤੇ ਜ਼ਿਲਾ ਪ੍ਰਧਾਨ ਆਦਿ ਅਹੁਦੇਦਾਰ ਹਾਜ਼ਰ ਸਨ।

**ਸਹੀ/-**
**ਰਣਧੀਰ ਸਿੰਘ ਬੈਣੀਵਾਲ**
**ਇੰਚਾਰਜ ਬਸਪਾ ਪੰਜਾਬ, ਚੰਡੀਗੜ੍ਹ, ਹਰਿਆਣਾ**

## ਸੰਤ ਕ੍ਰਿਸ਼ਨ ਨਾਥ ਚਹੇੜੂ ਵਾਲਿਆਂ ਵਲੋਂ ਅਰਦਾਸ ਕਰਨ ਉਪਰੰਤ ਧਰਮਸ਼ਾਲਾ ਦੀ ਉਸਾਰੀ ਸ਼ੁਰੂ

**ਫਗਵਾੜਾ 26 ਜੁਲਾਈ-** ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵਲੋਂ ਸ਼ਹਿਰ ਦੇ ਵਾਰਡ ਨੰਬਰ 25 ਅਧੀਨ ਮੁਹੱਲਾ ਕੌਲਸਰ ਵਿਖੇ ਕਾਫੀ ਸਮੇਂ ਤੋਂ ਖਸਤਾ ਹਾਲ ਧਰ-ਮਸ਼ਾਲਾ ਦੀ ਮੁੜ ਉਸਾਰੀ ਲਈ ਪੰਜਾਬ ਸਰਕਾਰ ਤੋਂ ਜਾਰੀ ਕਰਵਾਈ ਗ੍ਰਾਂਟ ਨਾਲ ਅੱਜ ਉਸਾਰੀ ਦੇ ਕੰਮ ਦਾ ਸ਼ੁੱਭ ਆਰੰਭ ਡੇਰਾ ਸੰਤ ਬਾਬਾ ਫੂਲਨਾਥ ਨਾਨਕ ਨਗਰੀ ਚਹੇੜੂ ਦੇ ਗੱਦੀ ਨਸ਼ੀਨ ਸੰਤ ਕ੍ਰਿਸ਼ਨ ਨਾਥ ਵਲੋਂ ਅਰਦਾਸ ਉਪਰੰਤ ਕੀਤਾ ਗਿਆ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਭਾਗਮੱਲ ਨੇ ਦੱਸਿਆ ਕਿ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਲੋਂ ਗ੍ਰਾਂਟ ਜਾਰੀ ਕਰਾਉਣ ਉਪਰੰਤ ਕੁੱਝ ਸਮਾਂ ਪਹਿਲਾਂ ਹਲਕਾ ਵਿਧਾਇਕ ਬਲਵਿੰਦਰ ਸਿੰਘ ਨੇ ਧਰਮਸ਼ਾਲਾ ਦਾ ਨੀਂਹ ਪੱਥਰ ਰੱਖਿਆ ਸੀ ਪਰ ਕੋਵਿਡ-19 ਕੋਰੋਨਾ ਲਾਕਡਾਉਨ ਦੇ ਚਲਦਿਆਂ ਕੰਮ ਸ਼ੁਰੂ ਕਰਾਉਣ ਵਿਚ ਕੁੱਝ ਸਮਾਂ ਲੱਗ ਗਿਆ। ਅੱਜ ਸੰਤ ਕ੍ਰਿਸ਼ਨ ਨਾਥ ਜੀ ਨੇ ਆਪਣੇ ਪਵਿੱਤਰ ਚਰਨ ਪਾਏ ਹਨ ਅਤੇ ਅਰਦਾਸ ਕਰਕੇ ਕੰਮ ਸ਼ੁਰੂ ਕਰਵਾਇਆ ਹੈ। ਉਹਨਾਂ ਵਿਧਾਇਕ ਧਾਲੀਵਾਲ ਦਾ ਗ੍ਰਾਂਟ ਜਾਰੀ ਕਰਾਉਣ ਲਈ ਇਕ ਵਾਰ ਫਿਰ



ਸਮੂਹ ਇਲਾਕਾ ਨਿਵਾਸੀਆਂ ਵਲੋਂ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਗੁਰੂ ਰਵਿਦਾਸ ਸੁਸਾਇਟੀ ਦੇ ਪ੍ਰਧਾਨ ਮਦਨ ਲਾਲ, ਕਮੇਟੀ ਮੈਂਬਰ ਗੁਰਦੇਵ ਰਾਜ ਫੌਜੀ, ਸ਼ਰਧਾ ਰਾਮ, ਮੇਵਾ ਲਾਲ, ਨਹਿਰੂ ਲਾਲ, ਸੋਹਨ ਸਿੰਘ ਪਰਮਾਰ, ਨਿੰਮਾ ਰਵੀਦਾਸ ਨਗਰ, ਠੇਕੇਦਾਰ ਚੰਦਰੇਸ਼ ਕੁਮਾਰ, ਕਮਲਜੀਤ ਸਾਬਕਾ ਸਰਪੰਚ ਖੋਥੜਾਂ, ਪਰਮਜੀਤ ਕੌਰ ਪੰਮੀ, ਰਾਜਵਿੰਦਰ ਕੌਰ, ਸ਼ੀਤਲਾ ਦੇਵੀ, ਸੀਤਾ ਦੇਵਾ, ਸਤਿਆ ਦੇਵੀ, ਊਸ਼ਾ ਰਾਣੀ, ਸੁਨੀਤਾ ਰਾਣੀ ਸਮੇਤ ਵਾਰਡ ਦੇ ਪਤਵੰਤੇ ਹਾਜਰ ਸਨ।







ਪਿੰਡ ਜੀਦਾ ਦੇ ਦਲਿਤ ਮਜ਼ਦੂਰਾਂ 'ਤੇ ਅਣਮਨੁੱਖੀ ਕਹਿਰ ਢਾਹੁਣ ਵਾਲੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਨੂੰ ਲੈਕੇ ਅੱਜ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਥਾਣਾ ਨੇਹੀਆਂ ਵਾਲਾ ਅੱਗੇ ਦਿੱਤਾ ਧਰਨਾ ਤੇ ਪਿੰਡ ਜੀਦਾ ਚ ਕੀਤੀ ਰੋਹ ਭਰਪੂਰ ਰੈਲੀ।

## ਅਮਰੀਕੀ ਹਾਊਸ ਨੇ ਅਫਗਾਨਾਂ ਲਈ ਵੀਜ਼ਾ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਦਿੱਤੀ ਵੋਟ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆ), 23 ਜੁਲਾਈ 2021**

ਅਮਰੀਕੀ ਹਾਊਸ (ਸਦਨ) ਨੇ ਵੀਰਵਾਰ ਨੂੰ ਇੱਕ ਅਜਿਹਾ ਬਿੱਲ ਪਾਸ ਕੀਤਾ ਹੈ ਜੋ ਵਿਸ਼ੇਸ਼ ਤੌਰ 'ਤੇ ਉਹਨਾਂ ਅਫਗਾਨੀ ਲੋਕਾਂ ਲਈ ਸ੍ਰਪੈਸ਼ਲ ਇਮੀਗ੍ਰਾਂਟ ਵੀਜ਼ਾ ਪ੍ਰੋਸੈਸ (ਐੱਸ ਆਈ ਵੀ) ਦੀ ਪ੍ਰਕਿਰਿਆ ਨੂੰ ਤੇਜ਼ ਕਰੇਗਾ, ਜਿਨ੍ਹਾਂ ਨੇ ਅਮਰੀਕੀ ਫੌਜਾਂ ਦੀ ਮਦਦ ਕੀਤੀ ਹੈ। ਸਦਨ ਵੱਲੋਂ ਪਾਸ ਇਹ ਬਿੱਲ ਅਫਗਾਨੀ ਲੋਕਾਂ ਲਈ ਵੀਜ਼ਾ ਪ੍ਰਕਿਰਿਆ ਦੀਆਂ ਵਧੇਰੇ ਕਾਗਜ਼ੀ ਕਾਰਵਾਈਆਂ ਨੂੰ ਖਤਮ ਕਰੇਗਾ ਅਤੇ ਯੋਗ ਅਫਗਾਨਾਂ ਨੂੰ ਦੇਣ ਵਾਲੇ ਵੀਜ਼ੇ ਦੀ ਗਿਣਤੀ ਵਿੱਚ ਵਾਧਾ ਵੀ ਕਰੇਗਾ। ਅਮਰੀਕੀ ਸੈਨਾ ਦੇ ਨਾਲ ਕੰਮ ਕਰਨ ਤੋਂ ਬਾਅਦ ਤਾਲਿਬਾਨ ਦਾ ਡਰ ਰੱਖਣ ਵਾਲੇ ਅਫਗਾਨ ਬਾਈਡੇਨ ਪ੍ਰਸ਼ਾਸਨ ਦੁਆਰਾ ਉੱਥੋਂ ਕੱਢੇ ਜਾ ਰਹੇ ਹਨ , ਪਰ ਇਸ ਲਈ ਬਿਨੈਕਾਰਾਂ ਨੂੰ ਐੱਸ ਆਈ ਵੀ ਦੀ ਪ੍ਰਕਿਰਿਆ ਨੂੰ ਪੂਰਾ ਕਰਨ ਦੀ ਜ਼ਰੂਰਤ ਹੁੰਦੀ ਹੈ, ਜਿਸ ਨੂੰ ਪੂਰਾ ਕਰਨ ਵਿੱਚ ਕਈ ਸਾਲ ਲੱਗ ਸਕਦੇ ਹਨ। ਇਹ ਨਵਾਂ ਅਲਾਇਸ ਐਕਟ ਜੋ ਕਿ 407-16 ਵੋਟਾਂ ਨਾਲ ਪਾਸ ਹੋਇਆ ਹੈ, ਵੀਜੇ ਦੀ 14 ਸਟੈਪਜ਼ ਵਾਲੀ ਪ੍ਰਕਿਰਿਆ ਵਿੱਚ ਕੁੱਝ ਬੇਲੋੜੀਆਂ ਕਾਗਜੀ ਕਾਰਵਾਈਆਂ ਨੂੰ ਖਤਮ ਕਰ ਦੇਵੇਗਾ ਅਤੇ ਨਾਲ ਹੀ ਉਪਲੱਬਧ ਵੀਜ਼ਿਆਂ ਦੀ ਗਿਣਤੀ ਵਿੱਚ 8,000 ਤੱਕ ਦਾ ਵਾਧਾ ਵੀ ਹੋਵੇਗਾ। ਬਿੱਲ ਪਿਛਲੇ ਮਹੀਨੇ ਸਦਨ ਦੁਆਰਾ ਪਾਸ ਕੀਤੇ ਗਏ 'ਹੋਪ ਫਾਰ ਅਫਗਾਨ ਐੱਸ ਆਈ ਵੀ ਐਕਟ' ਤੋਂ ਬਾਅਦ ਆਇਆ ਹੈ, ਜੋ ਡਾਕਟਰੀ ਜਾਂਚ ਦੀਆਂ ਜ਼ਰੂਰਤਾਂ ਸਬੰਧੀ ਸੀ। ਅੰਕੜਿਆਂ ਅਨੁਸਾਰ ਇਸ ਯੋਜਨਾ ਤਹਿਤ ਮੌਜੂਦਾ ਬਿਨੈਕਾਰਾਂ ਦੀ ਗਿਣਤੀ 20,000 ਤੋਂ ਵੱਧ ਹੈ, ਪਰ ਲੱਗਭਗ ਅੱਧਿਆਂ ਨੇ ਅਜੇ ਤੱਕ ਅਰਜ਼ੀ ਦੇ ਸ਼ੁਰੂਆਤੀ ਪੜਾਅ ਨੂੰ ਵੀ ਪੂਰਾ ਨਹੀਂ ਕੀਤਾ ਹੈ।




## ਕਾਰਸੇਵਾ ਦੇ 20 ਵਰ੍ਹੇ ਪੂਰੇ

# ਵਿਧਾਨ ਸਭਾ ਚੋਣਾਂ ਦੌਰਾਨ ਵਾਤਾਵਰਣ ਨੂੰ ਮੁੱਖ ਮੁੱਦਾ ਬਣਾਉਣ ਦੀ ਅਪੀਲ- ਸੰਤ ਸੀਚੇਵਾਲ








**ਪਾਲ ਸਿੰਘ ਨੌਲੀ**

**ਸੁਲਤਾਨਪੁਰ ਲੋਧੀ, 25 ਜੁਲਾਈ–** ਦੇਸ਼ ਦੇ ਪਲੀਤ ਹੋ ਚੁੱਕੇ ਦਰਿਆਵਾਂ ਲਈ ਰਾਹ ਦਸੇਰਾ ਬਣੀ ਬਾਬੇ ਨਾਨਕ ਦੀ ਚਰਨਛੋਹ ਪਵਿੱਤਰ ਵੇਈਂ ਦੀ ਕਾਰ ਸੇਵਾ ਦੀ 21ਵੀਂ ਵਰ੍ਹੇਗੰਢ ਮੌਕੇ ਪੰਜਾਬ ਦੇ ਡੂੰਘੇ ਹੋ ਰਹੇ ਪਾਣੀਆਂ ਤੇ ਸੁੱਕ ਰਹੇ ਦਰਿਆਵਾਂ ਬਾਰੇ ਫਿਕਰਮੰਦੀ ਜਾਹਰ ਕੀਤੀ ਗਈ। ਇਸ ਮੌਕੇ ਬੁਲਾਰਿਆਂ ਨੇ ਇੱਕਸੁਰ ਹੁੰਦਿਆ ਕਿਹਾ ਕਿ ਪੰਜਾਬ ਦੀਆਂ ਨਦੀਆਂ ਤੇ ਦਰਿਆਵਾਂ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਰਲਮਿਲ ਕੇ ਹੰਭਲਾ ਮਾਰਿਆ ਜਾਵੇ।

ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ 21 ਸਾਲਾਂ ਦੀ ਕਾਰ ਸੇਵਾ ਵਿੱਚ ਸੰਗਤਾਂ ਵੱਲੋਂ ਪਾਏ ਗਏ ਨਿਸ਼ਕਾਮ ਯੋਗਦਾਨ ਦੀ ਸਲਾਂਘਾ ਕੀਤੀ। ਉਨ੍ਹਾਂ ਕਿਹਾ ਕਿ ਕਾਰ ਸੇਵਾ ਨੇ ਦੁਨੀਆਂ ਦੇ ਵਾਤਾਵਰਨ ਪ੍ਰੇਮੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਪਰ ਦੁੱਖ ਦੀ ਗੱਲ ਹੈ ਕਿ 21 ਸਾਲ ਬੀਤ ਜਾਣ ਦੇ ਬਾਵਜੂਦ ਵੀ ਪਵਿੱਤਰ ਵੇਈਂ ਵਿੱਚ ਪੈ ਰਹੇ ਗੰਦੇ ਪਾਣੀ ਪੈਣੋਂ ਬੰਦ ਨਹੀਂ ਹੋਏ। ਉਨ੍ਹਾਂ ਨੇ ਅਪੀਲ ਕੀਤੀ ਕਿ ਬਰਸਾਤਾਂ ਦੇ ਦਿਨਾਂ ਵਿੱਚ ਪੰਜਾਬ ਦੀ ਧਰਤੀ ਦੇ ਚੱਪੇ-ਚੱਪੇ ਨੂੰ ਰੁੱਖ ਲਾ ਕੇ ਭਰ ਦਿੱਤਾ ਜਾਵੇ। ਜਦੋਂ ਗੰਦੇ ਪਾਣੀ ਦਰਿਆਵਾਂ ਵਿੱਚ ਪਾਉਣੇ ਸ਼ੁਰੂ ਕੀਤੇ ਉਦੋਂ ਤੋਂ ਹੀ ਮਨੁੱਖ ਬੀਮਾਰੀਆਂ ਦਾ ਸ਼ਿਕਾਰ ਹੁੰਦਾ ਗਿਆ। ਸੰਤ ਸੀਚੇਵਾਲ ਨੇ ਕਿਹਾ ਕਿ ਕਿਸਾਨਾਂ ਨੂੰ ਪਾਣੀ ਬਚਾਉਣ ਲਈ ਸਬਸਿਡੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਵਾਤਾਵਰਣ ਦਾ ਮੁੱਦਾ ਬਣਾਉਣ। ਲੋਕ ਉਸ ਨੂੰ ਵੋਟਾਂ ਪਾਉਣ ਜਿਹੜੇ ਸਾਡੇ ਬੱਚਿਆਂ ਲਈ ਸਾਫ ਸੁਥਰਾ ਹਵਾ ਤੇ ਪਾਣੀ ਦੇਣ। ਕਰੋਨਾ ਦੀ ਦੂਜੀ ਲਹਿਰ ਦੌਰਾਨ ਲੋਕਾਂ ਨੂੰ ਬੜੇ ਮਹਿੰਗੇ ਭਾਅ ਦੇ ਆਕਸੀਜਨ ਸਿਲੰਡਰ ਖ੍ਰੀਦਣ ਲਈ ਮਜ਼ਬੂਰ ਹੋਣਾ ਪਿਆ। ਇਸ ਕਰਕੇ ਵੱਧ ਤੋਂ ਵੱਧ ਰੁੱਖ ਲਾਏ ਜਾਣ।

ਖੇਤੀ ਮਾਮਲਿਆਂ ਵਿੱਚ ਕੌਮਾਂਤਰੀ ਪੱਧਰ ਦੀ ਮੁਹਾਰਤ ਰੱਖਣ ਵਾਲੇ ਦਵਿੰਦਰ ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ ਪਾਣੀ ਦਾ ਵੱਡਾ ਸੰਕਟ ਖੜਾ ਹੁੰਦਾ ਜਾ ਰਿਹਾ ਹੈ। ਇੱਕ ਕਿਲੋ ਚੌਲ ਪੈਦਾ ਕਰਨ ਲਈ ਪੰਜ ਹਾਜ਼ਾਰ ਲੀਟਰ ਪਾਣੀ ਦੀ ਖਪਤ ਹੁੰਦੀ ਹੈ। ਪੰਜਾਬ ਨੂੰ ਰੇਗਿਸਤਾਨ ਬਣਾਉਣ ਤੋਂ ਬਚਾਉਣਾ ਹੈ। ਦੁਨੀਆਂ ਵਿੱਚ ਅਜਿਹੀਆਂ ਨੀਤੀਆਂ ਬਣਾਈਆਂ ਜਾ ਰਹੀਆਂ ਹਨ ਜਿਹੜੀਆਂ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਹਨ। ਦੁਨੀਆਂ ਵਿੱਚ ਜਿਹੜਾ ਮੌਸਮ ਬਦਲ ਰਿਹਾ ਉਸ ਨਾਲ ਸਾਡਾ ਜਨ ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਗ੍ਰੀਨ ਹਾਊਸ ਗੈਸਾਂ ਵੱਧਣ ਨਾਲ ਸਭ ਤੋਂ ਮਾੜਾ ਅਸਰ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰੀਕ੍ਰਾਂਤੀ ਦੇ 50 ਸਾਲਾਂ ਭਾਵੇ ਦੇਸ਼ ਦਾ ਢਿੱਡ ਭਰ ਦਿੱਤਾ ਪਰ ਇਸ ਨੇ ਕਿਸਾਨ ਨੂੰ ਵੱਡਾ ਨੁਕਸਾਨ ਪਹੁੰਚਾਇਆ। ਮਹਾਰਾਸ਼ਟਰ ਤੇ ਪੰਜਾਬ ਵਿੱਚ ਕਿਸਾਨਾਂ ਨੇ ਬਹੁਤ ਜ਼ਿਆਦਾ ਆਤਮ ਹੱਤਿਆਵਾਂ ਕੀਤੀਆਂ ਹਨ। ਜੋ ਅਨਾਜ ਅਸੀਂ ਖ੍ਰੀਦ ਦੇ ਹਾਂ ਉਸ ਨਾਲੋਂ ਤਿੰਨ ਗੁਣਾ ਵੱਧ ਵਾਤਾਵਰਨ ਦਾ ਨੁਕਸਾਨ ਕਰਦੇ ਹਾਂ। ਦਿੱਲੀ ਦੀਆਂ ਬਾਰੂਹਾਂ 'ਤੇ ਸਘਰਸ਼ ਕਰ ਰਹੇ ਕਿਸਾਨਾਂ ਦਾ ਜ਼ਿਕਰ ਕਰਦਿਆ ਦਵਿੰਦਰ ਸ਼ਰਮਾ ਨੇ ਕਿਹਾ ਕਿ ਵਾਤਾਵਰਨ ਨੂੰ ਦੂਸ਼ਿਤ ਕਰਨ ਲਈ ਬੜੇ ਸੌਖੇ ਢੰਗ ਨਾਲ ਕਿਸਾਨਾਂ ਨੂੰ ਜ਼ੁੰਮੇਵਾਰ ਦੱਸ ਦਿੱਤਾ ਜਾਂਦਾ ਹੈ ਪਰ ਮਾੜੀਆਂ ਨੀਤੀਆਂ ਦੀ ਕੋਈ ਗੱਲ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਸੰਤ ਬਲਬੀਰ ਸਿੰਘ ਸੀਚੇਵਾਲ ਜ਼ਮੀਨ ਨਾਲ ਜੁੜੇ ਹੋਈ ਸਖਸ਼ੀਅਤ ਹੈ ਜਿਹਨਾਂ ਨੇ ਪਿਛਲੇ 20 ਸਾਲਾਂ ਸ਼ਾਨਾਮੱਤੇ ਇਤਹਿਾਸਿਕ ਕਾਰਜ ਨੇ ਪੰਜਾਬ ਵਿਚ ਨਵੇਂ ਅਰਥਾਂ ਵਾਲੇ ਕਾਰਜ਼ ਦੀ ਸ਼ੁਰੂਆਤ ਕੀਤੀ ਹੈ।

ਸੀਨੀਅਰ ਪੱਤਰਕਾਰ ਖੁਸ਼ਹਾਲ ਲਾਲੀ ਨੇ ਕਿਹਾ ਕਿ ਜਦੋਂ ਤੱਕ ਝੋਨਾ ਪੰਜਾਬ ਤੋਂ ਬਾਹਰ ਨਹੀਂ ਜਾਂਦਾ ਉਦੋਂ ਤੱਕ ਸੂਬੇ ਦਾ ਭਲਾ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਹਵਾ, ਪਾਣੀ ਧਰਤੀ ਦਾ ਵਾਪਰ ਕੀਤਾ ਜਾਣ ਲੱਗ ਪਿਆ ਹੈ। ਬਿਜਲੀ ਪੈਦਾ ਕਰਨ ਲਈ ਦਰਿਆਵਾਂ ਨੂੰ ਬੰਨ ਕੇ ਕੁਦਰਤ ਨਾਲ ਖਿਲਵਾੜ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਇਹ ਸਾਰਾ ਕੁਝ ਮਨੁੱਖੀ ਅਧਿਕਾਰਾਂ ਨਾਲ ਜੁੜਿਆ ਹੋਇਆ ਮਸਲਾ ਹੈ। ਉਹਨਾਂ ਪਵਿੱਤਰ ਵੇਈਂ ਦੀ ਕਾਰਸੇਵਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਾਦਰ ਦੀ ਕੁਦਰਤ ਦਾ ਜੋ ਫਲਸਫਾ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਦਿੱਤਾ ਸੀ ਉਸਨੂੰ ਪੰਜਾਬ ਦੇ ਲੋਕਾਂ ਨੇ ਵੇਈਂ ਦੀ ਕਾਰਸੇਵਾ ਰਾਹੀਂ ਸਕਾਰ ਹੁੰਦਿਆ ਵੇਖਿਆ ਹੈ।

ਸੁਲਤਾਨਪੁਰ ਲੋਧੀ ਦੇ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਕਿਹਾ ਕਿ ਸੰਤ ਸੀਚੇਵਾਲ ਜੀ ਵੱਲੋਂ ਪਿਛਲੇ 20 ਸਾਲਾਂ ਤੋਂ ਕੀਤੀ ਗਈ ਅਣਥੱਕ ਘਾਲਣਾ ਹੀ ਜਿਹੜਾ ਅੱਜ ਇਸ ਅਸਥਾਨ ਤੇ ਪੂਰੇ ਦੇਸ਼ ਤੋਂ ਲੋਕ ਦੇਖਣ ਲਈ ਆ ਰਹੇ ਹਨ। ਉਹਨਾਂ ਕਿਹਾ ਕਿ ਲੋਕਾਂ ਵਿਚ ਵਾਤਾਵਰਣ ਪ੍ਰਤੀ ਪੈਦਾ ਹੋਈ ਜਾਗਰੂਕਤਾ ਦੀ ਮਿਸਾਲ ਸੰਤ ਬਲਬੀਰ ਸਿੰਘ ਜੀ ਵੱਲੋਂ ਪਵਿੱਤਰ ਕਾਲੀ ਵੇਈਂ ਦੀ ਕਾਰਸੇਵਾ ਦੀ ਹੀ ਉਦਹਾਰਨ ਹੈ ਜਿਸ ਵਿਚ ਸੰਗਤਾਂ ਨੇ ਦਿਨ ਰਾਤ ਇਸਦੀ ਕਾਰਸੇਵਾ ਵਿਚ ਅਹਿਮ ਯੋਗਦਾਨ ਪਾਇਆ ਹੈ। ਇਸ ਮੌਕੇ ਲੋਪੋਂ ਤੋਂ ਸੰਤ ਜਗਜੀਤ ਸਿੰਘ ਜੀ ਸਮਾਗਮ ਵਿਚ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਪੰਜਾਬ ਦੇ ਖੇਤਾਂ ਵਿਚ ਲੱਗੀਆਂ 15 ਲੱਖ ਬੰਬੀਆਂ 'ਤੇ ਪੰਜ ਪੰਜ ਬੂਟੇ ਵੀ ਕਿਸਾਨਾਂ ਵੱਲੋਂ ਲਾਏ ਜਾਣ ਤਾਂ 75 ਲੱਖ ਦਰਖਤ ਪੰਜਾਬ ਦੀ ਧਰਤੀ ਨੂੰ ਹਰਿਆਲੀ ਨਾਲ ਭਰ ਦੇਣਗੇ।

ਡਾ: ਨਿਰਮਲ ਸਿੰਘ ਲਾਂਬੜਾ ਨੇ ਕਿਹਾ ਕਿ ਕਾਰ ਸੇਵਾ ਦੇ 21 ਸਾਲਾਂ ਨੇ ਪੰਜਾਬ ਦਾ ਮੂੰਹ ਮੱਥਾ ਸੰਵਾਰਿਆ ਹੈ। ਉਨ੍ਹਾਂ ਕਿਹਾ ਕਿ 21 ਸਾਲ ਪਹਿਲਾਂ ਜਦੋਂ ਸੁਲਤਾਨਪੁਰ ਲੋਧੀ ਵਿੱਚ ਕਾਰ ਸੇਵਾ ਸ਼ੁਰੂ ਕੀਤੀ ਤਾਂ ਉਸ ਵੇਲੇ ਸਭ ਤੋਂ ਵੱਧ ਗੰਦਗੀ ਸੀ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੀ ਵਿਚਾਰਧਾਰਾ ਸਰਬੱਤ ਦਾ ਭਲਾ ਮੰਗਣ ਵਾਲੀ ਹੈ।

ਇਸ ਮੌਕੇ ਨਿਰਮਲਾ ਪੰਚਾਇਤੀ ਅਖਾੜਾ ਕਨਖਲ ਤੋਂ ਸ੍ਰੀ ਮਹੰਤ ਗਿਆਨੀ ਗਿਆਨ ਦੇਵ ਸਿੰਘ ਜੀ, ਬਿਧੀਚੰਦ ਸੰਪ੍ਰਦਾ ਦੇ ਮੁਖੀ ਸੰਤ ਅਵਤਾਰ ਸਿੰਘ ਸੁਰ ਸਿੰਘ ਵਾਲਾ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਗੁਰਦੁਆਰਾ ਗੁਰਸਰ ਸੰਤ ਲੀਡਰ ਸਿੰਘ ਸੈਫਲਾਬਾਦ ਦੇ ਸੇਵਾਦਾਰ, ਸੰਤ ਗੁਰਮੇਜ ਸਿੰਘ ਸੈਦਰਾਣਾ ਸਾਹਿਬ, ਸੰਤ ਗੁਰਬਚਨ ਸਿੰਘ ਪੰਡਵਾਂ ਵਾਲੇ, ਸੰਤ ਬਲਦੇਵ ਕ੍ਰਿਸ਼ਨ ਸਿੰਘ, ਬਾਬਾ ਪਰਮਜੀਤ ਸਿੰਘ ਨੌਲੀ, ਸ਼ਾਹਕੋਟ ਤੋਂ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਸੰਤ ਸੁਖਜੀਤ ਸਿੰਘ, ਸੁਰਜੀਤ ਸਿੰਘ ਸ਼ੰਟੀ, ਜਰਨੈਲ ਸਿੰਘ ਗੜ੍ਹਦੀਵਾਲਾ, ਸੱਜਣ ਸਿੰਘ ਚੀਮਾ, ਰਤਨ ਸਿੰਘ ਕਾਕੜ ਕਲਾਂ, ਹਰਜਿੰਦਰ ਸਿੰਘ ਸੀਚੇਵਾਲ ਆਦਿ ਹਾਜ਼ਰ ਸਨ। ਇਸ ਮੌਕੇ ਸੰਗਤਾਂ ਨੂੰ ਬੂਟਿਆਂ ਦਾ ਪ੍ਰਸ਼ਾਦ ਵੀ ਦਿੱਤਾ ਗਿਆ।

ਨਿਰਮਲ ਕੁਟੀਆ ਦੇ ਹਜ਼ੂਰੀ ਰਾਗੀ ਜੱਥੇ ਰਾਗੀ ਤੇਜਿੰਦਰ ਸਿੰਘ ਸਰਪੰਚ, ਸੰਤ ਅਵਤਾਰ ਸਿੰਘ ਯਾਦਗਾਰੀ ਮਹਾਂਵਿਦਿਆਲਾ ਦੇ ਵਿਦਿਆਰਥੀਆਂ ਨੇ ਰਸਭਿੰਨਾ ਕੀਰਤਨ ਕੀਤਾ। ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਗੱਤਕਾ ਟੀਮ ਵੱਲੋਂ ਗੱਤਕਾ ਕੋਚ ਗੁਰਵਿੰਦਰ ਕੌਰ ਦੀ ਅਗਵਾਈ ਵਿੱਚ ਖਿਡਾਰੀਆਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ।

# ਗਜ਼ਟਿਡ ਅਤੇ ਨਾਨ-ਗਜ਼ਟਿਡ ਐੱਸਸੀ.ਬੀਸੀ. ਇੰਪਲਾਈਜ਼ ਵੈੱਲਫੇਅਰ ਫੈਡਰੇਸ਼ਨ ਨੇ ਪੇ-ਕਮਿਸ਼ਨ ਰਿਪੋਰਟ ਦੀਆਂ ਕਾਪੀਆਂ ਸਾੜੀਆਂ





ਗਜ਼ਟਿਡ ਅਤੇ ਨਾਨ-ਗਜ਼ਟਿਡ ਐਸ.ਸੀ.ਬੀ.ਸੀ. ਇੰਪਲਾਈਜ਼ ਵੈਲਫੇਅਰ ਫੈਡਰਸ਼ਨ ਪੰਜਾਬ ਦੇ ਸੂਬਾ ਚੇਅਰਮੈਨ ਜਸਬੀਰ ਸਿੰਘ ਪਾਲ, ਵਾਈਸ ਚੇਅਰਮੈਨ ਬਲਰਾਜ ਕੁਮਾਰ, ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਬੋਦਲ ਅਤੇ ਜਿਲਾ ਪ੍ਰਧਾਨ ਡਾ. ਜਸਵੰਤ ਰਾਏ ਦੇ ਦਿਸ਼ਾ-ਨਿਰਦੇਸ਼ ਹੇਠ ਤਹਿਸੀਲ ਪ੍ਰਧਾਨ ਅਤੇ ਸੂਬਾ ਕਮੇਟੀ ਮੈਂਬਰ ਲੈਕਚਰਾਰ ਬਲਜੀਤ ਸਿੰਘ ਦੀ ਅਗਵਾਈ ਵਿਚ 6ਵੇਂ ਪੇ-ਕਮੀਸ਼ਨ ਦੀ ਰਿਪੋਰਟ ਨੂੰ ਰੱਦ ਕਰਵਾਉਣ ਅਤੇ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਵਾਉਣ ਲਈ ਬੀ.ਪੀ.ਈ. ਦਫ਼ਤਰ ਦਸੂਹਾ ਦੇ ਨੇੜੇ ਵਿਸ਼ਾਲ ਰੋਸ ਧਰਨਾ ਲਗਾਉਣ ਉਪਰੰਤ ਪੇ-ਕਮਿਸ਼ਨ ਰਿਪੋਰਟ ਦੀਆਂ ਕਾਪੀਆਂ ਸਾੜੀਆਂ ਗਈਆਂ ਅਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਵਲੋਂ ਪਿਛਲੇ ਸਾਢੇ ਚਾਰ ਸਾਲਾਂ ਤੋਂ ਮੁਲਾਜ਼ਮ ਵਰਗ ਨਾਲ ਕੀਤੇ ਜਾ ਰਹੇ ਧੱਕੇ ਵਿਰੁੱਧ ਵਿਚਾਰ ਪੇਸ਼ ਕੀਤੇ। ਇਸ ਰੋਸ ਧਰਨੇ ਵਿੱਚ ਉਚੇਚੇ ਤੌਰ ਤੇ ਪਹੁੰਚੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਬੋਦਲ ਅਤੇ ਸੀਨੀਅਰ ਜਿਲੈਹਾ ਮੀਤ ਪ੍ਰਧਾਨ ਲੈਕਚਰਾਰ ਬਲਦੇਵ ਸਿੰਘ ਧੁੱਗਾ ਨੇ ਪੰਜਾਬ ਸਰਕਾਰ ਤੋਂ ਅਨੁਸੂਚਿਤ ਜਾਤੀ ਅਤੇ ਪਛੜੀ ਸ਼ਰੇਣੀ ਵਰਗਾਂ ਦੇ ਲੱਖਾਂ ਵਿਦਿਆਰਥੀਆਂ ਦਾ ਵਜ਼ੀਫਾ, ਸ਼ਗਨ-ਸਕੀਮਾਂ ਦੇ ਪੈਸੇ,ਸਾਰੇ ਵਰਗਾਂ ਦੇ ਪੜੇ-ਲਿਖੇ ਨੌਜਵਾਨਾਂ ਲਈ ਰੁਜ਼ਗਾਰ ਅਥਵਾ ਬੇਰੁਜ਼ਗਾਰੀ ਭੱਤਾ ਦੇਣ, 10 ਅਕਤੂਬਰ 2014 ਦਾ ਸੰਵਿਧਾਨ ਵਿਰੋਧੀ ਪੱਤਰ ਰੱਦ ਕਰਵਾਉਣ, ਪੋਸਟ-ਮ੍ਰੈਟਿਕ ਸਕਾਲਰਸ਼ਿਪ ਸਕੀਮ ਨੂੰ ਇਮਾਨਦਾਰੀ ਨਾ.ਲ ਲਾਗੂ ਕਰਨ, ਬੈਕਲਾਗ ਅਸਾਮੀਆਂ ਨੂੰ ਭਰਨ,ਮਿਡ-ਡੇ-ਮੀਲ,ਆਸ਼ਾ ਵਰਕਰਾਂ ਨੂੰ ਪੱਕੇ ਕਰਨ, ਨਿੱਜੀ ਖੇਤਰ ਵਿਚ ਰਾਖਵਾਂਕਰਨ ਲਾਗੂ ਕਰਨ,ਮਜ਼ਦੂਰ ਵਰਗ ਦੇ ਕਰਜ਼ੇ ਮੁਆਫ ਕਰਨ ਅਤੇ ਨਿਗੂਣੀਆਂ ਤਨਖਾਹਾਂ ਤੇ ਕੰਮ ਕਰਦੇ ਕੱਚੇ ਮੁਲਾਜ਼ਮਾਂ ਨੂੰ ਤੁਰੰਤ ਪੱਕੇ ਕਰਨ ਦੀ ਪੁਰਜੋਰ ਮੰਗ ਕੀਤੀ। ਡਾ.ਜਸਵੰਤ ਰਾਏ ਨੇ ਆਪਣੇ ਸੰਬੋਧਨ ਵਿਚ ਸਰਕਾਰ ਨੂੰ ਐਸ.ਸੀ.ਬੀ.ਸੀ.ਮੁਲਾਜ਼ਮਾਂ ਦੀਆਂ ਸੰਵਿਧਾਨਕ ਮੰਗਾਂ ਨੂੰ ਛੇਤੀ ਤੋਂ ਛੇਤੀ ਮੰਨਣ ਲਈ ਅਲਟੀਮੇਟਮ ਦਿੰਦਿਆਂ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਐਲਾਨ ਕੀਤਾ। ਇਸ ਮੌਕੇ ਬਲਾਕ ਪ੍ਰਧਾਨ ਸੁਰਿੰਦਰ ਕੁਮਾਰ,ਕਸ਼ਮੀਰ ਸਿੰਘ, ਜਸਵੀਰ ਬੋਦਲ, ਜਗਦੀਪ ਸਿੰਘ ਰੋਮੀ,ਭੁਪਿੰਦਰ ਸਿੰਘ, ਟਾਂਡਾ ਤੋਂ ਕੁਲਵੰਤ ਸਿੰਘ,ਸੁਖਵੀਰ ਸਿੰਘ ਟਿੱਲੂਵਾਲ, ਰਿੰਕੂ ਭਾਟੀਆ,ਰੇਸ਼ਮ ਸਿੰਘ, ਗੜਦੀਵਾਲਾ ਤੋਂ ਜਸਪਾਲ ਸਿੰਘ,ਤੇਜਾ ਸਿੰਘ, ਗੁਰਮੁਖ ਸਿੰਘ, ਬਲਬੀਰ ਸਿੰਘ, ਪੈਰਿੰਸੀਪਲ ਨਵਤੇਜ ਸਿੰਘ, ਹੁਸ਼ਿਆਰਪੁਰ ਤੋਂ ਯੋਧਾ ਮੱਲ, ਲੈਕਚਰਾਰ ਲਖਵਿੰਦਰ ਸਿੰਘ, ਜਰਨੈਲ ਸਿੰਘ ਸੀਕਰੀ, ਸੁਰਜੀਤ ਸਿੰਘ, ਲੈਕ. ਕੁਲਵਿੰਦਰ ਸਿੰਘ, ਲੈਕ. ਸੁਖਦੇਵ ਸਿੰਘ, ਪ੍ਰਿਥੀਪਾਲ ਸਿੰਘ, ਬਲਾਕ ਦਸੂਹਾ ਤੋਂ ਲੈਕਚਰਾਰ ਗਿਆਨ ਚੰਦ, ਲੈਕਚਰਾਰ ਰੋਹਿਤ ਕੁਮਾਰ, ਪਰਮਜੀਤ ਸਿੰਘ, ਚੇਤਨ, ਰਵੀ ਚੰਦਰ, ਹੈੱਡਮਾਸਟਰ ਨਸੀਬ ਸਿੰਘ, ਮਨੋਜ ਕੁਮਾਰ, ਮੈਡਮ ਸੰਤੋਖ ਕੌਰ, ਸੁਖਦੀਪ ਕੌਰ, ਸੁਮਨ ਰਤਨ, ਅਮਨਪੈਰੀਤ ਕੌਰ, ਸੰਦੀਪ ਕੁਮਾਰ, ਗੁਰਇਕਬਾਲ ਸਿੰਘ ਬੋਦਲ, ਜਸਵਿੰਦਰ ਸਿੰਘ, ਦਲਜੀਤ ਸਿੰਘ ਸਫਦਰਪੁਰ, ਡਾ.ਸੰਦੀਪ ਕੁਮਾਰ, ਪੈਨਸ਼ਨਰ ਐਸੋਸੀਏਸ਼ਨ ਤੋਂ ਬੀ.ਪੀ.ਈ.ਓ. ਚਮਨ ਲਾਲ, ਚੈਨ ਸਿੰਘ, ਮਾਸਟਰ ਕੁਲਵੰਤ ਸਿੰਘ, ਪਰਮਿੰਦਰ ਸਿੰਘ ਸਮੇਤ ਵਰਕਰ ਅਤੇ ਅਹੁਦੇਦਾਰ ਸ਼ਾਮਲ ਸਨ।

**ਰਿਪੋਰਟ: ਡਾ. ਜਸਵੰਤ ਰਾਏ**

# ਜਰਖੜ ਹਾਕੀ ਲੀਗ-ਸੀਨੀਅਰ ਅਤੇ ਜੂਨੀਅਰ ਵਰਗ ਵਿੱਚ ਰਾਮਪੁਰ ਹਾਕੀ ਸੈਂਟਰ ਦਾ ਜੇਤੂ ਝੰਡਾ ਰਿਹਾ ਬੁਲੰਦ







**ਲੁਧਿਆਣਾ–** ਜਰਖੜ ਹਾਕੀ ਅਕੈਡਮੀ ਵੱਲੋਂ ਕੌਮੀ ਹਾਕੀ ਖਿਡਾਰੀ ਧਰਮਿੰਦਰ ਸਿੰਘ ਮਨੀ ਦੀ ਮਾਤਾ ਗੁਰਮੀਤ ਕੌਰ ਅਤੇ ਸਵਰਗੀ ਹਾਕੀ ਖਿਡਾਰੀ ਗੁਰਿੰਦਰਪਾਲ ਸਿੰਘ ਵੜੈਚ ਦੀ ਯਾਦ ਨੂੰ ਸਮਰਪਿਤ ਜਰਖੜ ਹਾਕੀ ਸਟੇਡੀਅਮ ਵਿਖੇ 7-ਏ-ਸਾਈਡ ਹਾਕੀ ਲੀਗ ਦੇ ਤੀਸਰੇ ਗੇੜ ਦੇ ਮੈਚਾਂ ਵਿੱਚ ਸੀਨੀਅਰ ਅਤੇ ਜੂਨੀਅਰ ਵਰਗ ਵਿੱਚ ਜਿੱਥੇ ਰਾਮਪੁਰ ਹਾਕੀ ਕੋਚਿੰਗ ਸੈਂਟਰ ਦੀ ਜੇਤੂ ਮੁਹਿੰਮ ਜਾਰੀ ਰਹੀ ਉਥੇ ਕੋਚ ਦਰਸ਼ਨ ਸਿੰਘ ਕਲੱਬ ਨੇ ਯੰਗ ਸਪੋਰਟਸ ਕਲੱਬ ਉਟਾਲਾ ਨੂੰ 6-3 ਗੋਲਾਂ ਨਾਲ ਹਰਾ ਕੇ ਪਹਿਲੀ ਜਿੱਤ ਹਾਸਲ ਕੀਤੀ। ਜਰਖੜ ਸਟੇਡੀਅਮ ਵਿਖੇ ਚੱਲ ਰਹੀ ਇਸ ਹਫ਼ਤਾਵਰੀ ਲੀਗ ਦੇ ਤੀਸਰੇ ਗੇੜ ਦੇ ਮੈਚਾਂ ਵਿੱਚ ਅੱਜ ਜੂਨੀਅਰ ਵਰਗ ਵਿਚ ਹਾਕੀ ਸੈਂਟਰ ਰਾਮਪੁਰ ਨੇ ਜਟਾਣਾ ਹਾਕੀ ਸੈਂਟਰ ਨੂੰ 5-3 ਗੋਲਾਂ ਨਾਲ ਹਰਾਇਆ। ਜੇਤੂ ਟੀਮ ਵੱਲੋਂ ਨਵਜੋਤ ਅਤੇ ਅਰਸ਼ਪ੍ਰੀਤ ਨੇ 2-2 ਗੋਲ ਕੀਤੇ, ਅਨਮੋਲਦੀਪ ਨੇ ਇਕ ਗੋਲ ਕੀਤਾ ।ਜਟਾਣਾ ਸੈਂਟਰ ਵੱਲੋਂ ਜਸਕੀਰਤ ਸਿੰਘ ਅਤੇ ਸਾਹਿਬਜੋਤ ਸਿੰਘ ਨੇ ਇੱਕ ਇੱਕ ਗੋਲ ਕੀਤਾ। ਅੱਜ ਸੀਨੀਅਰ ਵਰਗ ਦੇ ਖੇਡੇ ਗਏ ਮੁਕਾਬਲੇ ਵਿੱਚ ਰਾਮਪੁਰ ਕਲੱਬ ਨੇ ਇਕ ਫਸਵੇਂ ਅਤੇ ਸੰਘਰਸ਼ਪੂਰਨ ਮੁਕਾਬਲੇ ਵਿੱਚ ਜਰਖੜ ਹਾਕੀ ਅਕੈਡਮੀ ਨੂੰ 6-5 ਗੋਲਾਂ ਨਾਲ ਹਰਾਇਆ । ਅੱਜ ਦੇ ਤੀਸਰੇ ਮੁਕਾਬਲੇ ਵਿੱਚ ਕੋਚ ਦਰਸ਼ਨ ਸਿੰਘ ਹਾਕੀ ਕਲੱਬ ਕਿਲ੍ਹਾ ਰਾਏਪੁਰ ਨੇ ਯੰਗ ਕਲੱਬ ਉਟਾਲਾਂ ਨੂੰ 6-3 ਗੋਲਾਂ ਨਾਲ ਹਰਾ ਕੇ ਟੂਰਨਾਮੈਂਟ ਵਿੱਚ ਆਪਣੀ ਪਹਿਲੀ ਜਿੱਤ ਦਰਜ ਕੀਤੀ। ਅੱਜ ਦੇ ਮੈਚਾਂ ਦੌਰਾਨ ਹਾਕੀ ਓਲੰਪੀਅਨ ਹਰਦੀਪ ਸਿੰਘ ਗਰੇਵਾਲ ਉਪ ਪ੍ਰਧਾਨ ਪੰਜਾਬ ਹਾਕੀ ਐਸੋਸੀਏਸ਼ਨ, ਦਰੋਣਾਚਾਰੀਆ ਐਵਾਰਡੀ ਕੋਚ ਬਲਦੇਵ ਸਿੰਘ ਅਤੇ ਅਮਰੀਕ ਸਿੰਘ ਮਿਨਹਾਸ ਐਸ ਪੀ ਪੰਜਾਬ ਪੁਲੀਸ ਨੇ ਮੁੱਖ ਮਹਿਮਾਨ ਵਜੋਂ ਵੱਖ ਵੱਖ ਟੀਮਾਂ ਦੇ ਨਾਲ ਜਾਣ ਪਛਾਣ ਕੀਤੀ ਇਸ ਮੌਕੇ ਓਲੰਪੀਅਨ ਹਰਦੀਪ ਸਿੰਘ ਗਰੇਵਾਲ ਨੇ ਜਰਖੜ ਹਾਕੀ ਅਕੈਡਮੀ ਨੂੰ ਪੰਜਾਬ ਹਾਕੀ ਵੱਲੋਂ 25 ਹਾਕੀ ਸਟਿੱਕਾਂ ਦੇਣ ਦਾ ਐਲਾਨ ਕੀਤਾ ਸੀ ਉਨ੍ਹਾਂ ਨੇ ਆਖਿਆ ਕਿ ਜਰਖੜ ਵਿਖੇ ਸਬ ਜੂਨੀਅਰ ਬੱਚਿਆਂ ਦਾ ਕੋਚਿੰਗ ਕਲੀਨਿਕ ਲਗਾਇਆ ਜਾਵੇਗਾ ਇਸ ਕੋਚਿੰਗ ਕਲੀਨਿਕ ਵਿਚੋਂ ਉਭਰਦੇ ਹਾਕੀ ਹੁਨਰ ਦੀ ਭਾਲ ਕੀਤੀ ਜਾਵੇਗੀ।

ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ , ਧਰਮਿੰਦਰ ਸਿੰਘ ਮਨੀ, ਰਵਿੰਦਰ ਸਿੰਘ ਕਾਲਾ ਘਵੱਦੀ, ਪ੍ਰੇਮ ਸਿੰਘ ਰਾਮਪੁਰ, ਕੌਮੀ ਹਾਕੀ ਖਿਡਾਰੀ ਪਲਵਿੰਦਰ ਸਿੰਘ ਗੋਲੂ, ਗੁਰਸਤਿੰਦਰ ਸਿੰਘ ਪਰਗਟ ਗੁਰਦੀਪ ਸਿੰਘ ਟੀਟੂ ਕਿਲਾ ਰਾਇਪੁਰ, ਰੁਪਿੰਦਰ ਸਿੰਘ ਗਿੱਲ ਆਦਿ ਹੋਰ ਉੱਘੀਆਂ ਸ਼ਖ਼ਸੀਅਤਾਂ ਹਾਜ਼ਰ ਸਨ। ਭਲਕੇ 25 ਜੁਲਾਈ ਦਿਨ ਐਤਵਾਰ ਨੂੰ ਜਰਖੜ ਹਾਕੀ ਲੀਗ ਦੇ ਜੂਨੀਅਰ ਅਤੇ ਸੀਨੀਅਰ ਵਰਗ ਦੇ 4 ਮੁਕਾਬਲੇ ਖੇਡੇ ਜਾਣਗੇ।

# ਅਹਿਮਦੀਆ ਮੁਸਲਿਮ ਮਸਜਿਦ ਵਿਖੇ ਈਦ-ਉਲ-ਜੁਹਾ ਮਨਾਈ ਗਈ





**ਹੁਸ਼ਿਆਰਪੁਰ–** ਪੁਰਾਣੀ ਕਣਕ ਮੰਡੀ ਵਿਖੇ ਅਹਿਮਦੀਆ ਮੁਸਲਿਮ ਮਸਜਿਦ ਵਿੱਚ ਸੰਸਾਕਿਰ ਮਹਾਮਾਰੀ ਕਰੋਨਾ ਵਾਇਰਸ ਦੇ ਬਚਾਅ ਦੇ ਲਈ ਪ੍ਰਸ਼ਾਸਨ ਦੀਆਂ ਗਾਈਡਲਾਇਨਾਂ ਦਾ ਪਾਲਨ ਕਰਦੇ ਹੋਏ ਸੀਮਤ ਇਕੱਠ ਵਿੱਚ ਨਮਾਜ਼ ਈਦ-ਉਲ-ਜੁਹਾ ਜਿਸਨੂੰ ਕੁਰਬਾਨੀ ਦੀ ਈਦ ਵੀ ਕਿਹਾ ਜਾਂਦਾ ਹੈ ਨਮਾਜ਼ ਅਦਾ ਕਰ ਅੱਲਾਹ ਦੀ ਬਾਰਗਾਹ ਵਿੱਚ ਹੱਥ ਚੱਕ ਕੇ ਦੇਸ਼ ਵਿੱਚ ਫੈਲ ਰਹੀ ਮਹਾਮਾਰੀ ਨੂੰ ਖ਼ਤਮ ਕਰਨ, ਖੁਸ਼ਹਾਲੀ ਅਤੇ ਆਪਸੀ ਪਿਆਰ ਭਾਵਨਾ ਲਈ ਦੁਆ ਮੰਗੀ । ਨਮਾਜ਼ ਪੈਰਚਾਰ ਪੈਰਮੁੱਖ ਸ਼ੇਖ ਮਨਾਨ ਨੇ ਪੜੈਹਾਈ । ਨਮਾਜ਼ ਤੋਂ ਬਾਅਦ ਆਪਣੇ ਭਾਸ਼ਣ ਵਿੱਚ ਉਹਨਾਂ ਨੇ ਈਦ ਦੀਆਂ ਵਧਾਈਆਂ ਦਿੰਦੇ ਹੋਏ ਕਿਹਾ ਕਿ ਈਦ ਇੱਕ ਪਵਿੱਤਰ ਤਿਉਹਾਰ ਹੈ, ਸਾਨੂੰ ਮਹਾਮਾਰੀ ਦੀ ਮੁਕਤੀ ਦੀ ਕਾਮਨਾ ਦੇ ਨਾਲ ਸੰਕ੍ਰਮਣ ਤੋਂ ਬਚਾਵ ਦੇ ਉਪਾਅ ਕਰਦੇ ਹੋਏ ਲੋਕਾਂ ਨੂੰ ਈਦ ਮਨਾਉਣੀ ਚਾਹੀਦੀ ਹੈ । ਅੱਲਾਹ ਦਾ ਹੁਕਮ ਹੈ ਕਿ ਤੁਸੀਂ ਆਪਣੇ ਰੱਬ ਲਈ ਨਮਾਜ਼ ਪੜੋ ਤੇ ਕੁਰਬਾਨੀ ਕਰੋ । ਕੁਰਬਾਨੀ ਦਾ ਮਤਲਬ ਹੈ ਆਪਣੇ ਪੈਰਮੇਸ਼ਵਰ ਦੀ ਨੇੜਤਾ ਪੈਰਾਪਤ ਕਰਨਾ । ਈਦ ਆਪਸੀ ਭਾਈਚਾਰੇ, ਸਦਭਾਵਨਾ ਅਤੇ ਪਿਆਰ ਦਾ ਪ੍ਰਤੀਕ ਹੈ । ਹਰ ਧਰਮ ਵਿੱਚ ਕੁਰਬਾਨੀ ਦਾ ਤਰੀਕਾ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹੈ । ਇਸ ਈਦ ਵਿੱਚ ਉਹ ਲੋਕ ਜਿਹਨਾਂ ਕੋਲ ਕੁਰਬਾਨੀ ਕਰਨ ਲਈ ਧਨ ਹੈ ਉਹ ਅੱਲਾਹ ਦੇ ਰਸਤੇ ਤੇ ਕੁਰਬਾਨੀ ਕਰਦੇ ਹਨ ਅਤੇ ਗਰੀਬ ਭਰਾਵਾਂ ਨੂੰ ਖੁਸ਼ੀ ਦੇ ਮੌਕੇ ਤੇ ਖੁਸ਼ੀ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ, ਜੋ ਕਿ ਈਦ ਦਾ ਮਕਸਦ ਵੀ ਹੈ । ਇਸ ਮੌਕੇ ਸ਼ੁਭ ਕਾਮਨਾਵਾਂ ਦੇਣ ਵਾਲਿਆਂ ਵਿੱਚ ਬਲਜੀਤ ਨਨਹਾਰ ਅਤੇ ਮੁਹੰਮਦ ਰੁਸਤਮ ਪ੍ਰਧਾਨ ਅਹਿਮਦੀਆ ਜਮਾਤ ਹੁ-ਸ਼ਿਆਰਪੁਰ, ਮੁਹੰਮਦ ਮੰਸੂਰ, ਸੱਦਾਮ ਹੁਸੈਨ, ਸ਼ਮਸ਼ੇਰ ਖਾਨ, ਸਮੀਰ ਅਲੀ, ਰੱਬਾਨ ਅਤੇ ਅਯੂਬ ਆਦਿ ਮੌਜੂਦ ਸਨ।

# 'ਐਨ.ਜ਼ੈਡ. ਫਿਕਸ' ਪਾਪਾਟੋਏਟੋਏ ਵਾਲਿਆਂ ਨੂੰ 'ਐਪਲ' ਕੰਪਨੀ ਵੱਲੋਂ ਆਈ.ਆਰ.ਪੀ.ਦੀ ਮਾਨਤਾ ਮਿਲੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਵਸਦੇ ਭਾਰਤੀ ਖਾਸ ਕਰ ਪੰਜਾਬੀ ਭਾਈਚਾਰੇ ਨੂੰ ਇਹ ਜਾਣ ਕਿ ਖੁਸ਼ੀ ਹੋਏਗੀ ਕਿ ਪ੍ਰਸਿੱਧ ਕੰਪਿਊਟਰ ਅਤੇ ਫੋਨ ਕੰਪਨੀ



ਸ. ਸਿਮਰਨ ਸਿੰਘ

'ਐਪਲ' ਵੱਲੋਂ ਨਿਊਜ਼ੀਲੈਂਡ ਦੇ ਵਿਚ ਪਹਿਲਾ ਮਾਨਤਾ ਪ੍ਰਾਪਤ ਆਈ. ਆਰ. ਪੀ. ਸੈਂਟਰ (ਵਰਕਸ਼ਾਪ) ਦਾ ਦਰਜਾ ਪਾਪਾਟੋਏਟੋਏ ਵਿਖੇ ਪੰਜਾਬੀ ਭਰਾਵਾਂ ਦੀ ਫੋਨ ਤੇ ਲੈਪਟਾਪ ਰਿਪੇਅਰ ਵਰਕਸ਼ਾਪ 'ਐਨ. ਜ਼ੈਡ. ਫਿਕਸ' ਨੂੰ ਦਿੱਤਾ ਗਿਆ ਹੈ। ਸੰਨ 2012 ਤੋਂ 264 ਗ੍ਰੇਟ ਸਾਊਥ ਰੋਡ, ਪਾਪਾਟੋਏਟੋਏ ਵਿਖੇ ਸਥਿਤ ਇਹ ਰਿਪੇਅਰ ਸੈਂਟਰ ਸ. ਸਿਮਰਨ ਸਿੰਘ ਚਲਾਉਂਦੇ ਹਨ ਜਦ ਕਿ ਬੱਚਿਆਂ ਨੂੰ ਤਕਨੀਕੀ ਸਿੱਖਿਆ ਸ. ਬਲਵਿੰਦਰ ਸਿੰਘ (ਗੂਗਲ ਐਵਾਰਡ ਜੇਤੂ) ਦਿੰਦੇ ਰਹੇ ਹਨ ਜੋ ਕਿ ਹੁਣ ਕ੍ਰਾਈਸਟਚਰਚ ਵਿਖੇ ਸੈਂਟਰ ਚਲਾ ਰਹੇ ਹਨ। ਇਥੇ ਸਿੱਖੇ ਬੱਚੇ ਚੰਗੀਆਂ ਨੌਕਰੀਆਂ ਉਤੇ ਲੱਗੇ ਹਨ।

ਕੀ ਹੈ ਆਈ. ਆਰ. ਪੀ: ਇਸ ਦਾ ਪੂਰਾ ਨਾਂਅ ਹੈ 'ਐਪਲ ਇੰਡੀਪੈਂਡੇਂਟ ਰਿਪੇਅਰ ਪ੍ਰੋਵਾਈਡਰਜ਼'। ਸੋ ਕੰਪਨੀ ਦਾ ਮਾਨਤਾ ਪ੍ਰਾਪਤ ਉਹ ਸੈਂਟਰ ਜਿੱਥੇ ਐਪਲ ਦੇ ਫੋਨ, ਲੈਪਟਾਪ ਜਾਂ ਹੋਰ ਇਲੈਕਟ੍ਰਾਨਿਕ ਸਮਾਨ ਵਾਰੰਟੀ ਮੁੱਕਣ ਦੇ ਬਾਅਦ ਤਸੱਲੀਬਖਸ਼ ਤੇ ਮੁਹਾਰਿਤੀ ਤਰੀਕੇ ਨਾਲ ਅਤੇ ਅਸਲੀ ਸਪੇਅਰਜ਼ ਪਾਰਟਸ ਦੇ ਨਾਲ ਠੀਕ ਕਰਵਾਇਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਇਥੇ ਕੰਪਨੀ ਦੇ ਮਾਨਤਾ ਪ੍ਰਾਪਤ ਸਰਵਿਸ ਪ੍ਰੋਵਾਈਡਰ ਜਰੂਰ ਹਨ ਪਰ ਉਹ ਸਿਰਫ ਵਾਰੰਟੀ ਦੀ ਮਿਆਦ ਵਿਚ ਹੀ ਅਜਿਹਾ ਕਾਰਜ ਕਰਦੇ ਹਨ। ਨਿਊਜ਼ੀਲੈਂਡ ਦੇ ਵਿਚ ਪਹਿਲਾ ਸੈਂਟਰ 'ਐਨ. ਜ਼ੈਡ. ਫਿਕਸ' ਮਾਨਤਾ ਪ੍ਰਾਪਤ ਸੈਂਟਰ ਬਣ ਗਿਆ ਹੈ। ਐਪਲ ਵੱਲੋਂ ਅਜਿਹੀ ਮਾਨਤਾ ਕਾਫੀ ਲੰਬੀ ਕਾਰਵਾਈ ਤੋਂ ਬਾਅਦ ਦਿੱਤੀ ਗਈ ਹੈ, ਜਿਸ ਦੇ ਵਿਚ ਟ੍ਰੇਨਿੰਗ, ਪੜ੍ਹਾਈ ਅਤੇ ਮਸ਼ੀਨਰੀ ਨੂੰ ਪਰਖਿਆ ਜਾਂਦਾ ਹੈ। ਇਥੇ ਆਈ. ਫੋਨ, ਮੈਕ ਅਤੇ ਲੈਪ ਟਾਪ ਆਦਿ ਦਾ ਅਸਲੀ ਸਾਮਾਨ ਕੰਪਨੀ ਰਾਹੀਂ ਮਿਲ ਸਕੇਗਾ। ਐਨ.ਜ਼ੈਡ. ਫਿਕਸ ਉਤੇ ਇਸ ਤੋਂ ਇਲਾਵਾ ਬਾਕੀ ਬ੍ਰਾਂਡਜ਼ ਜਿਵੇਂ ਸੈਮਸੰਗ, ਐਚ. ਪੀ., ਤੋਸ਼ੀਬਾ, ਡੈਲ, ਸੋਨੀ, ਲੀਨੋਵੋ, ਏਸਰ, ਏਸਸ ਆਦਿ ਦੇ ਲੈਪਟਾਪ, ਕੰਪਿਊਟਰ ਅਤੇ ਹੋਰ ਇਲੈਕਟ੍ਰਾਨਿਕ ਸਾਮਾਨ ਵੀ ਠੀਕ ਕੀਤੇ ਜਾਂਦੇ ਹਨ। ਅੱਜ ਰਾਸ਼ਟਰੀ ਮੀਡੀਆ 'ਸਟੱਫ' ਨੇ ਵੀ ਇਹ ਖਬਰ ਛਾਪੀ ਸੀ। ਐਨ. ਜ਼ੈਡ. ਫਿਕਸ ਦੇ ਸ. ਸਿਮਰਨ ਸਿੰਘ ਅਤੇ ਸ. ਬਲਵਿੰਦਰ ਸਿੰਘ ਨੂੰ ਇਸ ਉਪਲਬਧੀ ਲਈ ਬਹੁਤ ਮੁਬਾਰਕਬਾਦ।

# ਜਰਖੜ ਹਾਕੀ ਲੀਗ- ਜੂਨੀਅਰ ਵਰਗ ਵਿੱਚ ਜਰਖੜ ਅਕੈਡਮੀ ਜੇਤੂ

## ਸੀਨੀਅਰ ਵਰਗ ਵਿੱਚ ਕਿਲ੍ਹਾ ਰਾਏਪੁਰ ਅਤੇ ਧਮੋਟ ਨੇ ਆਪਣੇ ਕਦਮ ਅੱਗੇ ਵਧਾਏ

**ਲੁਧਿਆਣਾ 26 ਜੁਲਾਈ–** ਜਰਖੜ ਹਾਕੀ ਅਕੈਡਮੀ ਵੱਲੋਂ ਕੌਮੀ ਹਾਕੀ ਖਿਡਾਰੀ ਧਰਮਿੰਦਰ ਸਿੰਘ ਮਨੀ ਦੀ ਮਾਤਾ ਗੁਰਮੀਤ ਕੌਰ ਅਤੇ ਸਵਰਗੀ ਹਾਕੀ ਖਿਡਾਰੀ ਗੁਰਿੰਦਰਪਾਲ ਸਿੰਘ ਵੜੈਚ ਦੀ ਯਾਦ ਨੂੰ ਸਮਰਪਿਤ ਜਰਖੜ ਹਾਕੀ ਸਟੇਡੀਅਮ ਵਿਖੇ 7-ਏ-ਸਾਈਡ ਹਾਕੀ ਲੀਗ ਦੇ ਤੀਸਰੇ ਗੇੜ ਦੇ ਮੈਚਾਂ ਵਿੱਚ ਸੀਨੀਅਰ ਵਰਗ ਵਿੱਚ ਕਿਲ੍ਹਾ ਰਾਏਪੁਰ ਅਤੇ ਗਿੱਲ ਸਪੋਰਟਸ ਕਲੱਬ ਧਮੋਟ ਜਦਕਿ ਜੂਨੀਅਰ ਵਰਗ ਜਰਖੜ ਹਾਕੀ ਅਕੈਡਮੀ ਜੇਤੂ ਰਹੇ ਇਸ ਤੋਂ ਇਲਾਵਾ ਨਨਕਾਣਾ ਸਾਹਿਬ ਪਬਲਿਕ ਸਕੂਲ ਦੀਆਂ ਲੜਕੀਆਂ ਨੇ ਘਵੱਦੀ ਸਕੂਲ ਨਾਲ 4-4 ਗੋਲਾਂ ਦੀ ਬਰਾਬਰੀ ਤੇ ਮੈਚ ਖੇਡਿਆ।

ਜਰਖੜ ਸਟੇਡੀਅਮ ਵਿਖੇ ਚੱਲ ਰਹੀ ਇਸ ਹਫ਼ਤਾਵਰੀ ਲੀਗ ਦੇ ਤੀਸਰੇ ਗੇੜ ਦੇ ਮੈਚਾਂ ਵਿੱਚ ਅੱਜ ਜੂਨੀਅਰ ਵਰਗ ਵਿਚ ਜਰਖੜ ਹਾਕੀ ਅਕੈਡਮੀ ਨੇ ਵਧੀਆ ਦਰਜੇ ਦੀ ਹਾਕੀ ਦਾ ਵਿਖਾਵਾ ਕਰਦਿਆਂ ਅਮਰਗੜ੍ਹ ਸਕੂਲ ਨੂੰ 7-5 ਗੋਲਾਂ ਨਾਲ ਹਰਾਇਆ ਜਰਖੜ ਹਾਕੀ ਅਕੈਡਮੀ ਵੱਲੋਂ ਸੁਖਮਨਜੋਤ ਸਿੰਘ ਨੇ 3 ਮਾਨਵਜੀਤ ਸਿੰਘ, ਗੁਰਜੋਤ ਸਿੰਘ ਜਰਖੜ ਪ੍ਰਭਜੋਤ ਸਿੰਘ ਅਤੇ ਗੈਵੀ ਨੇ 1-1 ਗੋਲ ਕੀਤਾ ਜਦਕਿ ਅਮਰਗੜ੍ਹ ਵੱਲੋਂ ਹਰਮਨ ਹਰਮਨ ,ਨਵਜੋਤ ਸਿੰਘ ਨੇ 2-2 ਕੋਮਲਪ੍ਰੀਤ ਸਿੰਘ ਨੇ 1 ਗੋਲ ਕੀਤਾ।

ਅੱਜ ਦਾ ਦੂਜਾ ਮੈਚ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾ ਦੀਆਂ ਲੜਕੀਆਂ ਅਤੇ ਘਵੱਦੀ ਸਕੂਲ ਦੇ ਬੱਚਿਆਂ ਵਿਚਕਾਰ ਖੇਡਿਆ ਗਿਆ ਜਿਸ ਨਨਕਾਣਾ ਸਾਹਿਬ ਦੀਆਂ ਲੜਕੀਆਂ ਨੇ ਬਹੁਤ ਹੀ ਵਧੀਆ ਅਤੇ ਆਲਾ ਦਰਜੇ ਦੀ ਹਾਕੀ ਦਾ ਵਿਖਾਵਾ ਕਰਦਿਆਂ ਦਰਸ਼ਕਾਂ ਦਾ ਮਨ ਮੋਹਿਆ ਅਤੇ ਮੁੰਡਿਆਂ ਦੇ ਨਾਲ ਖੇਡਦਿਆਂ 4-4 ਗੋਲਾਂ ਦੀ ਬਰਾਬਰੀ ਕਾਇਮ ਕੀਤੀ।

ਨਨਕਾਣਾ ਸਾਹਿਬ ਸਕੂਲ ਦੀਆਂ ਲੜਕੀਆਂ ਵੱਲੋਂ ਰਮਨਦੀਪ ਕੌਰ ਅਤੇ ਮਹਿਕ ਦੀਪ ਨੇ 2-2 ਗੋਲ ਕੀਤੇ ਜਦਕਿ ਘਵੱਦੀ ਸਕੂਲ ਵੱਲੋਂ ਅਰਫਾਨ ਅਤੇ ਇਕਬਾਲ ਸਿੰਘ ਨੇ 2-2 ਗੋਲ ਕੀਤੇ ਪੈਨਲਟੀ ਸਟਰੋਕ ਵਿੱਚ ਘਵੱਦੀ ਸਕੂਲ ਜੇਤੂ ਰਿਹਾ। ਜਦਕਿ ਸੀਨੀਅਰ ਵਰਗ ਵਿੱਚ ਅੱਜ ਕਿਲਾ ਰਾਏਪਰ ਅਤੇ ਗਿੱਲ ਕਲੱਬ ਘਵੱਦੀ ਵਿਚਕਾਰ ਖੇਡਿਆ ਗਿਆ ਮੁਕਾਬਲਾ ਨਿਰਧਾਰਤ ਸਮੇਂ ਤਕ 5-5 ਗੋਲਾਂ ਤੇ ਬਰਾਬਰ ਰਿਹਾ ਪੈਨਲਟੀ ਸਟ੍ਰੋਕ ਵਿੱਚ ਕਿਲਾ ਰਾਏਪੁਰ ਜੇਤੂ ਰਿਹਾ। ਇਸ ਜਿੱਤ ਨਾਲ ਕਿਲ੍ਹਾ ਰਾਏਪੁਰ ਨੇ ਆਪਣਾ ਸਫ਼ਰ ਸੈਮੀਫਾਈਨਲ ਦੇ ਨੇੜੇ ਕਰ ਲਿਆ ਹੈ।

ਇਸ ਤੋਂ ਇਲਾਵਾ ਸੀਨੀਅਰ ਵਰਗ ਦੇ ਦੂਸਰੇ ਮੁਕਾਬਲੇ ਵਿੱਚ ਗਿੱਲ ਸਪੋਰਟਸ ਕਲੱਬ ਧਮੋਟ ਨੇ ਅਮ-ਰਗੜ੍ਹ ਕਲੱਬ ਨੂੰ 6-5 ਗੋਲਾਂ ਨਾਲ ਹਰਾ ਕੇ ਹਾਕੀ ਲੀਗ ਵਿਚ ਲਗਾਤਾਰ ਆਪਣੀ ਦੂਸਰੀ ਜਿੱਤ ਹਾਸਲ ਕੀਤੀ। ਅੱਜ ਦੇ ਮੈਚਾਂ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਗਿੱਲ ਦੇ ਇੰਚਾਰਜ ਜੀਵਨ ਸਿੰਘ ਸੰਗੋਵਾਲ ਨੇ ਮੁੱਖ ਮਹਿਮਾਨ ਵਜੋਂ ਵੱਖ ਵੱਖ ਟੀਮਾਂ ਦੇ ਨਾਲ ਜਾਣ ਪਛਾਣ ਕੀਤੀ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨੇ ਮੁੱਖ ਮਹਿਮਾਨ ਜੀਵਨ ਸਿੰਘ ਸੰਗੋਵਾਲ ਨੂੰ ਬੁੱਕੇ ਅਤੇ ਯਾਦਗਰੀ ਐਵਾਰਡ ਦੇ ਕੇ ਸਨਮਾਨਤ ਕੀਤਾ ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ , ਧਰਮਿੰਦਰ ਸਿੰਘ ਮਨੀ, ਰਵਿੰਦਰ ਸਿੰਘ ਕਾਲਾ ਘਵੱਦੀ, ਕੌਮੀ ਹਾਕੀ ਖਿਡਾਰੀ ਪਲਵਿੰਦਰ ਸਿੰਘ ਗੋਲੂ, ਗੁਰਸਤਿੰਦਰ ਸਿੰਘ ਪਰਗਟ, ਗੁਰਦੀਪ ਸਿੰਘ ਟੀਟੂ ਕਿਲਾ ਰਾਇਪੁਰ, ਰੁਪਿੰਦਰ ਸਿੰਘ ਗਿੱਲ , ਤਨਵੀਰ ਸਿੰਘ ਮੁੰਡੀ ਅਮਨਦੀਪ ਸਿੰਘ ਚਚਰਾੜੀ ਜਤਿੰਦਰਪਾਲ ਸਿੰਘ ਦੁਲੇਅ ਆਦਿ ਹੋਰ ਉੱਘੀਆ ਸ਼ਖ਼ਸੀਅਤਾਂ ਹਾਜ਼ਰ ਸਨ। ਹੁਣ ਜਰਖੜ ਹਾਕੀ ਲੀਗ ਦੇ ਅਗਲੇ ਗੇੜ ਦੇ ਮੁਕਾਬਲੇ 31 ਜੁਲਾਈ ਦਿਨ ਸ਼ਨਿਚਰਵਾਰ ਨੂੰ ਖੇਡੇ ਜਾਣਗੇ।

# ਹੈਪੀ ਬਜ਼ਾਰ ਨੇ ਵਿਉਪਾਰ ’ਚ ਇਕ ਹੋਰ ਪੁਲਾਂਘ ਪੁੱਟੀ

**ਸਟਾਕਟਨ (ਬਿਊਰੋ)–** ਜਿਵੇਂ ਕਿ ’ਦੇਸ਼ ਦੁਆਬਾ’ ਦੇ ਪਾਠਕ ਸਾਹਿਬਾਨ ਭਲੀਭਾਂਤ ਜਾਣਦੇ ਹਨ, ਖਾਸ ਕਰਕੇ ਸਟਾਕਟਨ ਤੇ ਉਸ ਦੇ ਇਰਦ-ਗਿਰਦ ਇਲਾਕਾ ਵਾਸੀਆਂ ਲਈ ਇੰਡੀਆ ਬਜ਼ਾਰ ਤੇ ਹੁਣ ਹੈਪੀ ਬਜ਼ਾਰ ਦੇ ਨਾਂ ਵਜੋਂ ਮਸ਼ਹੂਰ ਹੈ। ਇਲਾਕਾ ਵਾਸੀਆਂ ਵੱਲੋਂ ਮਿਲੇ ਪਿਆਰ/ਸਤਿਕਾਰ ਨੇ ਉਹਨਾਂ ਦੇ ਵਿਉਪਾਰ ਵਿਚ ਜਿੱਥੇ ਵਾਧਾ ਕੀਤਾ ਹੈ, ਉਸ ਦੀ ਵਜ੍ਹਾ ਵਧੀਆ ਤੇ ਵਾਜਬ ਕੀਮਤਾਂ ’ਤੇ ਸਮਾਨ ਮਿਲਣਾ ਅਤੇ ਇਸ ਤੋਂ ਵੱਧ ਇਸ ਦੇ ਮਾਲਕ ਸ੍ਰੀ ਜੈ ਰਾਮ ਗਾਟ ਜੀ ਅਤੇ ਹਰਜੀਤ ਗਾਟ ’ਹੈਪੀ’ ਦੀ ਬੋਲਚਾਲ ਇੰਨੀ ਮਿਠਾਸ ਭਰਪੂਰ ਹੈ ਕਿ ਗਾਹਕ ਮੱਲੋ-ਮੱਲੀ ਦੁਕਾਨ ਵੱਲ ਖਿੱਚਿਆ ਜਾਂਦਾ ਹੈ।

ਸ੍ਰੀ ਗਾਟ ਦੀ ਇਹ ਖੂਬੀ ਹੈ ਕਿ ਉਹ ਆਪਣੇ ਸਤਿਕਾਰਯੋਗ ਗਾਹਕਾਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ, ਉਸ ਨੂੰ ਪੂਰਾ ਕਰਦੇ ਹਨ। ਕਾਫੀ ਸਮੇਂ ਤੋਂ ਇਹਨਾਂ ਦੇ ਇਲਾਕੇ ’ਚ ਕਿਸੇ ਆਈਸਕ੍ਰੀਮ ਵਾਲੀ ਦੁਕਾਨ ਦੀ ਮੰਗ ਉੱਠ ਰਹੀ ਸੀ ਤੇ ਉਹਨਾਂ ਨੇ ਉਸ ਵੱਲ ਵਿਸ਼ੇਸ਼ ਧਿਆਨ ਦਿੰਦਿਆਂ ਪਿਛਲੇ ਦਿਨੀਂ ਪੂਰਾ ਕਰਕੇ ਦਿਖਾ ਦਿੱਤਾ। ਭਾਵ ਸ੍ਰੀ ਜੈ ਰਾਮ ਗਾਟ, ਹਰਜੀਤ ਗਾਟ ’ਹੈਪੀ’ ਨੇ ਇਕ ਨਵਾਂ ਬਿਜਨਸ ਵੀ ਸ਼ੁਰੂ ਕਰ ਦਿੱਤਾ, ਜਿਸ ਦਾ ਨਾਂ Indian Delicacies` ਹੈ ਤੇ ਪੂਰਨ ਤੌਰ ਤੇ ਸ਼ਾਕਾਹਾਰੀ ਹੈ। ਇਸ ਸ਼ੁਭ ਅਵਸਰ ਤੇ ਉਦਘਾਟਨ ਮੌਕੇ ਸੁਖਮਨੀ ਸਾਹਿਬ ਦੇ ਪਾਠ ਰਖਾਏ ਗਏ ਤੇ ਉਪਰੰਤ ਆਏ ਮਹਿਮਾਨਾਂ ਦਾ ਪੂਰਾ ਸਤਿਕਾਰ ਕਰਦਿਆਂ ਚਾਹ-ਪਾਣੀ, ਸਨੈਕਸ, ਮਠਿਆਈਆਂ ਦਾ ਲੰਗਰ ਲਗਾ ਕੇ ਸਵਾਗਤ ਕੀਤਾ।

ਇਸ ਮੌਕੇ ’ਦੇਸ਼ ਦੁਆਬਾ’ ਵੱਲੋਂ ਵੀ ਹਾਜ਼ਰੀ ਭਰ ਕੇ ਗਾਟ ਪਰਿਵਾਰ ਨੂੰ ਦਿਲੀ ਹਾਰਦਿਕ ਵਧਾਈ ਦਿੱਤੀ। ਇਸ ਦੇ ਨਾਲ ਸ. ਮਨਦੀਪ ਸਿੰਘ ਸੰਧੂ ਜੀ ਨੇ ਪਰਿਵਾਰ ਸਮੇਤ ਹਾਜ਼ਰੀ ਭਰ ਕੇ ਗਾਟ ਪਰਿਵਾਰ ਨੂੰ ਦਿਲੀ ਹਾਰਦਿਕ ਵਧਾਈ ਦਿੱਤੀ। ਇਸ ਤਰ੍ਹਾਂ ਹੋਰ ਸਤਿਕਾਰਯੋਗ ਗਾਹਕ/ਮਹਿਮਾਨ ਸਾਹਿਬਾਨ ਨੇ ਦਿਲੀ ਨਿੱਘੀ ਹਾਰਦਿਕ ਵਧਾਈ ਦਿੱਤੀ।

**ਇਸ ਮੌਕੇ ‘ਦੇਸ਼ ਦੁਆਬਾ’ ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਵੱਲੋਂ ਲਈਆਂ ਕੁਝ ਯਾਦਗਾਰੀ ਤਸਵੀਰਾਂ**






















# ਭਾਰਤ ਦੀ ਪਹਿਲੀ ਮੈਡਲ ਜੇਤੂ ਮੀਰਾ ਬਾਈ ਚਾਨੂ

ਟੋਕੀਓ ਓਲੰਪਿਕਸ ਵਿੱਚ ਵੇਟ ਲਿਫਟਰ ਮੀਰਾਬਾਈ ਚਾਨੂ ਨੇ ਭਾਰਤ ਲਈ ਜੇਤੂ ਸ਼ੁਰੂਆਤ ਕੀਤੀ ਅਤੇ ਪਹਿਲਾ ਤਮਗਾ ਦੇਸ਼ ਦੀ ਝੋਲੀ ਪਾਇਆ। ਵੇਟਲਿਫਟਿੰਗ ਵਿੱਚ ਚਾਨੂ ਨੇ ਸਿਲਵਰ ਮੈਡਲ ਹਾਸਿਲ ਕੀਤਾ। ਭਾਰਤ ਦੀ 26 ਸਾਲਾ ਵੇਟ ਲਿਫਟਰ ਮੀਰਾਬਾਈ ਚਾਨੂ ਨੇ 49 ਕਿਲੋਗ੍ਰਾਮ ਵਰਗ ਵਿੱਚ ਟੋਕੀਓ ਓਲੰਪਿਕ ਵਿੱਚ ਭਾਰਤ ਨੂੰ ਤਮਗਾ ਜਿਤਵਾ ਕੇ ਚੰਗੀ ਸ਼ੁਰੂਆਤ ਕੀਤੀ ਹੈ।

ਮੀਰਾਬਾਈ ਚਾਨੂ ਦੇ ਕੋਚ ਪੰਜਾਬ ਪੁਲਿਸ ਦੇ ਇੰਸਪੈਕਟਰ ਸੰਦੀਪ ਕੁਮਾਰ ਵੀ ਹਨ। ਪੰਜਾਬ ਪੁਲਿਸ ਨੇ ਚਾਨੂ ਅਤੇ ਸੰਦੀਪ ਕੁਮਾਰ ਨੂੰ ਮੈਡਲ ਜਿੱਤਣ ਦੀ ਖੁਸ਼ੀ ਵਿੱਚ ਟਵੀਟ ਕਰਕੇ ਵਧਾਈ ਦਿੱਤੀ ਹੈ।

ਜਲੰਧਰ ਨਾਲ ਸੰਬੰਧਿਤ ਸੰਦੀਪ ਕੁਮਾਰ ਵੀ ਇੱਕ ਓਲੰਪੀਅਨ ਹਨ ਅਤੇ ਪੰਜਾਬ ਪੁਲਿਸ ਵਿੱਚ ਇੰਸਪੈਕਟਰ ਹਨ। ਸੰਦੀਪ ਕੁਮਾਰ ਨੇ 1996 ਦੀਆਂ ਅਟਲਾਂਟਾ ਓਲੰਪਿਕਸ ਵਿੱਚ ਹਿੱਸਾ ਲਿਆ ਸੀ। 1998 ਦੀਆਂ ਰਾਸ਼ਟਰਮੰਡਲ ਖੇਡਾਂ ਜੋ ਕਿ ਕੁਆਲਾਲੰਪੁਰ ਵਿੱਚ ਹੋਈਆਂ ਸਨ, ਦੌਰਾਨ ਇੱਕ ਤਾਂਬੇ ਦਾ ਮੈਡਲ ਦੇਸ਼ ਲਈ ਹਾਸਲ ਕੀਤਾ ਸੀ।

2016 ਦੀਆਂ ਰੀਓ ਓਲੰਪਿਕ ਖੇਡਾਂ ਵਿੱਚ ਬੇਹੱਦ ਖ਼ਰਾਬ ਪ੍ਰਦਰਸ਼ਨ ਤੋਂ ਲੈ ਕੇ ਟੋਕੀਓ ਉਲੰਪਿਕ ਵਿੱਚ ਮੈਡਲ ਤੱਕ ਚਾਨੂ ਦਾ ਸਫ਼ਰ ਬੇਹੱਦ ਜ਼ਬਰਦਸਤ ਰਿਹਾ ਹੈ। ਪਿਛਲੀ ਵਾਰ ਰੀਓ ਓਲੰਪਿਕ ਵਿੱਚ ਕਹਾਣੀ ਇਕਦਮ ਅਲੱਗ ਸੀ।

**ਮੈਡਲ ਤੋਂ ਬਾਅਦ ਚਾਨੂ ਨੇ ਕੀ ਕਿਹਾ**

ਮੀਰਾ ਬਾਈ ਚਾਨੂ ਨੇ ਟਵਿੱਟਰ ਰਾਹੀਂ ਜਾਰੀ ਕੀਤੇ ਇੱਕ ਬਿਆਨ ਵਿੱਚ ਕਿਹਾ,

ਮੇਰੇ ਲਈ ਇਹ ਵਾਕਈ ਇੱਕ ਸੁਫ਼ਨਾ ਸੱਚ ਹੋਣ ਵਰਗਾ ਹੈ। ਮੈਂ ਇਹ ਮੈਡਲ ਆਪਣੇ ਦੇਸ਼ ਨੂੰ ਸਮਰਪਿਤ ਕਰਨਾ ਚਾਹਾਂਗੀ ਅਤੇ ਉਨ੍ਹਾਂ ਇੱਕ ਅਰਬ ਦੁ-ਆਵਾਂ ਦਾ ਧੰਨਵਾਦ ਕਰਨਾ ਚਾਹਾਂਗੀ ਜੋ ਇਸ ਸਫ਼ਰ ਦੌਰਾਨ ਮੇਰੇ ਨਾਲ ਰਹੀਆਂ ਹਨ। ਮੈਂ ਆਪਣੇ ਪਰਿਵਾਰ ਅਤੇ ਖ਼ਾਸ ਕਰ ਮੇਰੀ ਮਾਂ ਦਾ ਮੇਰੇ ਲਈ ਬਹੁਤ ਸਾਰੀਆਂ ਕੁਰਬਾਨੀਆਂ ਕਰਨ ਅਤੇ ਮੇਰੇ ਵਿੱਚ ਯਕੀਨ ਰੱਖਣ ਲਈ ਧੰਨਵਾਦ ਕਰਨਾ ਚਾਹਾਂਗੀ।" ਚਾਨੂ ਨੇ ਵੇਟ ਲਿਫਟਿੰਗ ਨਾਲ ਜੁੜੀਆਂ ਸੰਸਥਾਵਾਂ, ਭਾਈਚਾਰੇ ਅਤੇ ਆਪਣੇ ਕੋਚ ਵਿਜੇ ਸ਼ਰਮਾ ਦਾ ਧੰਨਵਾਦ ਕੀਤਾ ਹੈ।




# ਪੀਵੀ ਸਿੰਧੂ ਜਿੱਤੀ, ਭਾਰਤੀ ਮਹਿਲਾ ਹਾਕੀ ਟੀਮ ਤੇ ਤੀਰਅੰਦਾਜ਼ੀ ਨੂੰ ਮਿਲੀ ਹਾਰ

| ਰੈਂਕਿੰਗ | ਟੀਮ | ਸੋਨ | ਚਾਂਦੀ | ਕਾਂਸੀ | ਕੁੱਲ |
|---|---|---|---|---|---|
| 1 | ਜਪਾਨ | 11 | 4 | 5 | 20 |
| 2 | ਸੰਯੁਕਤ ਰਾਸ਼ਟਰ | 10 | 10 | 9 | 29 |
| 3 | ਚੀਨ | 10 | 5 | 8 | 23 |
| 4 | ਰੂਸੀ ਓਲੰਪਿਕ ਕਮੇਟੀ | 7 | 8 | 4 | 19 |
| 5 | ਆਸਟਰੇਲੀਆ | 6 | 1 | 8 | 15 |
| 6 | ਯੂਨਾਈਟਡ ਕਿੰਗਡਮ | 5 | 6 | 4 | 15 |
| 7 | ਦੱਖਣੀ ਕੋਰੀਆ | 3 | 2 | 5 | 10 |
| 8 | ਫਰਾਂਸ | 3 | 2 | 3 | 8 |
| 9 | ਨੀਦਰਲੈਂਡਜ਼ | 2 | 5 | 2 | 9 |
| 10 | ਕੈਨੇਡਾ | 2 | 3 | 4 | 9 |
| 11 | Hungary | 2 | 1 | | 3 |
| 12 | ਜਰਮਨੀ | 2 | | 4 | 6 |
| 13 | ਕੋਸੋਵੋ | 2 | | | 2 |
| 14 | ਇਟਲੀ | 1 | 5 | 8 | 14 |
| 15 | ਸਵਿਟਜ਼ਰਲੈਂਡ | 1 | 3 | 2 | 6 |
| 16 | ਚੀਨੀ ਤਾਇਪੇਅ (ਤਾਇਵਾਨ) | 1 | 2 | 3 | 6 |
| 17 | ਬ੍ਰਾਜ਼ੀਲ | 1 | 2 | 2 | 5 |
| 18 | ਰੋਮਾਨੀਆ | 1 | 2 | | 3 |
| 19 | ਸਲੋਵੇਨੀਆ | 1 | 1 | 1 | 3 |
| 19 | ਸਰਬੀਆ | 1 | 1 | 1 | 3 |
| 21 | ਹਾਂਗ ਕਾਂਗ | 1 | 1 | | 2 |
| 21 | ਟਿਊਨੇਸ਼ੀਆ | 1 | 1 | | 2 |
| 23 | ਆਸਟਰੀਆ | 1 | | 1 | 2 |
| 23 | ਕਰੋਸ਼ੀਆ | 1 | | 1 | 2 |
| 23 | ਐਸਟੋਨੀਆ | 1 | | 1 | 2 |
| 26 | ਨੋਰਵੇ | 1 | | | 1 |
| 26 | ਉਜ਼ਬੇਕਿਸਤਾਨ | 1 | | | 1 |
| 26 | ਇਰਾਨ | 1 | | | 1 |
| 26 | ਥਾਈਲੈਂਡ | 1 | | | 1 |
| 26 | ਫਿਲਪੀਨਜ਼ | 1 | | | 1 |

ਟੋਕੀਓ ਓਲੰਪਿਕ ਦਾ ਅੱਜ ਛੇਵਾਂ ਦਿਨ ਸੀ ਅਤੇ ਭਾਰਤੀ ਟੀਮ ਦੇ ਮੈਡਲ ਦੀ ਗਿਣਤੀ 1 ਚਾਂਦੀ ਤੋਂ ਪਾਰ ਨਹੀਂ ਹੋ ਸਕੀ ਹੈ। ਇਸ ਦਿਨ ਵੀ, ਭਾਰਤੀ ਪ੍ਰਸ਼ੰਸਕ ਆਪਣੇ ਖਿਡਾਰੀਆਂ ਦੇ ਬਿਹਤਰ ਪ੍ਰਦਰਸ਼ਨ ਦੀ ਉਮੀਦ ਕਰਨਗੇ। ਭਾਰਤੀ ਖਿਡਾਰੀ ਤੀਰਅੰਦਾਜ਼ੀ, ਬੈਡਮਿੰਟਨ, ਹਾਕੀ ਅਤੇ ਬਾਕਸਿੰਗ ਵਿੱਚ ਆਪਣੀ ਚੁਣੌਤੀ ਪੇਸ਼ ਕਰਨਗੇ।

**ਤਰੁਣ ਦਾ ਸਫ਼ਰ ਖ਼ਤਮ**

ਤਰੁਣਦੀਪ ਇਜ਼ਰਾਈਲੀ ਤੀਰਅੰਦਾਜ਼ ਦੇ ਸਾਹਮਣੇ ਆਪਣਾ ਸਰਬੋਤਮ ਪ੍ਰਦਰਸ਼ਨ ਨਹੀਂ ਦੇ ਸਕਿਆ ਅਤੇ ਉਸਨੂੰ ਇਥੇ ਹਾਰ ਦਾ ਸਾਹਮਣਾ ਕਰਨਾ ਪਿਆ। ਭਾਰਤੀ ਤੀਰਅੰਦਾਜ਼ ਨੂੰ ਇਟੇ ਸੈਣੀ ਖ਼ਿਲਾਫ਼ ਬਹੁਤ ਹੀ ਸਖ਼ਤ ਮੈਚ ਵਿੱਚ 5 ਦੇ ਮੁਕਾਬਲੇ 6 ਅੰਕਾਂ ਨਾਲ ਹਾਰ ਮਿਲੀ। ਇਸ ਜਿੱਤ ਦੇ ਨਾਲ, ਇਜ਼ਰਾਈਲੀ ਤੀਰਅੰਦਾਜ਼ ਜਿਥੇ ਅਗਲੇ ਗੇੜ ਵਿੱਚ ਪਹੁੰਚਿਆ, ਉਥੇ ਵਿਅਕਤੀਗਤ ਮੁਕਾਬਲੇ ਵਿੱਚ ਤਰੁਣ ਦੀ ਯਾਤਰਾ ਖ਼ਤਮ ਹੋ ਗਈ।

**ਪੀਵੀ ਸਿੰਧ ਦੀ ਦਜੀ ਜਿੱਤ**

ਭਾਰਤੀ ਬੈਡਮਿੰਟਨ ਓਲੰਪਿਕ ਚਾਂਦੀ ਤਮਗਾ ਜੇਤੂ ਪੀਵੀ ਸਿੰਧੂ ਨੇ ਬੁੱਧਵਾਰ ਨੂੰ ਹਾਂਗਕਾਂਗ ਦੇ ਖਿਡਾਰੀ ਖਿਲਾਫ ਜਿੱਤ ਪ੍ਰਾਪਤ ਕੀਤੀ।

ਸਿੰਧੂ ਨੇ ਇਥੇ ਓਲੰਪਿਕ ਦੇ ਦੂਜੇ ਮੈਚ ਵਿਚ ਯੀ ਨਾਗ ਚੁੰਗ ਵਿਰੁੱਧ 21-9, 21-16 ਨਾਲ ਜਿੱਤ ਦਰਜ ਕਰਦਿਆਂ ਜ਼ਬਰਦਸਤ ਪ੍ਰਦਰਸ਼ਨ ਦਿਖਾਇਆ।

**ਆਰਚਰ ਤਰੁਨ ਸਖ਼ਤ ਮੁਕਾਬਲੇ ਵਿਚ ਜਿੱਤੀ**

ਇਸ ਓਲੰਪਿਕ ਵਿਚ ਭਾਰਤੀ ਤੀਰਅੰਦਾਜ਼ੀ ਟੀਮ ਤੋਂ ਕਾਫੀ ਉਮੀਦਾਂ ਹਨ, ਪਰ ਅਜੇ ਤਕ ਉਨ੍ਹਾਂ ਦਾ ਪ੍ਰਦਰਸ਼ਨ ਉਮੀਦਾਂ 'ਤੇ ਖਰਾ ਨਹੀਂ ਉਤਰਿਆ। ਵਿਅਕਤੀਗਤ ਮੁਕਾਬਲੇ ਵਿਚ ਖੇਡਣ ਪਹੁੰਚੇ ਤਰੁਣ ਦੀਪ ਨੇ ਅੱਜ ਯੂਰਪੀਅਨ ਖਿਡਾਰੀ ਵਿਰੁੱਧ ਸਖਤ ਮੁਕਾਬਲਾ ਜਿੱਤਿਆ। ਟਾਈ ਮੈਚ ਤੋੜਨ ਵਾਲੇ ਇਸ ਮੈਚ ਵਿੱਚ, ਭਾਰਤੀ ਤੀਰਅੰਦਾਜ਼ ਨੇ 6-4 ਨਾਲ ਜਿੱਤ ਪ੍ਰਾਪਤ ਕਰਕੇ ਅਗਲੇ ਗੇੜ ਵਿੱਚ ਥਾਂ ਬਣਾਈ।

**ਮਹਿਲਾ ਹਾਕੀ ਟੀਮ ਹਾਰ ਗਈ**

ਭਾਰਤੀ ਮਹਿਲਾ ਹਾਕੀ ਟੀਮ ਨੂੰ ਬੁੱਧਵਾਰ ਨੂੰ ਓਲੰਪਿਕ ਦੇ ਛੇਵੇਂ ਦਿਨ ਬ੍ਰਿਟੇਨ ਦੀ ਟੀਮ ਦੇ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ। ਪੂਲ ਏ ਦੇ ਮੈਚ ਵਿਚ ਭਾਰਤੀ ਟੀਮ ਨੂੰ ਇਸ ਮੈਚ ਵਿਚ 1 ਦੇ ਖਿਲਾਫ 4 ਗੋਲਾਂ ਨਾਲ ਹਾਰ ਝੱਲਣੀ ਪਈ। ਬ੍ਰਿਟੇਨ ਨੇ ਪਹਿਲੇ ਕੁਆਰਟਰ ਵਿਚ ਭਾਰਤ ਖਿਲਾਫ 1 ਗੋਲ ਕੀਤਾ ਜਿਸ ਤੋਂ ਬਾਅਦ ਸਕੋਰ ਦੂਜੇ ਕੁਆਰਟਰ ਮੈਚ ਵਿਚ 2-0 ਹੋ ਗਿਆ।

ਭਾਰਤ ਨੇ ਸ਼ਰਮਿਲਾ ਦੇਵੀ ਦੇ ਗੋਲ ਨਾਲ ਸਕੋਰ 1-2 ਨਾਲ ਬਣਾਇਆ ਪਰ ਉਸ ਤੋਂ ਬਾਅਦ ਕੋਈ ਹੋਰ ਗੋਲ ਭਾਰਤੀ ਟੀਮ ਨਹੀਂ ਕਰ ਸਕਿਆ। ਬ੍ਰਿਟੇਨ ਨੇ ਮੈਚ ਨੂੰ 4-1 ਨਾਲ ਜਿੱਤਣ ਲਈ ਆਖਰੀ ਸਮੇਂ ਵਿੱਚ ਦੋ ਹੋਰ ਗੋਲ ਕੀਤੇ।





## ਦੁਨੀਆ ਦੀ ਨੰਬਰ ਦੋ ਖਿਡਾਰਨ ਨਾਓਮੀ ਓਸੋਕਾ ਹਾਰ ਕੇ ਬਾਹਰ

ਟੋਕੀਓ ਓਲੰਪਿਕ ਵਿਚ ਟੈਨਿਸ ਵਿਚ ਵੱਡਾ ਉਲਟਫੇਰ ਹੋਇਆ ਹੈ। ਦੁਨੀਆ ਦੀ ਨੰਬਰ ਦੋ ਖਿਡਾਰਨ ਨਾਓਮੀ ਓਸਾਕਾ ਮੰਗਲਵਾਰ ਨੂੰ ਮਹਿਲਾ ਸਿੰਗਲਜ਼ ਮੁਕਾਬਲੇ 'ਚੋਂ ਬਾਹਰ ਹੋ ਗਈ। ਚੈੱਕ ਗਣਰਾਜ ਦੀ ਮਾਰਕੇਟਾ ਵੋਂਦਰੋਸੋਵਾ ਨੇ ਓਸਾਕਾ ਨੂੰ ਸਿੱਧੇ ਸੈੱਟਾਂ ਵਿਚ 6-1, 6-4 ਨਾਲ ਹਰਾਇਆ। ਪਹਿਲੇ ਸੈੱਟ ਵਿਚ ਓਸਾਕਾ ਸਿਰਫ਼ ਇਕ ਗੇਮ ਜਿੱਤਣ ਵਿਚ ਸਫ਼ਲ ਰਹੀ ਤੇ ਆਖ਼ਰ ਵਿਚ ਵੋਂਦਰੋਸੋਵਾ ਨੇ ਇਸ ਨੂੰ 6-1 ਨਾਲ ਜਿੱਤ ਲਿਆ। ਚੈੱਕ ਗਣਰਾਜ ਦੀ ਖਿਡਾਰਨ ਨੇ ਦੂਜੇ ਸੈੱਟ ਵਿਚ ਆਪਣਾ ਸ਼ਾਨਦਾਰ ਪ੍ਰਦਰਸ਼ਨ ਕਾਇਮ ਰੱਖਿਆ ਤੇ ਜਾਪਾਨੀ ਖਿਡਾਰਨ ਤੇ ਮੈਡਲ ਦੀ ਦਾਅਵੇਦਾਰ ਓਸਾਕਾ ਨੂੰ ਵਾਪਸੀ ਨਹੀਂ ਕਰਨ ਦਿੱਤੀ। ਅੰਤ ਵਿਚ ਓਸਾਕਾ ਸਿੱਧੇ ਸੈੱਟਾਂ ਵਿਚ ਮੈਚ ਹਾਰ ਗਈ। ਮਈ ਵਿਚ ਫਰੈਂਚ ਓਪਨ ਤੋਂ ਹਟਣ ਤੋਂ ਬਾਅਦ ਟੋਕੀਓ ਓਲੰਪਿਕ 2020 ਓਸਾਕਾ ਦਾ ਪਹਿਲਾ ਟੂਰਨਾਮੈਂਟ ਸੀ। ਇਸ ਦੌਰਾਨ ਉਨ੍ਹਾਂ ਨੇ ਕਿਹਾ ਸੀ ਕਿ ਉਹ ਲਗਭਗ ਤਿੰਨ ਸਾਲਾਂ ਤੋਂ ਤਣਾਅ ਤੋਂ ਪੀੜਤ ਹੈ। ਓਸਾਕਾ ਨੇ ਕਿਹਾ ਕਿ ਉਹ ਖਿਡਾਰੀਆਂ ਦੀ ਮਾਨਸਿਕ ਭਲਾਈ ਬਾਰੇ ਜਾਗਰੂਕਤਾ ਵਧਾਉਣ ਲਈ ਪ੍ਰੈੱਸ ਕਾਨਫਰੰਸ ਦਾ ਬਾਈਕਾਟ ਕਰੇਗੀ। ਹਾਲਾਂਕਿ ਓਲੰਪਿਕ ਵਿਚ ਹਾਰ ਤੋਂ ਬਾਅਦ ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕੀਤੀ। ਇਸ ਤੋਂ ਪਹਿਲਾਂ ਟੋਕੀਓ ਓਲੰਪਿਕ ਵਿਚ ਐਤਵਾਰ ਨੂੰ ਵੀ ਵੱਡਾ ਉਲਟਫੇਰ ਹੋਇਆ ਸੀ ਜਦ ਵਿੰਬਲਡਨ 2021 ਦੀ ਚੈਂਪੀਅਨ ਐਸ਼ਲੇ ਬਾਰਟੀ ਮਹਿਲਾ ਸਿੰਗਲਜ਼ 'ਚੋਂ ਬਾਹਰ ਹੋ ਗਈ ਸੀ। ਸਪੇਨ ਦੀ ਸਾਰਾ ਸੋਰਿਬਨਸ ਟਾਰਮੋ ਨੇ ਬਾਰਟੀ ਨੂੰ ਸਿੱਧੇ ਸੈੱਟਾਂ ਵਿਚ 6-4, 6-3 ਨਾਲ ਹਰਾ ਕੇ ਅਗਲੇ ਗੇੜ ਵਿਚ ਪ੍ਰਵੇਸ਼ ਕੀਤਾ। ਪੂਰਾ ਮੈਚ ਇਕ ਘੰਟੇ 34 ਮਿੰਟ ਤਕ ਚੱਲਿਆ।



# ਭਾਰਤੀ ਹਾਕੀ ਟੀਮ ਵਿੱਚ ਇਸ ਵਾਰ ਅੱਧੇ ਤੋਂ ਪੰਜਾਬੀ ਖਿਡਾਰੀ

ਸਾਲ 1948 ਦੀਆਂ ਓਲੰਪਿਕ ਖੇਡਾਂ ਲਈ ਲੰਡਨ ਜਾਣ ਵਾਲੀ ਹਾਕੀ ਟੀਮ ਵਿੱਚ ਪੰਜਾਬ ਤੋਂ ਸਿਰਫ਼ ਦੋ ਖਿਡਾਰੀ ਸਨ। ਇਸ ਵਾਰ ਟੋਕੀਓ ਓਲੰਪਿਕ ਵਿੱਚ ਕੁੱਲ ਭਾਰਤੀ ਹਾਕੀ ਖਿਡਾਰੀਆਂ ਵਿੱਚੋਂ ਅੱਧੇ ਪੰਜਾਬ ਵਿੱਚੋਂ ਹਨ। ਆਜ਼ਾਦੀ ਤੋਂ ਬਾਅਦ ਦੇ ਪਹਿਲੇ ਓਲੰਪਿਕਸ (1948 ਲੰਡਨ) ਵਿੱਚ ਪੰਜਾਬ ਦੇ ਉਹ ਦੋ ਖਿਡਾਰੀ ਸਨ, ਬਲਬੀਰ ਸਿੰਘ ਸੀਨੀਅਰ ਅਤੇ ਤ੍ਰਿਲੋਚਨ ਸਿੰਘ ਬਾਵਾ।

ਇਨ੍ਹਾਂ ਨੇ 1948 ਵਿੱਚ ਬੰਬਈ ਵਿੱਚ ਕਰਵਾਏ ਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਪੰਜਾਬ ਦੀ ਨੁਮਾਇੰਦਗੀ ਕੀਤੀ ਸੀ। ਇੱਕ ਸਾਲ ਪਹਿਲਾਂ ਤੱਕ ਬ੍ਰਿਟਿਸ਼ ਰਾਜ ਅਧੀਨ ਰਹੇ ਭਾਰਤ ਨੇ ਬ੍ਰਿਟੇਨ ਨੂੰ ਉਨ੍ਹਾਂ ਦੇ ਘਰੇਲੂ ਮੈਦਾਨ 'ਤੇ ਹਰਾਇਆ ਅਤੇ ਆਜ਼ਾਦ ਭਾਰਤ ਦਾ ਤਿਰੰਗਾ ਪਹਿਲੀ ਵਾਰ ਵਿਦੇਸ਼ੀ ਭੂਮੀ 'ਤੇ ਲਹਿਰਾਇਆ ਸੀ, ਉਹ ਵੀ ਉਸ ਦੇਸ਼ ਵਿੱਚ ਜਿਸ ਨੇ ਦੋ ਸਦੀਆਂ ਤੋਂ ਵੱਧ ਸਮੇਂ ਤੱਕ ਭਾਰਤ 'ਤੇ ਰਾਜ ਕੀਤਾ ਸੀ।2021 ਟੋਕੀਓ ਓਲੰਪਿਕ ਵਿੱਚ ਹਿੱਸਾ ਲੈਣ ਵਾਲੀ ਭਾਰਤੀ ਪੁਰਸ਼ ਹਾਕੀ ਟੀਮ ਦਾ ਅੱਧਾ ਹਿੱਸਾ ਯਾਨੀ 16 ਵਿੱਚੋਂ 8 ਖਿਡਾਰੀ ਪੰਜਾਬ ਦੇ ਹਨ। ਉਨ੍ਹਾਂ ਦੇ ਨਾਮ ਹਨ ਮਨਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ, ਰੁਪਿੰਦਰ ਪਾਲ ਸਿੰਘ, ਹਾਰਦਿਕ ਸਿੰਘ, ਸ਼ਮਸ਼ੇਰ ਸਿੰਘ, ਦਿਲਪ੍ਰੀਤ ਸਿੰਘ, ਗੁਰਜੰਟ ਸਿੰਘ, ਮਨਦੀਪ ਸਿੰਘ।



ਟੋਕਿਓ ਜਾਣ ਵਾਲੀ ਹਾਕੀ ਟੀਮ ਦੀ ਅਗਵਾਈ ਵੀ ਪੰਜਾਬੀ ਖਿਡਾਰੀ ਤੇ ਇੱਕ ਪੁਲਿਸ ਅਧਿਕਾਰੀ ਮਨਪ੍ਰੀਤ ਸਿੰਘ ਕਰ ਰਹੇ ਹਨ। ਮਨਪ੍ਰੀਤ ਇਸ ਵੇਲੇ ਡਿਪਟੀ ਸੁਪਰਡੈਂਟ ਪੁਲਿਸ (ਡੀਐੱਸਪੀ) ਦੇ ਅਹੁਦੇ ’ਤੇ ਤਾਇਨਾਤ ਹਨ।

ਚਾਰ ਸਾਲ ਵਿੱਚ ਇੱਕ ਵਾਰ ਹੋਣ ਵਾਲੀਆਂ ਖੇਡਾਂ ਓਲੰਪਿਕਸ ਵਿੱਚ ਇਸ ਤੋਂ ਪਹਿਲਾਂ ਸਾਲ 2000 ਵਿੱਚ ਜਦੋਂ ਸਿਡਨੀ ਵਿੱਚ ਓਲੰਪਿਕ ਹੋਇਆ ਸੀ ਤਾਂ ਇੱਕ ਪੰਜਾਬੀ ਕਪਤਾਨ ਰਮਨਦੀਪ ਸਿੰਘ ਨੇ ਭਾਰਤ ਦੀ ਅਗਵਾਈ ਕੀਤੀ ਸੀ।

ਸੁਰਜੀਤ ਹਾਕੀ ਅਕੈਡਮੀ ਦੇ ਕੋਚ ਅਵਤਾਰ ਸਿੰਘ ਦਾ ਕਹਿਣਾ ਹੈ, "ਇਹ ਪੰਜਾਬ ਅਤੇ ਸਾਡੀ ਅਕੈਡਮੀ, ਸੁਰਜੀਤ ਹਾਕੀ ਅਕੈਡਮੀ, ਜਲੰਧਰ ਲਈ ਬਹੁਤ ਵੱਡਾ ਸਨਮਾਨ ਹੈ ਕਿ ਸਾਡੇ ਤੋਂ ਸਿਖਲਾਈ ਪ੍ਰਾਪਤ ਮਨਪ੍ਰੀਤ ਟੋਕਿਓ ਵਿੱਚ ਭਾਰਤੀ ਟੀਮ ਦੀ ਅਗਵਾਈ ਕਰੇਗਾ।"

ਪੰਜਾਬ ਦੇ ਅੱਠ ਖਿਡਾਰੀਆਂ ਵਿੱਚੋਂ ਛੇ, ਮਨਪ੍ਰੀਤ, ਹਰਮਨਪ੍ਰੀਤ, ਹਾਰਦਿਕ, ਸ਼ਮਸ਼ੇਰ, ਦਿਲਪ੍ਰੀਤ ਅਤੇ ਮਨਦੀਪ ਸਰਕਾਰ ਵੱਲੋਂ ਚਲਾਈ ਜਾ ਰਹੀ ਸੁਰਜੀਤ ਹਾਕੀ ਅਕੈਡਮੀ ਵਿੱਚੋਂ ਟਰੇਨਿੰਗ ਲੈ ਚੁੱਕੇ ਹਨ।

ਸਾਬਕਾ ਓਲੰਪਿਕ ਕਪਤਾਨ ਪਰਗਟ ਸਿੰਘ 2012 ਵਿੱਚ ਪੰਜਾਬ ਦੇ ਖੇਡ ਨਿਰਦੇਸ਼ਕ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਚੋਣ ਰਾਜਨੀਤੀ ਵਿੱਚ ਸ਼ਾਮਲ ਹੋਏ ਸਨ। ਉਹ ਦੋ ਵਾਰ ਵਿਧਾਨ ਸਭਾ ਚੋਣਾਂ ਜਿੱਤ ਚੁੱਕੇ ਹਨ।

ਉਨ੍ਹਾਂ ਦਾ ਕਹਿਣਾ ਹੈ, "ਇੱਕ ਸੂਬੇ ਵਿੱਚੋਂ ਅੱਧੀ ਟੀਮ ਆਉਣਾ ਇੱਕ ਵੱਡੀ ਪ੍ਰਾਪਤੀ ਹੈ ਅਤੇ ਇਹ ਸਪੱਸ਼ਟ ਰੂਪ ਵਿੱਚ ਭਾਰਤੀ ਹਾਕੀ ਵਿੱਚ ਪੰਜਾਬ ਦਾ ਦਬਦਬਾ ਦਿਖਾਉਂਦੀ ਹੈ।" ਸਾਬਕਾ ਭਾਰਤੀ ਹਾਕੀ ਕਪਤਾਨ ਵਜੋਂ ਉਨ੍ਹਾਂ ਦੀ ਪ੍ਰਸਿੱਧੀ ਅਤੇ ਡਾਇਰੈਕਟਰ ਆਫ ਸਪੋਰਟਸ (2005 ਤੋਂ 2012) ਦੇ ਕਾਰਜਕਾਲ ਦੌਰਾਨ ਹਾਕੀ ਨੂੰ ਮੁੜ ਸੁਰਜੀਤ ਕਰਨ ਲਈ ਉਨ੍ਹਾਂ ਨੇ ਕਾਫੀ ਕੰਮ ਕੀਤਾ ਸੀ।

ਉਸ ਨੇ ਹੀ ਪਰਗਟ ਸਿੰਘ ਨੂੰ ਜਲੰਧਰ ਕੈਂਟ ਹਲਕੇ ਤੋਂ ਚੋਣ ਜਿਤਾਈ ਸੀ ਜਿਸ ਨੂੰ ਸੂਬੇ ਦੀ ਇੱਕ ਪ੍ਰਮੁੱਖ ਹਾਕੀ ਬੈਲਟ ਮੰਨਿਆ ਜਾਂਦਾ ਹੈ।

ਪਰਗਟ ਸਿੰਘ ਨੇ ਕਿਹਾ, "ਹਾਕੀ ਹਮੇਸ਼ਾ ਪੰਜਾਬ ਦੇ ਲੋਕਾਂ ਦੇ ਨਜ਼ਦੀਕ ਰਹੀ ਹੈ ਅਤੇ ਇਹ ਉਨ੍ਹਾਂ ਦੇ ਸੱਭਿਆਚਾਰ ਅਤੇ ਵਿਰਾਸਤ ਦਾ ਹਿੱਸਾ ਹੈ। ਨੱਬੇ ਦੇ ਦਹਾਕੇ ਦੇ ਅੰਤ ਤੋਂ ਸਾਲ 2010 ਤੱਕ ਪੰਜਾਬ ਦੀ ਹਾਕੀ ਵਿੱਚ ਗਿਰਾਵਟ ਵੇਖੀ ਗਈ ਸੀ।"

"ਹਾਲਾਂਕਿ ਪਿਛਲੇ ਪੰਜ-ਛੇ ਸਾਲਾਂ ਤੋਂ ਪੰਜਾਬ ਦੀ ਹਾਕੀ ਮੁੜ ਲੀਹਾਂ 'ਤੇ ਆ ਗਈ ਹੈ ਅਤੇ ਅਸੀਂ ਦੇਸ਼ ਦੀ ਹਾਕੀ ਵਿੱਚ ਲਗਾਤਾਰ ਆਪਣਾ ਹਿੱਸਾ ਵਧਾ ਰਹੇ ਹਾਂ।"

ਪਰਗਟ ਸਿੰਘ ਨੂੰ ਦੋ ਓਲੰਪਿਕਸ (1992 ਬਾਰ-ਸੀਲੋਨਾ ਅਤੇ 1996 ਅਟਲਾਂਟਾ) ਵਿੱਚ ਕਪਤਾਨੀ ਕਰਨ ਵਾਲੇ ਇਕੱਲੇ ਭਾਰਤੀ ਖਿਡਾਰੀ ਹੋਣ ਦਾ ਮਾਣ ਪ੍ਰਾਪਤ ਹੈ।

ਉਨ੍ਹਾਂ ਦਾ ਕਹਿਣਾ ਹੈ, "1996 ਅਟਲਾਂਟਾ ਓਲੰਪਿਕ ਤੋਂ ਬਾਅਦ, ਇਹ ਦੋ ਦਹਾਕਿਆਂ ਦੇ ਵਕਫੇ ਤੋਂ ਬਾਅਦ ਸੀ, ਜਦੋਂ 2016 ਦੀਆਂ ਰੀਓ ਓਲੰਪਿਕ ਦੌਰਾਨ ਭਾਰਤੀ ਟੀਮ ਵਿੱਚ ਪੰਜਾਬ ਦੇ ਪੰਜ ਖਿਡਾਰੀ ਸਨ। ਹੁਣ ਟੋਕਿਓ ਵਿੱਚ ਇਹ ਗਿਣਤੀ ਵੱਧ ਕੇ ਅੱਠ ਹੋ ਗਈ ਹੈ।"

**ਦੇਸ਼ ਦੀ ਵੰਡ ਪੰਜਾਬ ਹਾਕੀ ਲਈ ਵੱਡਾ ਝਟਕਾ**

ਭਾਰਤੀ ਹਾਕੀ ਦੀ ਸ਼ੁਰੂਆਤ ਕੋਲਕਾਤਾ ਵਿੱਚ ਹੋਈ ਸੀ ਅਤੇ ਇਸ ਸ਼ਹਿਰ ਨੇ 19ਵੀਂ ਸਦੀ ਦੀ ਸ਼ੁਰੂਆਤ ਵਿੱਚ ਹਾਕੀ ਟੀਮ ਦੀ ਅਗਵਾਈ ਕੀਤੀ ਸੀ।ਇੱਕ ਮਜ਼ਬੂਤ ਨੀਂਹ ਰੱਖਣ ਵਿੱਚ ਐਂਗਲੋ-ਇੰਡੀਅਨਜ਼ ਦਾ ਯੋਗਦਾਨ ਸੀ। ਆਜ਼ਾਦੀ ਤੋਂ ਪਹਿਲਾਂ ਟੀਮ ਵਿੱਚ ਮੁੱਖ ਤੌਰ 'ਤੇ ਫੌਜ, ਰੇਲਵੇ, ਤਾਰ ਅਤੇ ਕਸਟਮ ਜਾਂ ਬੰਦਰਗਾਹ ਸੇਵਾਵਾਂ ਦੇ ਖਿਡਾਰੀ ਸ਼ਾਮਲ ਹੁੰਦੇ ਸਨ। ਹੌਲੀ-ਹੌਲੀ ਇਹ ਖੇਡ ਰਿਆਸਤਾਂ ਅਤੇ ਹੋਰ ਸ਼ਹਿਰਾਂ ਜਿਵੇਂ ਭੋਪਾਲ, ਗਵਾਲੀਅਰ, ਝਾਂਸੀ, ਇੰਦੌਰ, ਇਲਾਹਾਬਾਦ, ਅਲੀਗੜ੍ਹ ਅਤੇ ਲਖਨਊ ਵਿੱਚ ਫੈਲ ਗਈ ਸੀ।

1940 ਦੇ ਦਹਾਕੇ ਦੇ ਅੱਧ ਤੱਕ ਪੰਜਾਬ ਹਾਕੀ ਵਿੱਚ ਇੱਕ ਸ਼ਕਤੀਸ਼ਾਲੀ ਸੂਬਾ ਬਣ ਕੇ ਉੱਭਰਿਆ ਸੀ। ਪੰਜਾਬ ਪੁਲਿਸ ਵਿੱਚ ਨੌਕਰੀਆਂ ਅਤੇ ਪੰਜਾਬ ਯੂਨੀਵਰਸਿਟੀ ਦੇ ਮਜ਼ਬੂਤ ਇੰਟਰ-ਕਾਲਜ ਸਰਕਟ ਨੇ ਭਾਰਤੀ ਹਾਕੀ ਦਾ ਗੜ੍ਹ ਪੰਜਾਬ ਨੂੰ ਬਣਾ ਦਿੱਤਾ ਸੀ।

ਪੰਜਾਬ ਨੇ 1946 ਵਿੱਚ ਕਈ ਕੌਮੀ ਮੁਕਾਬਲਾ ਜਿੱਤੇ ਅਤੇ 1947 ਵਿੱਚ ਇਸ ਖਿਤਾਬ ਨੂੰ ਬਰਕਰਾਰ ਰੱਖਿਆ। ਦੇਸ਼ ਦੀ ਵੰਡ ਪੰਜਾਬ ਹਾਕੀ ਲਈ ਇੱਕ ਵੱਡਾ ਝਟਕਾ ਸੀ ਕਿਉਂਕਿ ਸੂਬੇ ਦੇ ਕਈ ਚੋਟੀ ਦੇ ਖਿਡਾਰੀਆਂ ਨੇ ਲਾਹੌਰ ਵਿੱਚ ਰਹਿਣ ਦਾ ਫੈਸਲਾ ਕੀਤਾ ਅਤੇ ਬਾਅਦ ਵਿੱਚ ਉਨ੍ਹਾਂ ਨੇ 1948 ਦੇ ਲੰਡਨ ਓਲੰਪਿਕ ਵਿੱਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ।

ਪੰਜਾਬ ਦੇ ਕੁਝ ਖਿਡਾਰੀਆਂ ਦੇ ਪਰਿਵਾਰਾਂ ਨੇ ਆਪਣੀ ਰਿਹਾਇਸ਼ ਵੀ ਕੋਲਕਾਤਾ ਅਤੇ ਮੁੰਬਈ ਤਬਦੀਲ ਕਰ ਦਿੱਤੀ ਅਤੇ ਉਨ੍ਹਾਂ ਨੇ ਫਿਰ ਆਪਣੀ ਨਵੀਂ ਵੱਸੋਂ ਵਾਲੇ ਸ਼ਹਿਰਾਂ ਤੇ ਸੂਬਿਆਂ ਵੱਲੋਂ ਕੌਮੀ ਪੱਧਰ 'ਤੇ ਨੁਮਾਇੰਦਗੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਅੱਗੇ ਇੱਕ ਨਵੇਂ ਚੈਨਲ ਰਾਹੀਂ ਭਾਰਤੀ ਟੀਮ ਵਿੱਚ ਜਗ੍ਹਾ ਬਣਾਈ।&;ਓਲੰਪਿਕ ਤੋਂ ਪਹਿਲਾਂ 1948 ਦੇ ਕੌਮੀ ਮੁਕਾਬਲਿਆਂ ਵਿੱਚ ਚੈਂਪੀਅਨ ਪੰਜਾਬ ਬੁਰੀ ਤਰ੍ਹਾਂ ਹਾਰ ਗਿਆ ਅਤੇ ਸ਼ੁਰੂਆਤੀ ਦੌਰ ਵਿੱਚ ਹੀ ਬਾਹਰ ਹੋ ਗਿਆ।

ਮੁੰਬਈ ਨੇ ਰਾਸ਼ਟਰੀ ਮੁਕਾਬਲਾ ਜਿੱਤਿਆ ਅਤੇ ਇਸ ਦੇ ਲੰਡਨ ਦੀ ਟੀਮ ਵਿੱਚ ਸੱਤ ਖਿਡਾਰੀ ਸਨ। ਪੰਜਾਬ ਤੋਂ ਇਸ ਵਿੱਚ ਬਲਬੀਰ ਸੀਨੀਅਰ ਅਤੇ ਬਾਵਾ ਸਨ।

ਬਲਬੀਰ ਸਿੰਘ ਸੀਨੀਅਰ ਨੇ ਸਾਲ 2018 ਵਿੱਚ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਆਜ਼ਾਦ ਭਾਰਤ ਦੇ ਪਹਿਲੇ ਓਲੰਪਿਕ ਸੋਨੇ ਦੇ ਮੈਡਲ ਦੇ 60 ਸਾਲਾਂ ਦੇ ਜਸ਼ਨ ਮਨਾਉਣ ਵਾਲੇ ਇੱਕ ਸਮਾਗਮ ਦੌਰਾਨ ਕਿਹਾ ਸੀ, "ਜੇਕਰ 1947 ਤੋਂ ਪਹਿਲਾਂ ਭਾਰਤੀ ਟੀਮ ਦਾ ਗਠਨ ਕੀਤਾ ਜਾਂਦਾ, ਤਾਂ ਇਸ ਵਿੱਚ ਪੰਜਾਬ ਦੇ ਆਸਾਨੀ ਨਾਲ 7-8 ਖਿਡਾਰੀ ਆ ਸਕਦੇ ਸਨ ਪਰ ਵੰਡ ਨੇ ਸਾਡੇ ਕੁਝ ਚੰਗੇ ਖਿਡਾਰੀਆਂ ਨੂੰ ਸਾਡੇ ਤੋਂ ਵੱਖ ਕਰ ਦਿੱਤਾ, ਜਿਨ੍ਹਾਂ ਨੇ ਓਲੰਪਿਕ ਵਿੱਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ।"

**ਕਿਵੇਂ ਹੋਈ ਪੰਜਾਬ ਦੀ ਮੁੜ ਵਾਪਸੀ?**

1996 ਦੇ ਅਟਲਾਂਟਾ ਓਲੰਪਿਕ ਤੋਂ ਬਾਅਦ, ਜਦੋਂ ਰਾਜ ਦੇ ਪੰਜ ਖਿਡਾਰੀਆਂ ਨੇ ਟੀਮ ਵਿੱਚ ਜਗ੍ਹਾ ਬਣਾਈ, ਪੰਜਾਬ ਦੀ ਹਾਕੀ ਵਿੱਚ ਗਿਰਾਵਟ ਆਈ। ਓਲੰਪਿਕ ਟੀਮ ਵਿੱਚ ਇਸ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ।

ਕਰਨਾਟਕ, ਮੁੰਬਈ ਅਤੇ ਉੜੀਸਾ, ਖਾਸ ਤੌਰ 'ਤੇ ਛੋਟਾ ਨਾਗਪੁਰ ਬੈਲਟ ਦੇ ਕਬਾਇਲੀ ਖਿਡਾਰੀਆਂ ਦੇ ਵੱਧ ਰਹੇ ਦਬਦਬੇ ਨਾਲ ਪੰਜਾਬ ਦਾ ਹਿੱਸਾ ਘਟਣਾ ਸ਼ੁਰੂ ਹੋਇਆ।

ਰਾਸ਼ਟਰੀ ਪੱਧਰ 'ਤੇ ਪੰਜਾਬ ਹਾਕੀ ਦੀ ਜ਼ੋਰਦਾਰ ਵਾਪਸੀ ਦੀ ਨੀਂਹ ਸਾਬਕਾ ਓਲੰਪਿਕ ਕਪਤਾਨ ਪਰਗਟ ਸਿੰਘ ਦੇ ਕਾਰਜਕਾਲ ਦੌਰਾਨ ਰੱਖੀ ਗਈ ਸੀ, ਜਿਸ ਨੇ 2005 ਤੋਂ 2012 ਤੱਕ ਪੰਜਾਬ ਦੇ ਡਾਇਰੈਕਟਰ ਖੇਡਾਂ ਵਜੋਂ ਸੇਵਾਵਾਂ ਨਿਭਾਈਆਂ ਸਨ।

ਪੰਜਾਬ ਦੇ ਦਿਹਾਤੀ ਇਲਾਕਿਆਂ ਵਿੱਚ ਹਾਕੀ ਪ੍ਰਤੀ ਜੋਸ਼ ਨੂੰ ਦੁਬਾਰਾ ਲਿਆਉਣ ਲਈ ਪਰਗਟ ਨੇ ਪਿੰਡਾਂ ਵਿੱਚ ਐਸਟ੍ਰੋਟਰਫ ਲਿਆਉਣ ਦਾ ਵਿਚਾਰ ਲਿਆਂਦਾ।

ਮੁੱਖ ਚੁਣੌਤੀ ਬਜਟ ਨਾਲ ਸਬੰਧਿਤ ਮੁੱਦੇ ਸਨ। ਇਸ ਲਈ ਉਨ੍ਹਾਂ ਨੇ ਉਪਯੋਗ ਕੀਤੇ ਪੁਰਾਣੇ ਐਸਟ੍ਰੋਟਰਫ ਲਿਆਉਣ ਦਾ ਫੈਸਲਾ ਕੀਤਾ ਅਤੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਕੰਕਰੀਟ ਬੇਸ ਦੀ ਨਿਰਮਾਣ ਲਾਗਤ ਲਈ ਵਿੱਤੀ ਸਹਾਇਤਾ ਦੇਣ ਲਈ ਤਿਆਰ ਕੀਤਾ, ਜਿਸ 'ਤੇ ਯੂਜ਼ਡ ਐਸਟ੍ਰੋਟਰਫ ਨੂੰ ਫਿਰ ਤੋਂ ਰੱਖਿਆ ਜਾ ਸਕੇ।

# ਖਿਡਾਰੀ ਜਿੱਤਣ ਤੋਂ ਬਾਅਦ ਮੈਡਲ ਨੂੰ ਚੱਬਦੇ ਕਿਉਂ ਹਨ?

ਓਲੰਪਿਕ ਖੇਡਾਂ 'ਚ ਹਰੇਕ ਖਿਡਾਰੀ ਦੀ ਨਜ਼ਰ ਗੋਲਡ ਮੈਡਲ 'ਤੇ ਹੁੰਦੀ ਹੈ ਤੇ ਇਸ ਦੇ ਲਈ ਉਹ ਕਈ ਸਾਲਾਂ ਤਕ ਕੜੀ ਮਿਹਨਤ ਵੀ ਕਰਦਾ ਹੈ। ਟੋਕੀਓ ਓਲੰਪਿਕ 'ਚ ਵੀ ਹੁਣ ਤਕ ਭਾਰਤ ਦੀ ਮੀਰਾਭਾਈ ਚਾਨੂ ਨੂੰ ਫਿਲਹਾਲ ਸਿਲਵਰ ਮੈਡਲ ਮਿਲ ਚੁੱਕਾ ਹੈ ਤੇ ਪਹਿਲੇ ਨੰਬਰ 'ਤੇ ਆਈ ਚੀਨ ਦੀ ਖਿਡਾਰਨ ਦੇ ਡੋਪਿੰਗ ਵਿਵਾਦ 'ਚ ਫਸਣ ਤੋਂ ਬਾਅਦ ਉਮੀਦ ਹੈ ਕਿ ਮੀਰਾਬਾਈ ਚਾਨੂ ਨੂੰ ਗੋਲਡ ਮੈਡਲ ਮਿਲ ਜਾਵੇ। ਮੈਡਲ ਜਿੱਤਣ ਤੋਂ ਬਾਅਦ ਤੁਸੀਂ ਅਕਸਰ ਦੇਖਿਆ ਹੋਵੇਗਾ ਕਿ ਫੋਟੋ ਸੈਸ਼ਨ ਦੌਰਾਨ ਖਿਡਾਰੀ ਆਪਣੇ ਮੈਡਲ ਨੂੰ ਕੱਟਦੇ ਨਜ਼ਰ ਆਉਂਦੇ ਹਨ। ਅਜਿਹੇ ਵਿਚ ਸਾਰਿਆਂ ਦੇ ਮਨ ਵਿਚ ਸਵਾਲ ਜ਼ਰੂਰ ਉੱਠਦਾ ਹੈ ਕਿ ਜਿੱਤ ਤੋਂ ਬਾਅਦ ਖਿਡਾਰੀ ਮੈਡਲ ਨੂੰ ਆਪਣੇ ਦੰਦਾਂ ਨਾਲ ਚੱਬਦੇ ਕਿਉਂ ਹਨ। ਅਸਲ ਵਿਚ ਇੰਟਰਨੈਸ਼ਨਲ ਸੁਸਾਇਟੀ ਆਫ ਓਲੰਪਿਕ ਹਿਸਟੋਰੀਅਨ ਦੇ ਪ੍ਰਧਾਨ ਰਹੇ ਤੇ ਕਿਤਾਬ 'ਦਿ ਕੰ-ਪਲੀਟ ਬੁੱਕ ਆਫ ਦਿ ਓਲੰਪਿਕਸ' ਦੇ ਲੇਖਕ ਡੇਵਿਡ ਵਲੈਕਿੰਸਕੀ ਨੇ ਇਸ ਬਾਰੇ ਦੱਸਿਆ ਹੈ ਕਿ ਅਜਿਹੀ ਕੋਈ ਖਾਸ ਵਜ੍ਹਾ ਨਹੀਂ ਹੈ। ਇਸ ਦੀ ਸ਼ੁਰੂਆਤ ਫੋਟੋਗ੍ਰਾਫਰਜ਼ ਕਾਰਨ ਹੋਈ ਹੈ। ਮੈਨੂੰ ਲਗਦਾ ਹੈ ਕਿ ਖੇਡ ਪੱਤਰਕਾਰ ਇਸ ਨੂੰ ਆਈਕਾਨਿਕ ਤਸਵੀਰ ਵਾਂਗ ਦੇਖਦੇ ਹਨ ਤਾਂ ਜੋ ਖਾਸ ਅੰਦਾਜ਼ 'ਚ ਫੋਟੋ ਲੈ ਕੇ ਉਸ ਨੂੰ ਵੇਚ ਸਕਣ, ਇਸ ਲਈ ਇਸ ਦੀ ਸ਼ੁਰੂਆਤ ਹੋਈ ਸੀ। ਉਨ੍ਹਾਂ ਕਿਹਾ ਸੀ ਕਿ ਇਹ ਸਿਰਫ਼ ਫੋਟੋ ਪੋਜ਼ ਹੁੰਦਾ ਹੈ ਤੇ ਇਸ ਦੀ ਕੋਈ ਖਾਸ ਵਜ੍ਹਾ ਨਹੀਂ ਹੈ।



**ਹਰੇਕ ਮੁਕਾਬਲੇ 'ਚ ਮੈਡਲ ਨੂੰ ਦੰਦਾਂ ਨਾਲ ਚੱਬਦੇ ਹਨ ਖਿਡਾਰੀ**

ਲੇਖਕ ਡੇਵਿਡ ਵਲੈਕਿੰਸਕੀ ਨੇ ਆਪਣੀ ਕਿਤਾਬ 'ਚ ਜ਼ਿਕਰ ਕੀਤਾ ਹੈ ਕਿ ਸਿਰਫ਼ ਓਲੰਪਿਕ ਖਿਡਾਰੀ ਹੀ ਨਹੀਂ ਬਲਕਿ ਹਰ ਵੱਡੇ ਖੇਡ ਮੁਕਾਬਲੇ 'ਚ ਖਿਡਾਰੀ ਮੈਡਲ ਜਿੱਤਣ ਤੋਂ ਬਾਅਦ ਅਜਿਹਾ ਕਰਦੇ ਹਨ। ਨਾਲ ਹੀ ਉਹ ਇਹ ਵੀ ਕਹਿੰਦੇ ਹਨ ਕਿ ਪਹਿਲਾਂ ਦੇ ਜ਼ਮਾਨੇ 'ਚ ਲੋਕ ਸੋਨੇ ਦੀ ਪਰਖ ਕੱਟ ਕੇ ਹੀ ਕਰਦੇ ਸਨ ਕਿਉਂਕਿ ਇਸ ਨੂੰ ਦੰਦਾਂ ਨਾਲ ਆਸਾਨੀ ਨਾਲ ਦਬਾਇਆ ਜਾ ਸਕਦਾ ਹੈ। ਇਸ ਲਈ ਵੀ ਹੋ ਸਕਦਾ ਹੈ ਕਿ ਖਿਡਾਰੀ ਇਸ ਨੂੰ ਕੱਟ ਕੇ ਸੋਨਾ ਜਿੱਤਣ ਦਾ ਸੰਦੇਸ਼ ਦਿੰਦੇ ਹਨ।

**ਆਖ਼ਰ ਗੋਲਡ ਮੈਡਲ 'ਚ ਕਿੰਨਾ ਹੁੰਦਾ ਹੈ ਸੋਨਾ**

ਓਲੰਪਿਕ ਖੇਡਾਂ 'ਚ ਖਿਡਾਰੀ ਨੂੰ ਮਿਲਣ ਵਾਲੇ ਗੋਲਡ ਮੈਡਲ ਕੀ ਸੱਚ ਵਿਚ ਸੋਨੇ ਦੇ ਹੁੰਦੇ ਹਨ ਤੇ ਇਸ ਵਿਚ ਕਿੰਨਾ ਸੋਨਾ ਹੁੰਦਾ ਹੈ? ਇਸ ਸਵਾਲ ਦਾ ਜਵਾਬ ਹਰ ਕੋਈ ਜਾਣਨਾ ਚਾਹੁੰਦਾ ਹੋਵੇਗਾ। ਤੁਹਾਨੂੰ ਦੱਸ ਦੇਈਏ ਕਿ ਓਲੰਪਿਕ ਖੇਡਾਂ 'ਚ ਇਕ ਗੋਲਡ ਮੈਡਲ 'ਚ ਸਿਰਫ਼ 1.34 ਫ਼ੀਸਦ ਗੋਲਡ ਹੁੰਦਾ ਹੈ। ਓਲੰਪਿਕ ਖੇਡਾਂ 'ਚ ਗੋਲਡ ਮੈਡਲ ਕਰੀਬ 556 ਗ੍ਰਾਮ ਦਾ ਹੁੰਦਾ ਹੈ ਜਿਸ ਵਿਚ 6 ਗ੍ਰਾਮ ਸੋਨਾ ਹੁੰਦਾ ਹੈ ਤੇ ਬਾਕੀ ਚਾਂਦੀ ਮਿਲੀ ਹੁੰਦੀ ਹੈ, ਉੱਥੇ ਹੀ ਸਿਲਵਰ ਮੈਡਲ 550 ਗ੍ਰਾਮ ਦਾ ਹੁੰਦਾ ਹੈ ਤੇ ਪੂਰਾ ਚਾਂਦੀ ਦਾ ਬਣਿਆ ਹੁੰਦਾ ਹੈ। ਇਸ ਤੋਂ ਇਲਾਵਾ ਕਾਂਸਾ ਮੈਡਲ ਦੀ ਗੱਲ ਕੀਤੀ ਜਾਵੇ ਤਾਂ ਇਹ 450 ਗ੍ਰਾਮ ਦਾ ਹੁੰਦਾ ਹੈ ਜਿਸ ਨੂੰ 95 ਫ਼ੀਸਦ ਕਾਪਰ ਤੇ 5 ਫ਼ੀਸਦ ਜ਼ਿੰਕ ਮਿਲਾਇਆ ਗਿਆ ਹੈ।

# ਹਾਕੀ ਤੇ ਬੈਡਮਿੰਟਨ ‘ਚ ਭਾਰਤ ਦੀ ਜਿੱਤ, ਲਵਲੀਨਾ ਪਹੁੰਚੀ ਕੁਆਰਟਰ ਫਾਈਨਲ ‘ਚ

ਖੇਡਾਂ ਦੇ ਮਹਾਕੁੰਭ ਟੋਕੀਓ ਓਲੰਪਿਕ ਵਿਚ ਭਾਰਤੀ ਟੀਮ ਲਈ ਚੌਥੇ ਦਿਨ ਦਾ ਖੇਡ ਮਿਲਿਆ ਜੁਲਿਆ ਰਿਹਾ। ਪੰਜਵੇਂ ਦਿਨ ਮੰਗਲਵਾਰ ਨੂੰ ਟੀਮਾਂ ਨੇ ਕਈ ਮੈਡਲ ਸਮਾਗਮਾਂ ਵਿਚ ਉਤਰਨਾ ਹੈ। ਭਾਰਤੀ ਖਿਡਾਰੀ ਸ਼ੂਟਿੰਗ, ਹਾਕੀ, ਟੇਬਲ ਟੈਨਿਸ ਅਤੇ ਬਾਕਸਿੰਗ ਵਿਚ ਆਪਣੀ ਚੁਣੌਤੀ ਪੇਸ਼ ਕਰਨਗੇ।ਭਾਰਤੀ ਮਹਿਲਾ ਮੁੱਕੇਬਾਜ਼ ਲਵਲੀਨਾ ਨੇ ਪਹਿਲੇ ਮੁਕਾਬਲੇ ਵਿੱਚ ਜਿੱਤ ਦਰਜ ਕਰਕੇ ਸ਼ਾਨਦਾਰ ਸ਼ੁਰੂਆਤ ਕੀਤੀ। ਉਸ ਨੇ ਰਾਊਂਡ 16 ਦੇ ਮੈਚ ਵਿਚ ਜਰਮਨ ਮੁੱਕੇਬਾਜ਼ ਨਦੀਨਾ ਖ਼ਲਿਫ਼ ਜਿੱਤ ਦਰਜ ਕਰਦਿਆਂ ਕੁਆਰਟਰ ਫਾਈਨਲ ਵਿਚ ਥਾਂ ਬਣਾਈ। ਇਸ ਮੈਚ ਵਿੱਚ ਤਜਰਬੇਕਾਰ ਲਵਲੀਨਾ ਨੇ 3-2 ਨਾਲ ਜਿੱਤ ਦਰਜ ਕੀਤੀ ਅਤੇ ਆਖਰੀ 8 ਵਿੱਚ ਆਪਣੀ ਪਛਾਣ ਬਣਾਈ। ਭਾਰਤੀ ਬੈਡਮਿੰਟਨ ਵਿਚ ਮਿਲੀ ਜਿੱਤ ਨਾਲ ਖੁਸ਼ਖਬਰੀ ਆਈ। ਭਾਰਤ ਦੀ ਡਬਲਜ਼ ਜੋੜੀ ਸਤਵਿਕਸਾਈਰਾਜ ਰੈਂਕਰੇਦੀ ਅਤੇ ਚਿਰਾਗ ਸ਼ੈੱਟੀ ਨੇ ਬ੍ਰਿਟੇਨ ਦੀ ਲੇਨ ਅਤੇ ਵੈਂਡੀ ਦੀ ਜੋੜੀ ਖਿਲਾਫ ਜਿੱਤ ਲਈ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। 21-17 ਅਤੇ 21-19 ਨਾਲ, ਸਤਵਿਕ ਅਤੇ ਚਿਰਾਗ ਦੀ ਜੋੜੀ ਨੇ ਮੈਚ ਵਿੱਚ ਆਪਣਾ ਨਾਮ ਬਣਾਇਆ ਅਤੇ ਅਗਲੇ ਗੇੜ ਵਿੱਚ ਜਗ੍ਹਾ ਬਣਾਈ।



ਟੇਬਲ ਟੈਨਿਸ ਵਿਚ ਭਾਰਤ ਦੇ ਤਗਮੇ ਦੀਆਂ ਉਮੀਦਾਂ ਵਧਾਉਣ ਵਾਲੇ ਸ਼ਰਤ ਕਮਲ ਨੂੰ ਚੀਨੀ ਖਿਡਾਰੀ ਦੇ ਹੱਥੋਂ ਹਾਰਨ ਤੋਂ ਬਾਅਦ ਆਊਟ ਹੋਣਾ ਪਿਆ। ਭਾਰਤੀ ਟੇਬਲ ਟੈਨਿਸ ਖਿਡਾਰੀ ਸ਼ਰਤ ਕਮਲ ਪਹਿਲੇ ਸੈੱਟ ਵਿਚ ਚੀਨ ਦੇ ਮਾ ਲਾਨ ਤੋਂ 11-17 ਨਾਲ ਹਾਰ ਗਈ। ਪਿਛਲੇ ਮੈਚ ਵਿਚ ਆਸਟਰੇਲੀਆ ਦੀ ਹਾਰ ਤੋਂ ਉਭਰਨ ਵਾਲੀ ਭਾਰਤੀ ਟੀਮ ਨੇ ਸ਼ਾਨਦਾਰ ਖੇਡ ਦਿਖਾਇਆ ਅਤੇ ਸਪੇਨ ਖ਼ਲਿਾਫ਼ ਜਿੱਤ ਹਾਸਲ ਕੀਤੀ। ਪਹਿਲੇ ਮੈਚ ਵਿੱਚ ਨਿਊਜ਼ੀਲੈਂਡ ਨੂੰ ਹਰਾਉਣ ਤੋਂ ਬਾਅਦ ਟੋਕੀਓ ਵਿਚ ਟੀਮ ਇੰਡੀਆ ਦੀ ਇਹ ਦੂਜੀ ਜਿੱਤ ਹੈ। ਆਪਣੇ ਤਜਰਬੇ, ਯੋਗਤਾ ਤੇ ਜਜ਼ਬੇ ਦਾ ਚੰਗਾ ਨਮੂਨਾ ਪੇਸ਼ ਕਰਨ ਦੇ ਬਾਵਜੂਦ ਹਾਰੇ ਭਾਰਤੀ ਸਟਾਰ ਅਚੰਤਾ ਸ਼ਰਤ ਕਮਲ। ਰੁਪਿੰਦਰਪਾਲ ਨੇ ਮੈਚ ਵਿਚ ਦੂਜਾ ਗੋਲ ਕੀਤਾ ਅਤੇ ਭਾਰਤ ਦੀ ਲੀਡ ਹੁਣ 3-0 ਨਾਲ ਹੈ। ਤੀਜੇ ਕੁਆਰਟਰ ਦੀ ਖੇਡ ਹੁਣ ਆਖਰੀ 10 ਮਿੰਟ ਵਿੱਚ ਹੈ। ਮੈਚ ਤੀਜੇ ਕੁਆਰਟਰ ਵਿਚ ਵੀ ਗੋਲ ਰਹਿਤ ਰਿਹਾ, ਹੁਣ ਆਖਰੀ ਕੁਆਰਟਰ ਵਿਚ ਸਪੇਨ ਦੀ ਟੀਮ ਭਾਰਤ ਵਿਰੁੱਧ ਆਪਣਾ ਸਾਰਾ ਕੁਝ ਦੇਣਾ ਚਾਹੇਗੀ।ਕੁਆਰਟਰ ਗੇਮ ਇੱਕ ਗੋਲ ਨਾਲ ਖਤਮ ਹੋਈ. ਭਾਰਤ ਨੂੰ ਅਜੇ ਮੈਚ ਵਿੱਚ 2-0 ਦੀ ਬੜ੍ਹਤ ਮਿਲੀ ਹੈ। ਤੀਜੀ ਤਿਮਾਹੀ ਵਿਚ, ਭਾਰਤ ਲੀਡ ਬਣਾਈ ਰੱਖਣਾ ਚਾਹੇਗਾ।ਟੀਮ ਇੰਡੀਆ ਨੇ ਸਰਬੋਤਮ ਸ਼ੁਰੂਆਤ ਤੋਂ ਸਪੇਨ ਉੱਤੇ ਹਮਲੇ ਨੂੰ ਬਰਕਰਾਰ ਰੱਖਿਆ ਅਤੇ ਪਹਿਲੇ ਕੁਆਰਟਰ ਵਿੱਚ ਗੋਲ ਤੋਂ ਫਾਇਦਾ ਹਾਸਲ ਕੀਤਾ। ਸਿਮਰਨਜੀਤ ਨੇ ਭਾਰਤੀ ਟੀਮ ਲਈ ਮੈਚ ਵਿੱਚ ਪਹਿਲਾ ਗੋਲ ਕਰਕੇ ਟੀਮ ਨੂੰ ਬੜ੍ਹਤ ਦਿੱਤੀ। ਪਹਿਲੇ ਕੁਆਰਟਰ ਦੇ ਅੰਤ ਵਿੱਚ, ਰੁਪਿੰਦਰ ਨੇ ਸ਼ਾਨਦਾਰ ਗੋਲ ਕਰਦਿਆਂ ਭਾਰਤ ਦੀ ਬੜ੍ਹਤ 2-0 ਤੱਕ ਵਧਾ ਦਿੱਤੀ। ਮਨੂ ਭਾਕਰ ਅਤੇ ਸੌਰਭ ਚੌਧਰੀ ਮਿਕਸਡ ਟੀਮ ਮੁਕਾਬਲੇ ਵਿਚ ਭਾਰਤ ਲਈ ਤਗਮੇ ਦੀ ਉਮੀਦ ਲੈ ਕੇ ਆਏ। ਦੋਵੇਂ ਖਿਡਾਰੀਆਂ ਨੇ ਆਪਣਾ ਸਰਬੋਤਮ ਦੇਣ ਦੀ ਕੋਸਿਸ਼ ਕੀਤੀ ਪਰ 7 ਵੇਂ ਸਥਾਨ ‘ਤੇ ਰਿਹਾ। ਉਹ ਯੋਗਤਾ 2 ਵਿਚ ਇਕੋ ਜਗ੍ਹਾ ਬਣਾਉਣ ਤੋਂ ਖੁੰਝ ਗਿਆ ਅਤੇ ਤਗਮੇ ਦੀ ਦੌੜ ਤੋਂ ਬਾਹਰ ਹੋਣਾ ਪਿਆ।

# ਫਰਿਜ਼ਨੋ ਦੇ 'ਗੋਲਡਨ ਪੈਲਸ' 'ਚ ਤੀਆਂ ਦੇ ਮੇਲੇ 'ਤੇ ਲੱਗੀਆਂ ਰੌਣਕਾਂ

**ਕੁਲਵੰਤ ਧਾਲੀਆਂ / ਨੀਟਾ ਮਾਛੀਕੇ**


**ਫਰਿਜ਼ਨੋ, ਕੈਲੀਫੋਰਨੀਆਂ-** ਦੁਨੀਆ ਵਿੱਚ ਇਕ ਪੰਜਾਬੀ ਸੱਭਿਆਚਾਰ ਹੀ ਅਜਿਹਾ ਸੱਭਿਆਚਾਰ ਹੈ ਜੋ ਦਿਨ, ਤਿਉਹਾਰਾਂ ਅਤੇ ਰਸਮਾਂ ਨਾਲ ਭਰਿਆ ਪਿਆ ਹੈ। ਪਰ ਇਹ ਸਭ ਕੁਝ ਬੇਸੱਕ ਵਿਦੇਸ਼ੀ ਪ੍ਰਭਾਵ ਅਤੇ ਭਾਰਤ ਸਰਕਾਰ ਦੀਆਂ ਪੰਜਾਬ ਪ੍ਰਤੀ ਗਲਤ ਨੀਤੀਆਂ ਕਰਕੇ ਘੱਟਦੇ ਜਾ ਰਹੇ ਹਨ। ਪਰ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੇ ਇੰਨਾਂ ਨੂੰ ਜੀਵਤ ਹੀ ਨਹੀਂ, ਸਗੋਂ ਸਮੇਂ-ਸਮੇਂ ਸੈਮੀਨਾਰ ਕਰ ਜਾਂ ਮੇਲੇ ਲਾ ਅਗਲੀ ਪੀੜੀ ਨੂੰ ਵੀ ਨਾਲ ਜੋੜਿਆ ਹੈ। ਅਜਿਹਾ ਹੀ ਕਰਦੇ ਹੋਏ 'ਗੋਲਡਨ ਪੈਲਸ' ਫਰਿਜ਼ਨੋ ਦੇ ਮਾਲਕ ਗੈਰੀ ਸ਼ੀਰਾ ਅਤੇ ਉਨ੍ਹਾਂ ਦੀ ਪਤਨੀ ਕੁਲਦੀਪ ਕੌਰ ਨੇ ਸਹਿਯੋਗੀਆਂ ਦੀ ਮਦਦ ਨਾਲ ਨਿਰੋਲ ਔਰਤਾਂ ਲਈ 'ਤੀਆਂ-2021 ਅਤੇ 'ਪੰਜਾਬੀ ਬਰਾਈਡਲ ਸ਼ੋ' ਕਰਵਾਇਆਂ। ਜਿਸ ਵਿੱਚ ਪੰਜਾਬ, ਪੰਜਾਬੀਅਤ, ਪੰਜਾਬ ਦੇ ਤਿਉਹਾਰ ਅਤੇ ਭਾਰਤ ਵਿੱਚ ਚਲ ਰਹੇ ਸੰਘਰਸ਼ ਦੀ ਗੱਲ ਹੋਈ। ਇਸ ਸਮੇਂ ਖ਼ਾਸ ਤੋਰ 'ਤੇ ਪੱਤਰਕਾਰ ਗੁਰਿੰਦਰਜੀਤ ਨੀਟਾ ਮਾਛੀਕੇ ਨੇ ਆਪਣੇ ਭਾਸ਼ਣ ਰਾਹੀ ਭਾਰਤ ਅੰਦਰ ਚਲ ਰਹੇ 'ਕਿਰਸਾਨੀ ਸੰਘਰਸ਼' ਤੋਂ ਹਾਜ਼ਰ ਬੀਬੀਆਂ-ਭੈਣਾਂ ਨੂੰ ਜਾਣੂ ਕਰਵਾਇਆਂ। ਇਸ ਸਮੇਂ ਪੰਜਾਬੀ ਮੁਟਿਆਰਾਂ ਨੇ ਵੀ ਗੀਤਾਂ ਅਤੇ ਬੋਲੀਆਂ ਰਾਹੀ ਜਿੱਥੇ ਭਾਰਤ ਸਰਕਾਰ 'ਤੇ ਵਿਅੰਗ ਕਸੇ, ਉੱਥੇ ਸਾਡੇ ਤੀਆਂ ਦੇ ਸੱਭਿਆਚਾਰਕ ਮੇਲੇ ਦਾ ਸਭ ਨੇ ਖ਼ੂਬ ਅਨੰਦ ਮਾਣਿਆਂ।

ਇਸ ਮੇਲੇ ਦੀ ਖਾਸੀਅਤ ਇਹ ਵੀ ਰਹੀ ਕਿ ਪੰਜਾਬੀ ਭਾਈਚਾਰੇ ਦੀਆ ਨਾਮਵਰ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਜਿੰਨਾਂ ਵਿੱਚ ਤਕਰੀਬਨ ਪਿਛਲੇ 18 ਸਾਲ ਤੋਂ ਅਮੈਰੀਕਨ ਫੌਜ ਵਿੱਚ ਸੇਵਾ ਨਿਭਾਉਣ ਵਾਲੀ ਬਹਾਦਰ ਮੁਟਿਆਰ ਰਣਬੀਰ ਕੌਰ, ਜੋ ਕਿ ਸਮੇਂ-ਸਮੇਂ 'ਖਾਲਸਾ ਏਡ' ਵਰਗੀਆਂ ਸੰਸਥਾਵਾ ਨਾਲ ਵੀ ਵਿਦੇਸ਼ਾਂ ਵਿੱਚ ਲੋੜ ਸਮੇਂ ਮਦਦ ਕਰਦੀ ਰਹਿੰਦੀ ਹੈ, ਨੂੰ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਸ਼ਹਿਰ ਮਨਟੀਕਾ ਤੋਂ ਅਰਵੀਨ ਕੌਰ ਬਿਰਦੀ, ਜੋ ਪਹਿਲਾ 'ਮਿਸ ਟੀਨ ਮਨਟੀਕਾ' ਰਹੀ ਅਤੇ ਹਾਲ ਹੀ ਵਿੱਚ ਆਪਣੀਆ ਸੇਵਾਵਾ ਅਤੇ ਲਗਨ ਕਰਕੇ 'ਮਿਸ ਮਨਟੀਕਾ-2021' ਦਾ ਖਿਤਾਬ ਜੇਤੂ ਰਹੀ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਕਰਮਜੀਤ ਕੌਰ ਥਾਂਦੀ, ਰਾਜ ਸੋਢੀ ਅਤੇ ਹੋਰ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੂੰ ਵੀ ਸਨਮਾਨ ਦਿੱਤਾ ਗਿਆ। ਰਾਜ ਕੌਰ ਮਾਨ, ਅਵਰੀਨ ਕੌਰ ਅਤੇ ਹੋਰ ਬੀਬੀਆਂ ਨੇ ਗੀਤ ਗਾਏ। ਇਸ ਉਪਰੰਤ ਕਈ ਘੰਟੇ ਚਲੇ ਗਿੱਧੇ ਅਤੇ ਡੀ. ਜੇ. ਦੇ ਸੰਗੀਤ 'ਤੇ ਖ਼ੂਬ ਰੌਣਕਾਂ ਲੱਗੀਆਂ। ਬਾਹਰ ਬੱਚੀਆਂ ਅਤੇ ਬੀਬੀਆਂ ਨੇ ਪੀਂਘਾਂ ਦਾ ਵੀ ਅਨੰਦ ਮਾਣਿਆਂ। ਇਸ ਸਮੇਂ ਲੱਗੇ ਵੱਖ ਗਹਿਣੇ-ਗੱਟੇ, ਕੱਪੜੇ ਅਤੇ ਫ਼ੂਡ ਦੇ ਸਟਾਲ ਵੀ ਖਿੱਚ ਦਾ ਕੇਂਦਰ ਰਹੇ। ਇਸ ਦੌਰਾਨ ਗਿੱਧੇ ਦੀ ਟੀਮ ਤਿਆਰ ਕਰਨ ਦਾ ਸਿਹਰਾ ਸ਼ਗਨ ਵੜੈਂਚ ਸਿਰ ਜਾਂਦਾ ਹੈ। ਅਨਸੰਗ ਆਨਰ ਲਈ ਸਲਿਕਟ ਹੋਈ ਸੁਰਿੰਦਰ ਕੌਰ ਸਾਂਪਲ ਯੂਕੇ ਅਤੇ ਖਾਲਸਾ ਏਡ ਵਾਲੇ ਰਵੀ ਸਿੰਘ ਦੀ ਪਤਨੀ ਬਲਵਿੰਦਰ ਕੌਰ ਨੇ ਵੀ ਆਨਲਾਈਨ ਇਕੱਠ ਨੂੰ ਸੰਬੋਧਨ ਕੀਤਾ। ਇਸ ਦੌਰਾਨ ਬਹੁਤ ਸਾਰੇ ਰੈਂਫਲ ਇਨਾਮ ਵੀ ਕੱਢੇ ਗਏ। ਸਟੇਜ਼ ਸੰਚਾਲਨ ਦੀ ਸੇਵਾ ਕੁਲਬੀਰ ਕੌਰ ਸੇਖੋਂ ਨੇ ਬਾਖ਼ੂਬੀ ਨਿਭਾਈ। ਦੋ ਹਜ਼ਾਰ (2000) ਦੇ ਕਰੀਬ ਇਕੱਠ ਦਾ ਇਹ ਤੀਆਂ ਦਾ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।
















# ਪੰਜਾਬ ਦੇ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦੀ ਅੰਸ਼ਿਕ ਕਰਜ਼ਾ-ਮੁਆਫ਼ੀ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

14 ਜੁਲਾਈ 2021 ਨੂੰ ਪੰਜਾਬ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਸੂਬੇ ਦੇ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦਾ 590 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਨ ਲਈ 20 ਅਗਸਤ ਨੂੰ ਸੂਬਾ ਪੱਧਰੀ ਸਾਮਗਮ ਕਰੇਗੀ, ਜਿਸ ਵਿਚ ਕਰਜ਼ਾ-ਮੁਆਫ਼ੀ ਦੇ ਚੈੱਕ ਜਾਰੀ ਕੀਤੇ ਜਾਣਗੇ। 2017 ਦੀਆਂ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਅਤੇ ਜਨਤਕ ਭਾਸ਼ਨਾਂ ਵਿਚ ਇਹ ਵਾਅਦਾ ਕੀਤਾ ਸੀ ਕਿ ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਸੰਸਥਾਗਤ ਅਤੇ ਗ਼ੈਰ-ਸੰਸਥਾਗਤ ਕਰਜ਼ੇ ਪੰਜਾਬ ਸਰਕਾਰ ਦੇਕੇ ਉਨ੍ਹਾਂ ਨੂੰ ਕਰਜ਼-ਮੁਕਤ ਕਰੇਗੀ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਸਰਕਾਰ ਨੇ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਸੰਸਥਾਗਤ ਕਰਜ਼ਿਆਂ ਵਿਚੋਂ ਸਿਰਫ਼ 4624 ਕਰੋੜ ਰੁਪਏ ਦੇ ਕਰੀਬ ਹੀ ਮੁਆਫ਼ ਕੀਤੇ ਹਨ ਜਿਹੜਾ ਕਿਸਾਨਾਂ ਸਿਰ ਖੜ੍ਹੇ ਕਰਜ਼ਿਆਂ ਵਿਚੋਂ ਊਠ ਤੋਂ ਛਾਣਨੀ ਲਾਹੁਣ ਦੇ ਬਰਾਬਰ ਹੀ ਹੈ। ਖੇਤ ਮਜ਼ਦੂਰਾਂ ਨਾਲ਼ ਕੀਤੇ ਵਾਅਦੇ ਦੇ ਸੰਬੰਧ ਵਿਚ ਤਾਂ ਉਹ ਵੀ ਨਹੀਂ ਕੀਤਾ ਗਿਆ। ਲੱਗਭੱਗ ਦੋ ਸਾਲ ਪਹਿਲਾਂ ਪੰਜਾਬ ਸਰਕਾਰ ਨੇ ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਦੀਆਂ ਦੋ ਕਾਰਪੋਰੇਸ਼ਨਾਂ ਤੋਂ ਲਏ ਗਏ ਕਰੀਬ 19 ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਸਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਇਮਰੀ ਸਹਿਕਾਰੀ ਸਭਾਵਾਂ ਦੇ 285325 ਮੈਂਬਰਾਂ ਦਾ 590 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕੀਤਾ ਜਾਵੇਗਾ ਜਿਸ ਨਾਲ਼ ਪ੍ਰਤਿ ਮੈਂਬਰ 20000 ਰੁਪਏ ਦੀ ਰਾਹਤ ਮਿਲੇਗੀ।



ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਕਰਜ਼ਾ-ਮੁਆਫ਼ੀ ਸੰਬੰਧੀ ਕਾਂਗਰਸ ਪਾਰਟੀ ਦੇ ਚੋਣ ਵਾਅਦੇ ਅਤੇ ਪੰਜਾਬ ਸਰਕਾਰ ਵੱਲੋਂ ਕੀਤੀ ਗਈ/ਜਾਣ ਵਾਲ਼ੀ ਕਾਰਵਾਈ ਵਿਸ਼ੇਸ਼ ਧਿਆਨ ਮੰਗਦੀ ਹੈ। ਵੱਖ ਵੱਖ ਅਨੁਮਾਨਾਂ ਅਨੁਸਾਰ ਵਰਤਮਾਨ ਸਮੇਂ ਦੌਰਾਨ ਪੰਜਾਬ ਦੇ ਕਿਸਾਨਾਂ ਸਿਰ ਇਕ ਲੱਖ ਕਰੋੜ ਰੁਪਏ ਦੇ ਕਰੀਬ ਸੰਸਕਾਗਤ ਅਤੇ ਗ਼ੈਰ-ਸੰਸਥਾਗਤ ਕਰਜ਼ੇ ਹਨ। ਇਨ੍ਹਾਂ ਕਰਜ਼ਿਆਂ ਵਿਚੋਂ ਸਿਰਫ਼ 4624 ਕਰੋੜ ਦੀ ਰਾਹਤ ਬਹੁਤ ਹੀ ਘੱਟ ਅਤੇ ਵਾਅਦਾ-ਖ਼ਿਲਾਫੀ ਹੈ। ਇਸ ਤੋਂ ਵੱਧ ਧਿਆਨ ਮੰਗਦਾ ਅਤੇ ਦਿਲਾਂ ਨੂੰ ਝੰਜੋੜਨ ਵਾਲ਼ਾ ਪੱਖ ਹੈ ਕਿ ਇਹ ਕਰਜ਼ਾ-ਮੁਆਫ਼ੀ ਜਨਤਕ ਇਕੱਠ ਕਰਕੇ ਬਹੁਤ ਵੱਡੇ ਆਕਾਰ ਦੇ ਚੈੱਕ ਕਿਸਾਨਾਂ ਨੂੰ ਹੁਕਮਰਾਨਾਂ ਵੱਲੋਂ ਦਿੱਤੇ ਗਏ ਜਿਸ ਤੋਂ ਇਹ ਸਾਹਮਣੇ ਆਇਆ ਕਿ ਜਿਵੇਂ ਕੋਈ ਗ਼ਰੀਬ ਪਰਿਵਾਰ ਦਾ ਬੱਚਾ ਫੀਸ ਨਾ ਭਰ ਸਕੇ ਅਤੇ ਉਸ ਨੂੰ ਸਕੂਲ ਦੇ ਹੈੱਡਮਾਸਟਰ/ਮਾਸਟਰ ਦੁਆਰਾ ਸਾਰੀ ਜਮਾਤ ਵਿਚ ਖੜ੍ਹਾ ਕਰਕੇ ਉਸ ਦੀ ਫੀਸ-ਮੁਆਫ਼ੀ ਦੇ ਐਲਾਨ ਕੀਤਾ ਜਾਵੇ ਜਿਹੜਾ ਜਨਤਕ ਤੌਰ ਉੱਤੇ ਉਸ ਬੱਚੇ ਦੇ ਮਾਪਿਆ ਦੀ ਗ਼ਰੀਬੀ ਦਾ ਮਾਖੌਲ ਉਡਾ ਰਿਹਾ ਹੋਵੇ ਅਤੇ ਉਸ ਅਤੇ ਉਸ ਵਰਗੇ ਹੋਰ ਗ਼ਰੀਬ ਪਰਿਵਾਰਾਂ ਦੀ ਮਾੜੀ ਆਰਥਿਕ ਸਥਿਤੀ ਤੋਂ ਸਰਕਾਰ ਆਪਣੇ ਆਪ ਨੂੰ ਬਿਲਕੁਲ ਸੁਰਖ਼ੁਰੂ ਕਰਦੀ ਹੋਵੇ। ਹੁਣ ਪੰਜਾਬ ਦੇ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦੀ ਅੰਸ਼ਿਕ ਕਰਜ਼ਾ-ਮੁਆਫ਼ੀ ਦੇ ਸਮਾਗਮ ਕਰਕੇ ਅਜਿਹਾ ਕਰਨਾ ਚੰਗਾ ਨਹੀਂ ਹੋਵੇਗਾ।

ਪੰਜਾਬ ਵਿਚ ਬੇਜ਼ਮੀਨੇ ਕਿਸਾਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਅਜਿਹੇ ਵਰਤਾਰੇ ਪਿੱਛੇ ਖੇਤੀਬਾੜੀ ਦਾ ਘਾਟੇ ਵਾਲ਼ਾ ਧੰਦਾ ਹੋਣਾ ਅਤੇ ਗ਼ੈਰ-ਖੇਤੀਬਾੜੀ ਖੇਤਰਾਂ ਵਿਚ ਰੁਜ਼ਗਾਰ ਦੇ ਮੌਕਿਆਂ ਦੀ ਕਮੀ ਹੈ। ਸੀਮਾਂਤ ਅਤੇ ਛੋਟੇ ਕਿਸਾਨ ਆਪਣੇ ਸਿਰ ਖੜ੍ਹੇ ਕਰਜ਼ੇ ਦੀ ਪੰਡ ਤੋਂ ਖਹਿੜਾ ਛੁਡਵਾਉਣ ਲਈ ਆਪਣੀਆਂ ਛੋਟੀਆਂ ਜੋਤਾਂ ਨੂੰ ਵੇਚਕੇ ਬੇਜ਼ਮੀਨੇ ਹੋ ਰਹੇ ਹਨ। ਇਨ੍ਹਾਂ ਵਿਚੋਂ ਕੁਝ ਤਾਂ ਮਜ਼ਦੂਰ ਵਰਗ ਵਿਚ ਸ਼ਾਮਲ ਹੋ ਰਹੇ ਹਨ। ਪਰ ਉਨ੍ਹਾਂ ਵਿਚੋਂ ਜ਼ਿਆਦਾ ਗਿਣਤੀ ਵਿਚ ਸਮਾਜਿਕ-ਸਭਿਆਚਾਰਕ ਕਾਰਨਾਂ ਦੀ ਝੂਠੀ ਆੜ ਵਿਚ ਪਿੰਡਾਂ ਵਿੱਚ ਮਜ਼ਦੂਰੀ ਨਹੀਂ ਕਰਦੇ। ਉਨ੍ਹਾਂ ਨੂੰ ਸ਼ਹਿਰਾਂ ਦੇ ਲੇਬਰ ਚੌਂਕਾਂ ਵਿਚ ਹੀ ਰੁਜ਼ਗਾਰ ਲਈ ਭਟਕਦੇ ਦੇਖਿਆ ਜਾ ਸਕਦਾ ਹੈ। ਇਨ੍ਹਾਂ ਵਿਚੋਂ ਕੁਝ ਕਿਸਾਨ ਜ਼ਮੀਨ ਠੇਕੇ ਉੱਪਰ ਲੈਕੇ ਖੇਤੀਬਾੜੀ ਵੀ ਕਰ ਰਹੇ ਹਨ ਅਤੇ ਜਦੋਂ ਕਦੇ ਉਨ੍ਹਾਂ ਦੀ ਖੇਤੀਬਾੜੀ ਕੁਦਰਤੀ ਕਰੋਪੀਆਂ ਦਾ ਸ਼ਿਕਾਰ ਹੋ ਜਾਂਦੀ ਹੈ ਤਾ ਉਹ ਹੋਰ ਕਰਜ਼ੇ ਥੱਲੇ ਆ ਜਾਂਦੇ ਹਨ ਅਤੇ ਸਮਾਜ ਅਤੇ ਸਰਕਾਰ ਵੱਲੋਂ ਉਨ੍ਹਾਂ ਦੀਆਂ ਜ਼ਿੰਦਗੀ ਸੰਬੰਧੀ ਸਾਰੀਆਂ ਆਸਾਂ ਮੁਕਾ ਦਿੱਤੇ ਕਾਰਨ ਉਹ ਖ਼ੁਦਕੁਸ਼ੀਆਂ ਵੀ ਕਰ ਰਹੇ ਹਨ। ਪੰਜਾਬ ਵਿਚ ਕੀਤੇ ਗਏ ਸਰਵੇਖਣਾਂ ਇਹ ਤੱਥ ਸਾਹਮਣੇ ਲਿਆਂਦੇ ਹਨ ਕਿ ਸੂਬੇ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵੱਲੋਂ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਵਿਚੋਂ 40 ਫ਼ੀਸਦ ਦੇ ਕਰੀਬ ਖੇਤ ਮਜ਼ਦੂਰਾਂ ਦੀ ਹਨ। ਕਿਸਾਨਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਵਿਚੋਂ 75 ਫ਼ੀਸਦ ਤੋਂ ਵੱਧ ਸੀਮਾਂਤ ਅਤੇ ਛੋਟੇ ਕਿਸਾਨਾਂ ਦੀਆਂ ਹਨ।

ਖੇਤੀਬਾੜੀ ਆਰਥਿਕਤਾ ਦੀ ਪੌੜੀ ਦੇ ਸਭ ਤੋਂ ਥੱਲੇ ਵਾਲ਼ਾ ਡੰਡਾ ਜੋ ਘਸਦਾ ਵੀ ਜ਼ਿਆਦਾ, ਟੁਟਦਾ ਵੀ ਜ਼ਿਆਦਾ ਅਤੇ ਜਿਸ ਨੂੰ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ ਉਹ ਹਨ ਬੇਜ਼ਮੀਨੇ ਖੇਤ ਮਜ਼ਦੂਰ। ਇਨ੍ਹਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਖੇਤੀਬਾੜੀ ਨਾਲ਼ ਸੰਬੰਧਿਤ ਸਾਰੇ ਵਰਗਾਂ ਵਿਚੋਂ ਮਾੜੀਆਂ ਹਨ। ਉਹ ਅਨੇਕਾਂ ਅਕਿਹ ਅਤੇ ਅਸਿਹ ਸਮੱਸਿਆਵਾਂ ਦੀ ਮਾਰ ਝੱਲਣ ਲਈ ਮਜ਼ਬੂਰ ਕੀਤੇ ਹੋਏ ਹਨ।

ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਸਿਰ ਕਰਜ਼ੇ ਅਤੇ ਉਨ੍ਹਾਂ ਦੇ ਜੀਵਨ-ਸਤਰ ਨਾਲ਼ ਸੰਬੰਧਿਤ ਵੱਖ ਵੱਖ ਪਹਿਲੂਆਂ ਦੇ ਅਧਿਐਨ ਲਈ ਡਾ. ਗਿਆਨ ਸਿੰਘ ਦੀ ਅਗਵਾਈ ਵਿਚ ਇਕ ਸਰਵੇਖਣ ਕੀਤਾ ਗਿਆ। ਉਹ ਸਰਵੇਖਣ ਸਾਲ 2014-15 ਲਈ ਪੰਜਾਬ ਦੇ ਸਾਰੇ ਤਿੰਨ ਖੇਤੀਬਾੜੀ-ਜਲਵਾਯੂ ਖੇਤਰਾਂ ਦੇ 27 ਵਿਕਾਸ ਖੰਡਾਂ ਵਿਚੋਂ ਇਕ ਇਕ ਪਿੰਡ ਨੂੰ ਲੈ ਕੇ ਕੀਤਾ ਗਿਆ। ਇਸ ਸਰਵੇਖਣ ਵਿਚ 1007 ਕਿਸਾਨ ਪਰਿਵਾਰਾਂ ਅਤੇ 301 ਖੇਤ ਮਜ਼ਦੂਰ ਪਰਿਵਾਰਾਂ ਤੋਂ ਅੰਕੜੇ ਇਕਤਰਿਤ ਕੀਤੇ ਗਏ। ਇਸ ਸਮੇਂ ਦੌਰਾਨ ਪੰਜਾਬ ਦੇ ਖੇਤ ਮਜ਼ਦੂਰਾਂ ਦੀ ਔਸਤਨ ਸਲਾਨਾ ਆਮਦਨ 81452 ਰੁਪਏ ਪ੍ਰਤਿ ਪਰਿਵਾਰ ਸੀ। ਖੇਤ ਮਜ਼ਦੂਰਾਂ ਦੇ ਬੇਜ਼ਮੀਨੇ ਹੋਣ ਕਾਰਨ ਉਨ੍ਹਾਂ ਕੋਲ਼ ਮਜ਼ਦੂਰੀ ਕਰਨ ਤੋਂ ਬਿਨਾਂ ਉਤਪਾਦਨ ਦਾ ਹੋਰ ਕੋਈ ਸਾਧਨ ਨਹੀਂ ਹੁੰਦਾ। ਇਨ੍ਹਾਂ ਦੀ ਆਮਦਨ ਦਾ ਮੁੱਖ ਸੋਮਾ ਖੇਤੀਬਾੜੀ ਖੇਤਰ ਤੋਂ ਪ੍ਰਾਪਤ ਆਮਦਨ ਹੀ ਹੁੰਦੀ ਹੈ। ਪੰਜਾਬ ਦੇ ਖੇਤ ਮਜ਼ਦੂਰਾਂ ਦੀ ਕੁੱਲ ਪਰਿਵਾਰਕ ਆਮਦਨ ਵਿਚੋਂ 91 ਫ਼ੀਸਦ ਦੇ ਕਰੀਬ ਖੇਤੀਬਾੜੀ ਖੇਤਰ ਵਿਚ ਮਜ਼ਦੂਰੀ ਕਰਨ ਤੋਂ ਆਇਆ। ਇਕ ਔਸਤਨ ਖੇਤ ਮਜ਼ਦੂਰ ਪਰਿਵਾਰ ਦੀ ਪ੍ਰਤਿ ਵਿਅਕਤੀ ਸਲਾਨਾ ਆਮਦਨ 16735 ਰੁਪਏ ਸੀ। ਖੇਤ ਮਜ਼ਦੂਰਾਂ ਦਾ ਸਲਾਨਾ ਉਪਭੋਗ ਖ਼ਰਚ 90897 ਰੁਪਏ ਸੀ ਅਤੇ ਇਸ ਦਾ ਵੱਡਾ ਹਿੱਸਾ ਗ਼ੈਰ-ਟਿਕਾਊ ਵਸਤਾਂ ਉੱਪਰ ਖ਼ਰਚ ਹੋਇਆ।

ਇਨ੍ਹਾਂ ਪਰਿਵਾਰਾਂ ਦਾ ਪ੍ਰਤਿ ਵਿਅਕਤੀ ਸਲਾਨਾ ਉਪਭੋਗ ਖ਼ਰਚ 18676 ਰੁਪਏ ਸੀ। ਪੰਜਾਬ ਦੇ ਖੇਤ ਮਜ਼ਦੂਰ ਪਰਿਵਾਰ 100 ਰੁਪਏ ਦੀ ਆਮਦਨ ਪਿੱਛੇ 112 ਰੁਪਏ ਉਪਭੋਗ ਦੀਆਂ ਵਸਤਾਂ ਉੱਪਰ ਖ਼ਰਚ ਰਹੇ ਸਨ। ਇਸ ਤੋਂ ਸਪਸ਼ਟ ਹੈ ਕਿ ਖੇਤ ਮਜ਼ਦੂਰ ਸਿਰਫ਼ ਜਿਊਂਦੇ ਰਹਿਣ ਲਈ ਉਪਭੋਗ ਦੇ ਇਕ ਘਟੋ-ਘੱਟ ਪੱਧਰ ਨੂੰ ਬਣਾਈ ਰੱਖਦੇ ਹਨ ਜਿਸ ਲਈ ਉਨ੍ਹਾਂ ਨੂੰ ਕਰਜ਼ਾ ਲੈਣਾ ਪੈਂਦਾ ਹੈ ਅਤੇ ਦਿਨੋਂ-ਦਿਨ ਉਨ੍ਹਾਂ ਦੇ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾਂਦੀ ਹੈ। ਇਸ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਇਕ ਔਸਤਨ ਕਰਜ਼ਈ ਖੇਤ ਮਜ਼ਦੂਰ ਪਰਿਵਾਰ ਸਿਰ 68330 ਰੁਪਏ ਦਾ ਕਰਜ਼ਾ ਸੀ। ਇਸ ਕਰਜ਼ੇ ਵਿਚੋਂ ਸਿਰਫ਼ 8.21 ਫ਼ੀਸਦ ਸੰਸਥਾਗਤ ਸ੍ਰੋਤਾਂ (ਪ੍ਰਾਇਮਰੀ ਸਹਿਕਾਰੀ ਸਭਾਵਾਂ 3.33 ਫ਼ੀਸਦ, ਅਤੇ ਵਪਾਰਿਕ ਬੈਂਕ 4.88 ਫ਼ੀਸਦ) ਅਤੇ ਬਾਕੀ ਦਾ 91.79 ਫ਼ੀਸਦ ਗ਼ੈਰ-ਸੰਸਥਾਗਤ ਸ੍ਰੋਤਾਂ (ਵੱਡੇ ਕਿਸਾਨ 67.81 ਫ਼ੀਸਦ, ਰਿਸ਼ਤੇਦਾਰ ਅਤੇ ਦੋਸਤ 11.69 ਫ਼ੀਸਦ, ਵਪਾਰੀ ਅਤੇ ਦੁਕਾਨਦਾਰ 9.41 ਫ਼ੀਸਦ ਅਤੇ ਸ਼ਾਹੂਕਾਰ 2.88 ਫ਼ੀਸਦ) ਸ੍ਰੋਤਾਂ ਦਾ ਹੈ। ਖੇਤ ਮਜ਼ਦੂਰ ਪਰਿਵਾਰਾਂ ਸਿਰ 52.11 ਫ਼ੀਸਦ ਕਰਜ਼ਾ 22-28 ਫ਼ੀਸਦ ਅਤੇ ਸਿਰਫ਼ 7.28 ਫ਼ੀਸਦ ਕਰਜ਼ਾ 1-7 ਫ਼ੀਸਦ ਵਿਆਜ਼ ਦਰ ਉੱਪਰ ਸੀ।

ਜਦੋਂ ਖੇਤ ਮਜ਼ਦੂਰਾਂ ਨੂੰ ਸਿਰਫ਼ ਜਿਊਂਦੇ ਰਹਿਣ ਲਈ ਉਧਾਰ ਨਹੀਂ ਮਿਲਦਾ ਤਾਂ ਉਹ ਇਕ ਸਮੱਸਿਆ ਹੁੰਦੀ ਹੈ, ਪਰ ਜਦੋਂ ਉਧਾਰ ਮਿਲ ਜਾਂਦਾ ਹੈ ਅਤੇ ਉਨ੍ਹਾਂ ਦੀ ਨਿਗੁਣੀ ਆਮਦਨ ਕਾਰਨ ਵਾਪਸ ਨਹੀਂ ਕੀਤਾ ਜਾਂਦਾ ਅਤੇ ਉਹ ਕਰਜ਼ੇ ਦਾ ਰੂਪ ਧਾਰਨ ਕਰ ਜਾਂਦਾ ਹੈ ਤਾਂ ਉਹ ਉਨ੍ਹਾਂ ਲਈ ਅਨੇਕ ਅਕਿਹ ਅਤੇ ਅਸਿਹ ਸਮੱਸਿਆਵਾਂ ਪੈਦਾ ਕਰ ਦਿੰਦਾ ਹੈ। ਖੇਤ ਮਜ਼ਦੂਰ ਪਰਿਵਾਰਾਂ ਵਿਚੋਂ ਬਹੁਤ ਵੱਡੀ ਗਿਣਤੀ ਵਿਚ ਪਰਿਵਾਰ ਦਲਿਤ ਜਾਤੀਆਂ ਵਿਚੋਂ ਹਨ ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਖੇਤ ਮਜ਼ਦੂਰ ਪਿੰਡਾਂ ਦੀਆਂ ਘੱਟ ਸਹੂਲਤਾਂ ਜਾਂ ਮਾੜੀਆਂ ਪ੍ਰਸਥਿਤੀਆਂ ਵਾਲ਼ੀਆਂ ਥਾਵਾਂ ਉੱਤੇ ਰਹਿੰਦੇ ਹਨ। ਇਨ੍ਹਾਂ ਦੀਆਂ ਰਹਿਣ ਵਾਲ਼ੀਆਂ ਥਾਵਾਂ ਨੂੰ ਅਕਸਰ ਵਿਹੜੇ ਆਖਿਆ ਜਾਂਦਾ ਹੈ। ਇਨ੍ਹਾਂ ਵਿਹੜਿਆਂ ਵਿਚ ਗਲੀਆਂ ਇੰਨੀਆਂ ਤੰਗ ਹੁੰਦੀਆਂ ਹਨ ਕਿ ਜੇਕਰ ਕਿਸੇ ਔਰਤ ਦੇ ਬੱਚੇ ਹੋਣਾ ਹੋਵੇ, ਕਿਸੇ ਜੀਅ ਨੂੰ ਦਿਲ ਦਾ ਦੌਰਾ ਜਾਂ ਕੋਈ ਹੋਰ ਜਾਨਲੇਵਾ ਦੌਰਾ ਪੈ ਜਾਵੇ ਜਾਂ ਕੋਈ ਹਾਦਸਾ ਹੋ ਜਾਵੇ ਤਾਂ ਇਹ ਆਪਣੀ ਘੱਟ ਆਮਦਨ ਕਾਰਨ ਕਿਰਾਏ ਦਾ ਸਾਧਨ ਤਾਂ ਲੈ ਨਹੀਂ ਸਕਦੇ, ਪਰ ਜੇਕਰ ਕੋਈ ਚੰਗਾ ਇਨਸਾਨ ਇਨ੍ਹਾਂ ਦੀ ਮਦਦ ਲਈ ਆਪਣੀ ਕਾਰ ਜਾਂ ਕੋਈ ਹੋਰ ਸਾਧਨ ਇਨ੍ਹਾਂ ਦੇ ਘਰਾਂ ਤੱਕ ਲੈਕੇ ਵੀ ਆਉਣਾ ਚਾਹੇ ਤਾਂ ਉਹ ਨਹੀਂ ਆ ਸਕਦਾ।

ਖੇਤ ਮਜ਼ਦੂਰ ਪਰਿਵਾਰਾਂ ਦੀਆਂ ਔਰਤਾਂ ਆਪਣੇ ਗੁਜ਼ਾਰੇ ਲਈ ਇਕ ਜਾਂ ਦੋ ਪਸ਼ੂ ਰੱਖ ਲੈਂਦੀਆਂ ਹਨ, ਜਿਹੜੇ ਅਕਸਰ ਉਨ੍ਹਾਂ ਦੇ ਛੋਟੇ ਘਰਾਂ ਦੇ ਬਾਹਰ ਗਲੀਆਂ ਜਾਂ ਸਾਂਝੀਆਂ ਥਾਵਾਂ ਉੱਪਰ ਬੰਨ੍ਹੇ ਹੋਏ ਨਜ਼ਰ ਆਉਂਦੇ ਹਨ। ਇਨ੍ਹਾਂ ਪਸ਼ੂਆਂ ਲਈ ਘਾਹ ਆਦਿ ਲੈਣ ਲਈ ਖੇਤ ਮਜ਼ਦੂਰ ਪਰਿਵਾਰਾਂ ਦੀਆਂ ਔਰਤਾਂ ਕਿਸਾਨਾਂ ਦੇ ਖੇਤਾਂ ਵਿੱਚ ਜਾਂਦੀਆਂ ਹਨ ਜਿੱਥੇ ਉਨ੍ਹਾਂ ਨਾਲ਼ ਦੁਰਵਿਹਾਰ ਅਤੇ ਬਲਾਤਕਾਰ ਦੀਆਂ ਘਟਨਾਵਾਂ ਵੀ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ।

ਇਨ੍ਹਾਂ ਪਰਿਵਾਰਾਂ ਵਿਚੋਂ ਕੁਝ ਪਰਿਵਾਰ ਆਪਣੀ ਘੱਟ ਆਮਦਨ ਕਾਰਨ ਪਸ਼ੂ ਖ਼ਰੀਦ ਨਹੀਂ ਸਕਦੇ। ਉਹ ਆਪਣੀਆਂ ਅਤੇ ਆਪਣੇ ਬੱਚਿਆਂ ਦੀਆਂ ਦੁੱਧ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੱਟੀਆਂ-ਬੱਛੀਆਂ ਅਧਿਆਰੇ ਉੱਪਰ ਲੈ ਲੈਂਦੇ ਹਨ। ਸਾਰਾ ਪਰਿਵਾਰ ਉਨ੍ਹਾਂ ਕੱਟੀਆਂ-ਬੱਛੀਆਂ ਦੇ ਝੋਟੀਆਂ-ਬਹਿੜੀਆਂ ਬਣਨ ਤੱਕ ਉਨ੍ਹਾਂ ਉੱਪਰ ਸਖ਼ਤ ਮਿਹਨਤ ਕਰਦਾ ਰਹਿੰਦਾ ਹੈ। ਅਧਿਆਰੇ ਉੱਪਰ ਪਸ਼ੂ ਦੇਣ ਵਾਲ਼ੇ ਪਰਿਵਾਰ ਆਪਣੀ ਮੁਕਾਬਲਤਨ ਵੱਧ ਆਮਦਨ ਕਾਰਨ ਇਨ੍ਹਾਂ ਪਸ਼ੂਆਂ ਦਾ ਮੁੱਲ ਪਾਕੇ ਆਪ ਲੈ ਜਾਂਦੇ ਹਨ ਅਤੇ ਖੇਤ ਮਜ਼ਦੂਰ ਪਰਿਵਾਰਾਂ ਦੇ ਵੱਡੇ ਜੀਅ ਅਤੇ ਬੱਚੇ ਦੁੱਧ ਨੂੰ ਤਰਸਦੇ ਰਹਿ ਜਾਂਦੇ ਹਨ। ਖੇਤ ਮਜ਼ਦੂਰ ਪਰਿਵਾਰ ਬਹੁਤ ਜ਼ਿਆਦਾ ਗਿਣਤੀ ਵਿਚ ਦਲਿਤ ਜਾਤਾਂ ਨਾਲ਼ ਸੰਬੰਧਿਤ ਹਨ। ਪੰਜਾਬ ਵਿਚ ਪੰਚਾਇਤੀ ਜ਼ਮੀਨ ਵਿਚੋਂ ਇਕ-ਤਿਹਾਈ ਜ਼ਮੀਨ ਉਨ੍ਹਾਂ ਲਈ ਠੇਕੇ ਉੱਪਰ ਰਾਖਵੀਂ ਹੈ।

ਅਕਸਰ ਦੇਖਣ ਵਿਚ ਆਉਂਦਾ ਹੈ ਕਿ ਵੱਡੇ ਕਿਸਾਨ ਦਲਿਤਾਂ ਦੇ ਨਾਮ ਉੱਪਰ ਪੰਚਾਇਤੀ ਜ਼ਮੀਨ ਠੇਕੇ ਉੱਪਰ ਲੈ ਜਾਂਦੇ ਹਨ ਜਾਂ ਠੇਕੇ ਦੀ ਦਰ ਇੰਨੀ ਵਧਾ ਦਿੰਦੇ ਹਨ ਕਿ ਲੋੜਵੰਦ ਖੇਤ ਮਜ਼ਦੂਰ ਪਰਿਵਾਰ ਪੰਚਾਇਤੀ ਜ਼ਮੀਨ ਨੂੰ ਠੇਕੇ ਉੱਪਰ ਲੈਕੇ ਖੇਤੀਬਾੜੀ ਕਰਨ ਤੋਂ ਬਾਂਝੇ ਰਹਿ ਜਾਂਦੇ ਹਨ। ਇਸ ਤੋਂ ਬਿਨਾਂ ਇਨ੍ਹਾਂ ਮਜ਼ਦੂਰਾਂ ਨੂੰ ਹੋਰ ਸਮੱਸਿਆਵਾਂ ਅਤੇ ਔਕੜਾਂ ਦਿਨ-ਰਾਤ ਘੇਰੀ ਰੱਖਦੀਆਂ ਹਨ।

ਪੰਜਾਬ ਸਰਕਾਰ ਦਾ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦਾ ਕਰਜ਼ਾ-ਮੁਆਫ਼ੀ ਸੰਬੰਧੀ ਐਲਾਨ ਤਾਂ ਹੀ ਸਾਰਥਿਕ ਹੋਵੇਗਾ ਜੇਕਰ ਇਨ੍ਹਾਂ ਬੇਜ਼ਮੀਨੇ ਵਰਗਾ ਦਾ ਸਾਰਾ ਕਰਜ਼ਾਂ ਮੁਆਫ਼ ਕੀਤਾ ਜਾਵੇ ਅਤੇ ਇਨ੍ਹਾਂ ਦੀ ਆਮਦਨ ਨੂੰ ਇੰਨਾ ਵਧਾ ਦਿੱਤਾ ਜਾਵੇ ਤਾਂ ਕਿ ਇਨ੍ਹਾਂ ਵਰਗਾਂ ਨਾਲ਼ ਸੰਬੰਧਿਤ ਸਾਰੇ ਲੋਕ ਆਪਣੀਆਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ, ਅਤੇ ਸਮਾਜਿਕ ਸੁਰੱਖਿਆ ਸੰਬੰਧੀ ਆਪਣੀਆਂ ਬੁਨਿਆਦੀ ਲੋੜਾਂ ਸਤਿਕਾਰਯੋਗ ਢੰਗ ਨਾਲ਼ ਪੂਰੀਆਂ ਕਰ ਸਕਣ। ਜੇਕਰ ਇਹ ਵਰਗ ਮਜ਼ਦੂਰੀ/ਕਿਸਾਨੀ ਤੋਂ ਬਿਨਾਂ ਆਪਣਾ ਕੋਈ ਹੋਰ ਕੰਮ ਸ਼ੁਰੂ ਕਰਨਾ ਚਾਹੁਣ ਤਾਂ ਇਨ੍ਹਾਂ ਨੂੰ ਵਿਆਜ-ਮੁਕਤ ਉਧਾਰ ਲੈਣ ਦੀ ਸਹੂਲਤ ਤਾਂ ਹੋਵੇ, ਪਰ ਇਨ੍ਹਾਂ ਦੀ ਆਮਦਨ ਘੱਟੋ-ਘੱਟ ਇੰਨੀ ਜ਼ਰੂਰ ਹੋਵੇ ਕਿ ਇਹ ਆਪਣਾ ਉਧਾਰ ਸਮੇਂ ਸਿਰ ਮੋੜ ਸਕਣ ਅਤੇ ਇਨ੍ਹਾਂ ਦਾ ਉਧਾਰ ਕਰਜ਼ੇ ਦਾ ਰੂਪ ਧਾਰਨ ਨਾ ਕਰੇ।

ਇਨ੍ਹਾਂ ਵਰਗਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਨੂੰ ਸੁਧਾਰਨ ਲਈ ਮਗਨਰੇਗਾ ਅਧੀਨ ਕੰਮ ਕਰਨ ਵਾਲ਼ੇ ਸਾਰੇ ਜੀਆਂ ਨੂੰ ਸਾਰਾ ਸਾਲ ਜਾਂ ਉਨ੍ਹਾਂ ਦੀਆਂ ਲੋੜ ਅਨੁਸਾਰ ਰੁਜ਼ਗਾਰ ਮਿਲਣਾ ਯਕੀਨੀ ਬਣਾਇਆ ਜਾਵੇ। ਮਗਨਰੇਗਾ ਦੀ ਮਜ਼ਦੂਰੀ ਦਰ ਸਰਕਾਰ ਦੁਆਰਾ ਨਿਰਧਾਰਤ ਕੀਤੀ ਗਈ ਘੱਟੋ-ਘੱਟ ਮਜ਼ਦੂਰੀ ਦਰ ਤੋਂ ਕਿਸੇ ਵੀ ਤਰ੍ਹਾਂ ਘੱਟ ਨਾ ਹੋਵੇ। ਪਿੰਡਾਂ ਦੀਆਂ ਪੰਚਾਇਤੀ ਅਤੇ ਧਾਰਮਿਕ ਅਦਾਰਿਆਂ ਦੀਆਂ ਜ਼ਮੀਨਾਂ ਤੋਂ ਆਮਦਨ ਦਾ ਮੁੱਖ ਉਦੇਸ਼ ਜਾਂ ਠੀਕ ਵਰਤੋਂ ਸਮਾਜ ਦੇ ਕੰਮਜ਼ੋਰ ਵਰਗਾਂ ਦੀ ਭਲਾਈ ਹੁੰਦਾ ਹੈ।

ਸਿੱਖ ਧਰਮ ਵਿਚ ਇਹ ਮੰਨਿਆ ਗਿਆ ਹੈ 'ਗ਼ਰੀਬ ਦਾ ਮੂੰਹ, ਗੁਰੂ ਦੀ ਗੋਲਕ'। ਇਸ ਲਈ ਸਰਕਾਰ ਅਤੇ ਸਮਾਜ ਦਾ ਫਰਜ਼ ਬਣਦਾ ਹੈ ਕਿ ਪੰਚਾਇਤੀ ਅਤੇ ਧਾਰਮਿਕ ਅਦਾਰਿਆਂ ਦੀਆਂ ਜ਼ਮੀਨਾਂ ਇਨ੍ਹਾਂ ਬੇਜ਼ਮੀਨੇ ਵਰਗਾਂ ਨੂੰ ਸਹਿਕਾਰੀ ਖੇਤੀਬਾੜੀ ਕਰਨ ਲਈ ਬਿਲਕੁਲ ਮੁਫ਼ਤ ਦਿੱਤੀਆਂ ਜਾਣ। ਇਸ ਤੋਂ ਬਿਨਾਂ ਸਾਰੇ ਕਿਰਤੀਆਂ ਦੀ ਜੀਵਨ-ਸਤਰ ਨੂੰ ਉੱਚਾ ਚੁੱਕਣ ਲਈ ਮੁਲਕ ਵਿਚ ਕਾਰਪੋਰੇਟ/ਸਰਮਾਏਦਾਰ ਆਰਥਿਕ ਵਿਕਾਸ ਮਾਡਲ ਦੀ ਜਗ੍ਹਾ ਲੋਕ ਅਤੇ ਕੁਦਰਤ-ਪੱਖੀ ਵਿਕਾਸ ਮਾਡਲ ਅਪਣਾਇਆ ਜਾਵੇ।

## ਜਲੰਧਰ ਤੋਂ ਕੈਨੇਡਾ

ਮੈਂ ਜਦੋਂ ਜਲੰਧਰ ਪੜ੍ਹਦੀ ਸੀ ਨਿੱਤ ਵਾਰ ਵਾਰ ਮੈਂ ਕਹਿਣਾ
ਆਈ ਲਿਟ ਕਰਕੇ ਕੀ ਕਰਨਾ ਜਾ ਕੇ ਵਿਚ ਪ੍ਰਦੇਸਾਂ ਰਹਿਣਾ
ਪਹੁੰਚ ਗਈ ਮੈਂ ਤਾਂ ਵਿਚ ਕਨੇਡਾ ਦੇਵਾਂ ਕਿੱਥੋਂ ਕਰਾਇਆ
ਮੈਂ ਥੋਨੂੰ ਦੱਸਾਂ ਨੀ ਕੁੜੀਓ ਮੈਨੂੰ ਯਾਦ ਜਲੰਧਰ ਆਇਆ।

ਕਿਵੇਂ ਜਾਨ ਸੂਲੀ ਤੇ ਟੰਗੀ ਮਾਪਿਆਂ ਮਸਾਂ ਲੁਆਏ ਵੀਜ਼ੇ
ਇੱਥੇ ਕੋਈ ਟੁਕ ਪਕਾਉਣਾ ਕੀਹਨੇ ਖਾ ਬਰਗਰ ਪੀਜ਼ੇ
ਫੀਸ ਭਰਨ ਦਾ ਫਿਕਰ ਪਿਆ ਮੇਰਾ ਅੱਧਾ ਖ਼ੂਨ ਸੁਕਾਇਆ
ਮੈਂ ਥੋਨੂੰ ਦੱਸਾਂ ਨੀ ਕੁੜੀਓ ਮੈਨੂੰ ....

ਚਾਅ ਚੜ੍ਹਿਆ ਪ੍ਰਦੇਸ ਜਾਣ ਦਾ ਸੂਟ ਸੁਆ ਲਏ ਮਹਿੰਗੇ
ਪੈਂਟ ਕਮੀਜ਼ਾਂ ਪਾਉਣੀਆਂ ਪੈਂਦੀਆਂ ਕੀ ਕਰਨੇ ਸੀ ਲਹਿੰਗੇ
ਅੱਗ ਲਾਦਿਆਂ ਲਹਿੰਗਿਆਂ ਨੂੰ ਮੈਨੂੰ ਬਿਲਾਂ ਬੜਾ ਸਤਾਇਆ
ਮੈਂ ਥੋਨੂੰ ਦੱਸਾਂ ਨੀ ਕੁੜੀਓ ਮੈਨੂੰ ....

ਹੱਥ ਕੰਢੇ ਕਈਆਂ ਵਰਤੇ ਤੇ ਫਿਰ ਦੱਬ ਕੇ ਮਾਰੀ ਠੱਗੀ
ਵਿਆਹ ਦਾ ਝਾਂਸਾ ਦੇ ਕੇ ਤੇ ਉਹਨਾਂ ਕਸਰ ਕੋਈ ਨਾ ਛੱਡੀ
ਜਾਣ ਬੁੱਝ ਕੇ ਪਤਾ ਹੁੰਦਿਆਂ ਸਭ ਨੂੰ ਬੁੱਧੂ ਬਣਾਇਆ
ਮੈਂ ਥੋਨੂੰ ਦੱਸਾਂ ਨੀ ਕੁੜੀਓ ਮੈਨੂੰ ....

ਲੱਗੀਆਂ ਹੋਣ ਡੀਪੋਰਟ ਇੰਡੀਆ ਅੱਖਾਂ ਸਭ ਦੀਆਂ ਖੁੱਲ੍ਹੀਆਂ
ਫਿਰਨ ਵਕੀਲਾਂ ਪਿੱਛੇ ਭੱਜੀਆਂ ਮਰਨ ਮਰਾਉਣ ਤੇ ਤੁਲੀਆਂ
ਤਾਹੀ 'ਦੇਵ ਘੋਲੀਆ' ਦੇਵੇ ਦੁਹਾਈਆਂ ਕੀ ਬਣਦਾ ਪਛਤਾਇਆਂ।
ਮੈਂ ਥੋਨੂੰ ਦੱਸਾਂ ਨੀ ਕੁੜੀਓ ਮੈਨੂੰ ਯਾਦ ਜਲੰਧਰ ਆਇਆ।

**– ਦੇਵ ਘੋਲੀਆ ਖੁਰਦ (ਫਰਿਜ਼ਨੋ)**
**559-232-7764**



# ਕੀ ਪੰਜਾਬ ਕਾਂਗਰਸ ਪਾਰਟੀ ਦੇ ਨਵੇਂ ਪ੍ਰਧਾਨ ਕਾਂਗਰਸ ਪਾਰਟੀ ਵਿੱਚ ਆਕਸੀਜ਼ਨ ਭਰਨ ਵਿੱਚ ਕਾਮਯਾਬ ਹੋ ਸਕਣਗੇ?



ਕੁਲਦੀਪ ਚੰਦ
91-9417563054

ਕਾਂਗਰਸ ਪਾਰਟੀ ਜੋਕਿ ਦੇਸ਼ ਦੀ ਸਭ ਤੋਂ ਪੁਰਾਣੀ ਰਾਜਨੀਤਿਕ ਪਾਰਟੀ ਹੈ ਅਤੇ ਅਜ਼ਾਦ ਭਾਰਤ ਵਿੱਚ ਇਸ ਪਾਰਟੀ ਨੇ ਕੇਂਦਰ ਅਤੇ ਵੱਖ ਵੱਖ ਸੂਬਿਆਂ ਵਿੱਚ ਲੰਬਾ ਸਮਾਂ ਰਾਜ ਕੀਤਾ ਹੈ। ਪੰਜਾਬ ਵਿੱਚ ਵੀ ਕਈ ਵਾਰ ਕਾਂਗਰਸ ਪਾਰਟੀ ਦੀ ਸਰਕਾਰ ਰਹੀ ਹੈ। ਪੰਜਾਬ ਵਿੱਚ ਇੱਕ ਦਹਾਕੇ ਤੋਂ ਵੱਧ ਸਮੇਂ ਲਈ ਅੱਤਵਾਦ ਸਿੱਖਰਾਂ ਤੇ ਰਿਹਾ ਹੈ ਅਤੇ ਲੰਬਾ ਸਮਾਂ ਰਾਸ਼ਟਰਪਤੀ ਰਾਜ ਰਿਹਾ ਹੈ। 1992 ਵਿੱਚ ਹੋਈਆਂ ਚੋਣਾਂ ਜਿਸ ਵਿੱਚ ਅਕਾਲੀ ਦੱਲ ਨੇ ਬਾਇਕਾਟ ਕੀਤਾ ਸੀ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣੀ ਸੀ। ਪੰਜਾਬ ਵਿੱਚ ਫੈਲੇ ਅੱਤਵਾਦ ਨੂੰ ਖਤਮ ਕਰਨ ਦਾ ਸਿਹਰਾ ਵੀ ਕਾਂਗਰਸ ਪਾਰਟੀ ਜਿਸਦੀ ਅਗਵਾਈ ਸਵਰਗੀ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਕਰ ਰਹੇ ਸਨ ਨੂੰ ਹੀ ਜਾਂਦਾ ਹੈ। ਇਸ ਦੌਰਾਨ ਹੀ ਮੁੱਖ ਮੰਤਰੀ ਸਵਰਗੀ ਬੇਅੰਤ ਸਿੰਘ ਦੀ ਹੱਤਿਆ ਕੀਤੀ ਗਈ ਸੀ। ਇਸਤੋਂ ਬਾਦ ਕਾਂਗਰਸ ਪਾਰਟੀ ਦੀ ਪੰਜਾਬ ਵਿੱਚ ਹਾਲਤ ਵਿਗੜਣੀ ਸ਼ੁਰੂ ਹੋ ਗਈ। ਸਵਰਗੀ ਬੇਅੰਤ ਸਿੰਘ ਤੋਂ ਬਾਦ ਸਵਰਗੀ ਹਰਚਰਨ ਸਿੰਘ ਬਰਾੜ ਅਤੇ ਫਿਰ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਾਂਗਰਸ ਪਾਰਟੀ ਦੀ ਕਮਾਂਡ ਸੰਭਾਲੀ। 1997 ਵਿੱਚ ਪੰਜਾਬ ਵਿੱਚ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣ ਗਈ। ਇਸਤੋਂ ਬਾਦ ਕੈਪਟਨ ਅਮਰਿੰਦਰ ਸਿੰਘ ਪੰਜਾਬ ਪ੍ਰਦੇਸ਼ ਕਗਰਸ ਕਮੇਟੀ ਦੇ ਪ੍ਰਧਾਨ ਬਣਾਏ ਗਏ। ਕੈਪਟਨ ਅਮਰਿੰਦਰ ਸਿੰਘ ਜੋਕਿ ਪਟਿਆਲਾ ਰਾਜ ਘਰਾਣੇ ਨਾਲ ਸਬੰਧਿਤ ਹਨ ਅਤੇ ਸਵਰਗੀ ਕਾਂਗਰਸੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਨਜਦੀਕੀਆਂ ਵਿਚੋਂ ਹਨ। ਕੈਪਟਨ ਅਮਰਿੰਦਰ ਸਿੰਘ 1980 ਵਿੱਚ ਲੋਕ ਸਭਾ ਮੈਂਬਰ ਬਣੇ ਪ੍ਰੰਤੂ 1984 ਵਿੱਚ ਕੇਂਦਰ ਦੀ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਲੋਂ ਸ਼੍ਰੀ ਦਰਬਾਰ ਸਾਹਿਬ ਵਿੱਚ ਫੌਜ ਭੇਜ਼ਣ ਦੇ ਵਿਰੋਧ ਵਿੱਚ ਪਾਰਟੀ ਤੋਂ ਅਸਤੀਫਾ ਦੇ ਦਿਤਾ ਸੀ ਅਤੇ ਸ਼੍ਰੋਮਣੀ ਅਕਾਲੀ ਦੱਲ ਵਿੱਚ ਸ਼ਾਮਿਲ ਹੋ ਗਏ ਅਤੇ ਵਿਧਾਨ ਸਭਾ ਮੈਂਬਰ ਚੁਣੇ ਗਏ ਅਤੇ ਪੰਜਾਬ ਸਰਕਾਰ ਵਿੱਚ ਖੇਤੀਬਾੜੀ ਮੰਤਰੀ ਬਣ ਗਏ। ਇਸਤੋਂ ਬਾਦ ਉਹ ਸ਼੍ਰੋਮਣੀ ਅਕਾਲੀ ਦੱਲ ਤੋਂ ਵੱਖ ਹੋ ਗਏ ਅਤੇ ਅਕਾਲੀ ਦੱਲ ਪੰਥਕ ਬਣਾ ਲਿਆ। ਉਹ ਫਿਰ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਗਏ ਅਤੇ 1999 ਤੋਂ 2002 ਤੱਕ ਸੂਬਾ ਪ੍ਰਧਾਨ ਅਤੇ ਫਿਰ ਮੁੱਖ ਮੰਤਰੀ ਰਹੇ। 2002 ਵਿੱਚ ਹੋਈਆਂ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਹੀ ਲੜੀਆਂ ਗਈਆਂ ਅਤੇ ਕਾਂਗਰਸ ਪਾਰਟੀ ਨੇ 62 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਅਤੇ 2002 ਤੋਂ 2007 ਤੱਕ ਕੈਪਟਨ ਅਮਰਿੰਦਰ ਸਿੰਘ ਹੀ ਪੰਜਾਬ ਦੇ ਮੁੱਖ ਮੰਤਰੀ ਰਹੇ। ਸਾਲ 2002 ਤੋਂ 2005 ਤੱਕ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਐਚ ਐਸ ਹੰਸਪਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ। ਇਸ ਸਮੇਂ ਦੌਰਾਨ ਕਾਂਗਰਸ ਪਾਰਟੀ ਦੇ ਕੁੱਝ ਦੂਜੇ ਵਿਧਾਇਕਾਂ ਜਿਨ੍ਹਾਂ ਵਿੱਚੋਂ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ, ਪ੍ਰਤਾਪ ਸਿੰਘ ਬਾਜਵਾ, ਲਾਲ ਸਿੰਘ ਆਦਿ ਦੇ ਨਾਮ ਸ਼ਾਮਿਲ ਹਨ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਲਾਹੁਣ ਲਈ ਕਈ ਵਾਰ ਕਾਰਵਾਈ ਕੀਤੀ ਪ੍ਰੰਤੂ ਉਹਨਾਂ ਨੂੰ ਸਫਲਤਾ ਨਹੀਂ ਮਿਲੀ ਅਤੇ ਕੈਪਟਨ ਅਮਰਿੰਦਰ ਸਿੰਘ ਹੀ ਪੂਰੇ ਪੰਜ ਸਾਲ ਪੰਜਾਬ ਦੇ ਮੁੱਖ ਮੰਤਰੀ ਰਹੇ। 2007 ਵਿੱਚ ਹੋਈਆਂ ਚੋਣਾਂ ਵੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਹੀ ਲੜੀਆਂ ਗਈਆਂ ਪਰੰਤੂ ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਸਿਰਫ 44 ਸੀਟਾਂ ਤੇ ਹੀ ਜਿੱਤ ਪ੍ਰਾਪਤ ਹੋਈ ਜਦਕਿ ਅਕਾਲੀ ਦੱਲ ਨੇ 49 ਸੀਟਾਂ ਅਤੇ ਭਾਰਤੀ ਜਨਤਾ ਪਾਰਟੀ ਨੇ 19 ਸੀਟਾਂ ਜਿੱਤਕੇ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾਈ ਜਿਸਦੀ ਅਗਵਾਈ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ। 2012 ਵਿੱਚ ਹੋਈਆਂ ਚੋਣਾਂ ਵੇਲੇ ਵੀ ਕਾਂਗਰਸ ਪਾਰਟੀ ਨੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਹੀ ਚੋਣ ਲੜੀ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਆਗੂਆਂ ਦੀ ਆਪਸੀ ਫੁੱਟ ਕਾਰਨ ਪੰਜਾਬ ਵਿੱਚ ਮੁੜ ਸ਼੍ਰੋਮਣੀ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣ ਗਈ। ਸਾਲ 2013 ਤੋਂ 2015 ਦੌਰਾਨ ਪ੍ਰਤਾਪ ਸਿੰਘ ਬਾਜਵਾ ਨੂੰ ਕਾਂਗਰਸ ਪਾਰਟੀ ਦਾ ਪ੍ਰਧਾਨ ਬਣਾਇਆ ਗਿਆ ਜਿਸਦਾ ਕੁੱਝ ਕਾਂਗਰਸੀ ਆਗੂਆਂ ਵਿਸ਼ੇਸ਼ ਤੋਰ ਤੇ ਕੈਪਟਨ ਅਮਰਿੰਦਰ ਸਿੰਘ ਨੇ ਖੁੱਲਕੇ ਵਿਰੋਧ ਸ਼ੁਰੂ ਕਰ ਦਿਤਾ। 2014 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਅਮ੍ਰਿਤਸਰ ਤੋਂ ਭਾਜਪਾ ਆਗੂ ਅਰੁਣ ਜੇਤਲੀ ਨੂੰ ਹਰਾਕੇ ਚੋਣ ਜਿੱਤ ਗਏ ਜਦਕਿ ਪ੍ਰਤਾਪ ਸਿੰਘ ਬਾਜਵਾ ਗੁਰਦਾਸਪੁਰ ਤੋਂ ਚੋਣ ਹਾਰ ਗਏ ਜਿਸ ਨਾਲ ਕੈਪਟਨ ਅਮਰਿੰਦਰ ਸਿੰਘ ਦਾ ਕੱਦ ਵੱਡਾ ਹੋ ਗਿਆ। ਇਸਤੋਂ ਬਾਦ ਸਾਲ 2015 ਵਿੱਚ ਕੈਪਟਨ ਅਮਰਿੰਦਰ ਸਿੰਘ ਨੂੰ ਮੁੜ੍ਹ ਪੰਜਾਬ ਕਾਂਗਰਸ ਦੀ ਕਮਾਨ ਸੰਭਾਲੀ ਗਈ ਅਤੇ ਪ੍ਰਧਾਨ ਬਣਾਇਆ ਗਿਆ। ਇਸਦੇ ਨਾਲ ਹੀ ਰਾਜ ਸਭਾ ਮੈਂਬਰ ਬੀਬੀ ਅੰਬਿਕਾ ਸੋਨੀ ਅਤੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਚੋਣ ਪ੍ਰਚਾਰ ਕਮੇਟੀ ਦੇ ਆਗੂ ਬਣਾਇਆ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਲੜੀਆਂ ਗਈਆਂ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਅੰਦਰੂਨੀ ਕਲੇਸ਼ ਦੇ ਬਾਬਜੂਦ ਕਾਂਗਰਸ ਪਾਰਟੀ ਨੇ ਵੱਡੀ ਜਿੱਤ ਹਾਸਲ ਕੀਤੀ ਅਤੇ 77 ਵਿਧਾਇਕਾਂ ਨਾਲ ਸਰਕਾਰ ਬਣਾਈ। ਸਾਲ 2017 ਵਿੱਚ ਸੁਨੀਲ ਜਾਖੜ ਨੂੰ ਸੂਬਾ ਪ੍ਰਧਾਨ ਬਣਾਇਆ ਗਿਆ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਗੁਰਦਾਸਪੁਰ ਹਲਕੇ ਤੋਂ ਚੋਣ ਹਾਰਨ ਕਾਰਨ 23 ਮਈ ਨੂੰ ਸੁਨੀਲ ਜਾਖੜ ਨੇ ਪ੍ਰਧਾਨਗੀ ਤੋਂ ਅਸਤੀਫਾ ਦਿੱਤਾ ਸੀ ਪਰ ਪਾਰਟੀ ਨੇ ਇਹ ਰੱਦ ਕਰ ਦਿੱਤਾ। ਇਸਤੋਂ ਬਾਦ ਕਈ ਵਾਰ ਪਾਰਟੀ ਪ੍ਰਧਾਨ ਸੁਨੀਲ ਜਾਖੜ ਅਤੇ ਮੁੱਖ ਮੰਤਰੀ ਵਿੱਚ ਟਕਰਾ ਹੁੰਦਾ ਰਿਹਾ। ਇਸ ਸਾਲ ਅਪ੍ਰੈਲ ਵਿੱਚ ਵੀ ਬੇਅਦਬੀ ਮਾਮਲੇ ਨੂੰ ਲੈਕੇ ਪਾਰਟੀ ਪ੍ਰਧਾਨ ਸੁਨੀਲ ਜਾਖੜ ਨੇ ਪ੍ਰਧਾਨਗੀ ਤੋਂ ਅਸਤੀਫਾ ਦਿੱਤਾ ਸੀ। ਇਸਤੋਂ ਬਾਦ ਨਵਾਂ ਪਾਰਟੀ ਪ੍ਰਧਾਨ ਨਿਯੁਕਤ ਕਰਨ




ਦੀ ਗਤੀ ਤੇਜ ਹੋ ਗਈ। ਲੰਬੀ ਖਿੱਚੋਤਾਣ ਬਾਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਪਿਛਲੇ ਕਈ ਸਾਲਾਂ ਤੋਂ ਦੂਰੀ ਬਣਾਕੇ ਬੈਠੇ ਅਤੇ ਅਪਣੀ ਹੀ ਸਰਕਾਰ ਦੀਆਂ ਨਾਕਾਮੀਆਂ ਸੋਸ਼ਲ ਮੀਡੀਆ ਤੇ ਲੋਕਾਂ ਸਾਹਮਣੇ ਲਿਆਉਣ ਵਾਲੇ ਨਵਜੋਤ ਸਿੱਧੂ ਨੂੰ ਕਾਂਗਰਸ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਵਲੋਂ ਪੰਜਾਬ ਕਾਂਗਰਸ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਫੈਸਲੇ ਦਾ ਖੁੱਲਕੇ ਵਿਰੋਧ ਕਰਦੇ ਨਜਰ ਆਏ। ਇਸਦੇ ਨਾਲ ਹੀ ਪੰਜਾਬ ਦੇ ਵੱਖ ਵੱਖ ਇਲਾਕਿਆਂ ਅਤੇ ਵਰਗਾਂ ਨਾਲ ਸਬੰਧਿਤ ਸੰਗਤ ਸਿੰਘ ਗਿਲਜੀਆਂ, ਸੁਖਵਿੰਦਰ ਸਿੰਘ ਡੈਨੀ, ਪਵਨ ਗੋਇਲ ਅਤੇ ਕੁਲਜੀਤ ਸਿੰਘ ਨਾਗਰਾ ਨੂੰ ਕਾਰਜਕਾਰੀ ਪ੍ਰਧਾਨ ਲਗਾਇਆ ਗਿਆ ਹੈ। ਇਨ੍ਹਾਂ ਨਵ ਨਿਯੁਕਤ ਆਗੂਆਂ ਵਲੋਂ ਵੱਖ ਵੱਖ ਥਾਵਾਂ ਤੇ ਕਾਂਗਰਸੀ ਆਗੂਆਂ ਅਤੇ ਵਿਧਾਇਕਾਂ ਨਾਲ ਮੀਟਿੰਗਾ ਕੀਤੀਆਂ ਗਈਆਂ ਜਿਸ ਵਿੱਚ 60 ਤੋਂ ਵੱਧ ਵਿਧਾਇਕ ਹਾਜਰ ਰਹੇ ਹਨ। ਕਈ ਵਿਧਾਇਕਾਂ ਅਤੇ ਆਗੂਆਂ ਨੇ ਖੁੱਲਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਾਰਗੁਜਾਰੀ ਦੀ ਵਿਰੋਧਤਾ ਕੀਤੀ। ਦੂਜੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲੱਗਭੱਗ 15 ਸਮੱਰਥਕ ਵਿਧਾਇਕਾਂ ਨਾਲ ਅਲੱਗ ਮੀਟਿੰਗਾਂ ਕਰਦੇ ਰਹੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਗੱਲ ਤੇ ਅੜ੍ਹੇ ਰਹੇ ਕਿ ਨਵੇਂ ਪ੍ਰਧਾਨ ਨਵਜੋਤ ਸਿੱਧੂ ਸਰਕਾਰ ਖਿਲਾਫ ਬਿਆਨਬਾਜੀ ਲਈ ਜਨਤਕ ਤੋਰ ਤੇ ਮੁਆਫੀ ਮੰਗਣ। ਖਿੱਚੋਤਾਣ ਦੋਰਾਨ ਹੀ ਆਖਿਰ 23 ਜੁਲਾਈ ਨੂੰ ਨਵਜੋਤ ਸਿੱਧੂ ਨੇ ਅਪਣੀ ਟੀਮ ਦੇ ਨਵੇਂ ਮੈਂਬਰਾਂ ਨਾਲ ਅਹੁਦਾ ਸੰਭਾਲਿਆ। ਇਸ ਸਮਾਗਮ ਵਿੱਚ ਲੱਗਭੱਗ ਸਾਰੇ ਵਿਧਾਇਕ, ਮੰਤਰੀ ਹਾਜਰ ਰਹੇ ਅਤੇ ਵਿਸ਼ੇਸ ਤੋਰ ਤੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਅਤੇ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਹਾਜਰ ਰਹੇ। ਬੇਸ਼ੱਕ ਇਸ ਸਮਾਗਮ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਵੀ ਹਾਜਰ ਰਹੇ ਅਤੇ ਉਨ੍ਹਾਂ ਦੀ ਕੁਰਸੀ ਵੀ ਪ੍ਰਧਾਨ ਦੀ ਕੁਰਸੀ ਦੇ ਨਾਲ ਹੀ ਲਗਾਈ ਹੋਈ ਸੀ ਪਰੰਤੂ ਇਸ ਸਮਾਰੋਹ ਦੋਰਾਨ ਵੀ ਦੋਨੋ ਆਗੂ ਇੱਕ ਦੂਜੇ ਤੋਂ ਖਫਾ ਨਜਰ ਆਏ। ਇਸ ਮੌਕੇ ਪ੍ਰਧਾਨ ਨੇ ਬਹੁਤਾ ਸਮਾਂ ਮੁੱਖ ਮੰਤਰੀ ਨੂੰ ਅਣਗੋਲਿਆ ਹੀ ਕੀਤਾ ਅਤੇ ਸਟੇਜ਼ ਤੋਂ ਬੋਲਦਿਆਂ ਵੀ ਪ੍ਰਧਾਨ ਨਵਜੋਤ ਸਿੱਧੂ ਨੇ ਸਰਕਾਰ ਅਤੇ ਮੁੱਖ ਮੰਤਰੀ ਨੂੰ ਕਰੜ੍ਹੇ ਹੱਥੀਂ ਲਿਆ ਅਤੇ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੰਮ ਕਰਨ ਵਾਸਤੇ ਕਿਹਾ। ਇੱਥੇ ਇੱਕ ਵੱਡਾ ਸਵਾਲ ਉਠਦਾ ਹੈ ਕਿ ਲੱਗਭੱਗ 06 ਮਹੀਨੇ ਬਾਦ ਫਰਵਰੀ 2022 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਪੰਜਾਬ ਵਿੱਚ ਪ੍ਰਧਾਨ ਨਵਜੋਤ ਸਿੱਧੂ ਦੀ ਅਗਵਾਈ ਵਿੱਚ ਕੀ ਭੂਮਿਕਾ ਨਿਭਾਵੇਗੀ। ਸਰਕਾਰ ਦੇ ਮੱਥੇ ਤੇ ਲੱਗੇ ਪੋਸਟ ਮੈਟ੍ਰਿਕ ਸਕਾਲਰਸ਼ਿਪ, ਕੋਰੋਨਾ ਦੀ ਦਵਾਈ ਵਿੱਚ ਘੋਟਾਲਾ, ਪੰਜਾਬ ਵਿੱਚ ਪ੍ਰਾਇਵੇਟ ਕੰਪਨੀਆਂ ਨਾਲ ਹੋਏ ਬਿਜਲੀ ਸਮਝੌਤੇ, ਵੱਖ ਵੱਖ ਮੁਲਾਜਿਮ ਵਰਗਾਂ ਵਲੋਂ ਅਪਣੀਆਂ ਮੰਗਾਂ ਨੂੰ ਲੈਕੇ ਕੀਤੇ ਜਾ ਰਹੇ ਸੰਘਰਸ਼, ਬਹੁਤੇ ਮੰਤਰੀਆਂ ਅਤੇ ਵਿਧਾਇਕਾਂ ਦੀ ਸਰਕਾਰ ਅਤੇ ਅਧਿਕਾਰੀਆਂ ਤੋਂ ਨਰਾਜ਼ਗੀ, ਕਿਸਾਨ ਅੰਦੋਲਨ ਬੇਸ਼ੱਕ ਮੁੱਖ ਤੋਰ ਤੇ ਕੇਂਦਰ ਸਰਕਾਰ ਖਿਲਾਫ ਹੀ ਚੱਲ ਰਿਹਾ ਹੈ ਪਰ ਕਈ ਵਾਰ ਇਸ ਅੰਦੋਲਨ ਵਿੱਚ ਵੀ ਕਾਂਗਰਸ ਪਾਰਟੀ ਨੂੰ ਬਰਾਬਰ ਜਿੰਮੇਵਾਰ ਮੰਨਕੇ ਕਾਂਗਰਸੀ ਆਗੂਆਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਬੇਅਦਬੀ ਮਾਮਲੇ ਵਿੱਚ ਸਰਕਾਰ ਤੇ ਲੱਗਿਆ ਦੋਸ਼ੀਆਂ ਨੂੰ ਬਚਾਉਣ ਦਾ ਕਲੰਕ ਨਾਲ ਇੰਨੇ ਥੋੜੇ ਸਮੇਂ ਵਿੱਚ ਸਰਕਾਰ ਅਤੇ ਪਾਰਟੀ ਦੀ ਲੀਡਰਸ਼ਿੱਪ ਕਿਵੇਂ ਨਜਿੱਠੇਗੀ ਅਤੇ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ਼ ਕਿਵੇਂ ਜਿੱਤੇਗੀ ਵਿਸ਼ੇਸ ਤੋਰ ਤੇ ਜਦੋਂ ਪਾਰਟੀ ਪ੍ਰਧਾਨ ਅਤੇ ਮੁੱਖ ਮੰਤਰੀ ਵਿੱਚ ਦੂਰੀਆਂ ਬਣੀਆਂ ਹੋਈਆਂ ਹਨ। ਕੀ ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਜਿੱਤ ਹਾਸਲ ਕਰਕੇ ਇੱਕ ਵਾਰ ਫਿਰ ਸਰਕਾਰ ਬਣਾ ਪਾਵੇਗੀ। ਪ੍ਰਧਾਨ ਨਵਜੋਤ ਸਿੱਧੂ ਅਤੇ ਉਨ੍ਹਾਂ ਦੀ ਟੀਮ ਦੇ ਆਗੂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਬਾਗੀ ਆਗੂਆਂ ਨੂੰ ਕਿੰਨਾ ਨਾਲ ਤੋਰਨ ਵਿੱਚ ਕਾਮਯਾਬ ਹੋਣਗੇ। ਜਨਤਕ ਸਟੇਜਾਂ ਅਤੇ ਸੋਸ਼ਲ ਮੀਡੀਆ ਤੇ ਅਕਸਰ ਸਰਕਾਰ ਦੀਆਂ ਨਾਕਾਮੀਆਂ ਗਿਣਾਉਣ ਵਾਲੇ ਨਵਜੋਤ ਸਿੱਧੂ ਇਨਾਂ ਨਾਕਾਮੀਆਂ ਨੂੰ ਆਣ ਵਾਲੇ ਸਮੇਂ ਵਿੱਚ ਕਿਵੇਂ ਅਤੇ ਕਿੰਨਾ ਦੂਰ ਕਰ ਸਕਣਗੇ। 2017 ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਲੱਗਭੱਗ 38.5 ਫੀਸਦੀ ਵੋਟਾਂ ਮਿਲੀਆਂ ਸਨ ਜੋਕਿ 2019 ਵਿੱਚ ਵੱਧਕੇ ਲੱਗਭੱਗ 40 ਫਿਸਦੀ ਤੱਕ ਪਹੁੰਚ ਗਈਆਂ ਹਨ। 2019 ਦੇ ਨਤੀਜਿਆਂ ਅਨੁਸਾਰ ਕਾਂਗਰਸ ਪਾਰਟੀ ਨੂੰ 69 ਸੀਟਾਂ ਤੇ ਹੀ ਜਿੱਤ ਪ੍ਰਾਪਤ ਹੋਈ ਹੈ ਜਦਕਿ 2017 ਵਿੱਚ 77 ਸੀਟਾਂ ਤੇ ਜਿੱਤ ਪ੍ਰਾਪਤ ਹੋਈ ਸੀ। ਪੰਜਾਬ ਵਿੱਚ ਦਲਿਤਾਂ ਲਈ ਵਿਧਾਨ ਸਭਾ ਦੀਆਂ 34 ਸੀਟਾਂ ਹਨ ਜਿਸ ਵਿਚੋਂ ਮੌਜੂਦਾ ਸਮੇਂ 21 ਤੇ ਕਾਂਗਰਸ ਪਾਰਟੀ ਦੇ ਵਿਧਾਇਕ ਹਨ। 2019 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਅਨੁਸਾਰ ਇਨ੍ਹਾਂ ਵਿੱਚੋਂ 19 ਤੇ ਹੀ ਜਿੱਤ ਮਿਲੀ ਹੈ। ਲੋਕ ਸਭਾ ਦੀਆਂ ਕੁੱਲ 13 ਸੀਟਾਂ ਵਿਚੋਂ 08 ਸੀਟਾਂ ਕਾਂਗਰਸ ਕੋਲ ਹਨ ਅਤੇ ਅਨੁਸੂਚਿਤ ਜਾਤਾਂ ਲਈ ਰਾਖਵੀਆਂ 04 ਸੀਟਾਂ ਵਿੱਚੋਂ 03 ਕਾਂਗਰਸ ਕੋਲ ਹੀ ਹਨ। ਪੰਜਾਬ ਵਿੱਚ ਦੁਆਬਾ ਖੇਤਰ ਦੇ ਦਲਿਤ ਰਾਜਨੀਤੀ ਵਿੱਚ ਹਾਵੀ ਰਹੇ ਹਨ ਪ੍ਰੰਤੂ ਸਰਕਾਰ ਅਤੇ ਪਾਰਟੀ ਦੇ ਜਥੇਵੰਦਕ ਢਾਂਚੇ ਵਿੱਚ ਇਸ ਖੇਤਰ ਦੇ ਦਲਿਤਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ।

2022 ਵਿੱਚ ਹੋਣ ਵਾਲੀਆਂ ਚੋਣਾਂ ਲਈ ਕਾਂਗਰਸ ਪਾਰਟੀ ਲਈ ਇੱਕ ਪਾਸੇ ਆਪਸੀ ਫੁੱਟ ਖਤਰਨਾਕ ਸਾਬਿਤ ਹੋ ਸਕਦੀ ਹੈ ਦੂਜੇ ਪਾਸੇ ਕਾਂਗਰਸੀ ਆਗੂਆਂ ਦੀ ਆਮ ਜਨਤਾ ਤੋਂ ਦੂਰੀ ਵੀ ਇਸ ਲਈ ਖਤਰਨਾਕ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਲਹਿਰ ਜਿਸਨੇ ਪੰਜਾਬ ਵਿੱਚ 2017 ਵਿੱਚ 20 ਸੀਟਾਂ ਜਿੱਤੀਆਂ ਹਨ ਅਤੇ ਇਸਦੇ ਕਈ ਆਗੂ ਲੋਕ ਮੁੱਦਿਆਂ ਤੇ ਡਟਕੇ ਪਹਿਰਾ ਦੇ ਰਹੇ ਹਨ ਵੀ ਕਾਂਗਰਸ ਪਾਰਟੀ ਦੇ ਸੁਪਨਿਆਂ ਤੇ ਪਾਣੀ ਫੇਰ ਸਕਦੀ ਹੈ। ਸ਼੍ਰੋਮਣੀ ਅਕਾਲੀ ਦੱਲ ਅਤੇ ਬੀਐਸਪੀ ਦਾ ਗੱਠਜੋੜ, ਭਾਰਤੀ ਜਨਤਾ ਪਾਰਟੀ ਸਮੇਤ ਕਈ ਹੋਰ ਰਾਜਨੀਤਿਕ ਦੱਲ ਵੀ ਸੱਤਾਧਾਰੀ ਕਾਂਗਰਸ ਪਾਰਟੀ ਨੂੰ ਹਰਾਉਣ ਲਈ ਕੰਮ ਕਰ ਰਹੇ ਹਨ।

ਕਾਂਗਰਸ ਪਾਰਟੀ ਦੀ ਪੰਜਾਬ ਵਿੱਚ 2022 ਦੀਆਂ ਚੋਣਾਂ ਵਿੱਚ ਕੀ ਭੂਮਿਕਾ ਰਹੇਗੀ ਇਹ ਤਾਂ ਆਣ ਵਾਲਾ ਸਮਾਂ ਹੀ ਦੱਸੇਗਾ ਪਰ ਮੌਜੂਦਾ ਸਥਿਤੀ ਵਿੱਚ ਲੋਕ ਇਹ ਜਰੂਰ ਸੋਚ ਰਹੇ ਹਨ ਕਿ ਪੰਜਾਬ ਵਿੱਚ ਲੱਗਭੱਗ ਬੇਹੋਸ਼ ਹੋਈ ਕਾਂਗਰਸ ਪਾਰਟੀ ਨੂੰ ਨਵੇਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਅਗਵਾਈ ਵਿੱਚ ਆਕਸੀਜ਼ਨ ਮਿਲ ਸਕੇਗੀ ਅਤੇ 2022 ਵਿੱਚ ਕਾਂਗਰਸ ਪਾਰਟੀ ਮੁੜ੍ਹ ਸੱਤਾ ਤੇ ਕਾਬਜ਼ ਹੋ ਸਕੇਗੀ ਜਾਂ ਫਿਰ ਸੱਤਾ ਤੋਂ ਦੂਰ ਹੀ ਰਹੇਗੀ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# ਕ੍ਰਾਂਤੀਕਾਰੀ ਮਹਾਂਨਾਇਕ ਕੋਮਰਾਮ ਭੀਮ



ਹਰਦੀਪ ਸਿੰਘ ਚੁੰਬਰ
+91-94636-01616

ਮਨੁੱਖ ਦੀ ਮੁੱਢਲੀ ਲੋੜ ਜੀਵਨ ਸਾਧਨ, ਸੰਸਾਧਨ ਰਹੇ ਹਨ। ਉਸ ਨੂੰ ਪ੍ਰਾਪਤ ਕਰਨ ਦੇ ਪਿੱਛੇ ਉਸ ਦੀ ਦੌੜ ਰਹੀ ਹੈ। ਇਸੇ ਲੋੜ ਨੂੰ ਪੂਰਾ ਕਰਨ ਲਈ ਉਹ ਸ਼ਾਸ਼ਨ, ਪ੍ਰਸ਼ਾਸ਼ਨ ਨਾਲ ਟੱਕਰ ਵੀ ਲੈਂਦਾ ਰਿਹਾ ਹੈ। ਭਾਰਤੀ ਮੂਲਨਿਵਾਸੀਆਂ ਮੌਜੂਦਾ ਐਸਸੀ, ਐਸਟੀ ਲੋਕ ਨੂੰ ਹੀ ਦੂਹਰੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਸੀ। ਭਾਰਤੀ ਸਵਰਨ ਲੋਕ ਬਹੁਤੇ ਕਿਸੇ ਨਾਂ ਕਿਸੇ ਤਰਾਂ ਸਿੱਧੇ ਜਾ ਅਸਿੱਧੇ ਢੰਗ ਨਾਲ ਬ੍ਰਿਟਿਸ਼ ਸੱਤਾ ਦੇ ਨੇੜੇ ਸਨ। ਕੁੱਝ ਲੋਕ ਕਾਸ਼ਤਕਾਰਾਂ ਤੋਂ ਮਾਲੀਆ ਇੱਕਠਾ ਕਰਕੇ ਸਰਕਾਰੀ ਖਜਾਨੇ ਵਿੱਚ ਜਮਾਂ ਕਰਵਾਉਂਦੇ ਜੁਲਮ ਕਰਦੇ ਸਨ। ਭ੍ਰਿਸ਼ਟਾਚਾਰ, ਜਾਤੀਵਾਦ ਅਤੇ ਸ਼ੋਸ਼ਣ ਕਰਦੇ ਸਨ। ਉਹਨਾ ਨੇ ਅੰਗਰੇਜਾਂ ਨਾਲ ਸਿੱਧੀ ਲੜਾਈ ਉਹਨਾ ਬਹੁਤ ਘੱਟ ਲੜੀ ਹੈ। ਨਿੱਜੀ ਲਾਭ ਦੇ ਲਈ ਕਦੀ ਉਹ ਕਾਸ਼ਤਕਾਰਾਂ ਅਤੇ ਕਦੀ ਅੰਗਰੇਜ ਦੀ ਪਿੱਠ ਪਿੱਛੇ ਖੜੇ ਹੋ ਕੇ ਲੜਦੇ ਰਹੇ ਹਨ, ਲਾਭ ਲਈ ਉਹ ਹਮੇਸ਼ਾ ਤੋਂ ਮੌਕਾਪਰਸਤ ਹੀ ਰਹੇ ਹਨ, ਦੇਸ਼ ਦੀ ਵਾਗਡੋਰ ਵੀ ਇਸੇ ਹੀ ਲਈ ਉਹਨਾ ਦੇ ਹੱਥ ਆਈ। ਸਿੱਧੀ ਲੜਾਈ ਭਾਰਤੀ ਸ਼ੂਦਰ ਸਮਾਜ ਅਤੇ ਮੌਜੂਦਾ ਐਸਸੀ, ਐਸਟੀਸਮਾਜ ਦੇ ਲੋਕਾਂ ਨੇ ਹੀ ਕੀਤੀ ਹੈ। ਉਹਨਾਂ ਦੀ ਲੜਾਈ ਜਿਆਦਾ ਮੁਸ਼ਕਿਲ ਸੀ। ਉਹ ਦੂਹਰੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਰਹੇ ਹਨ। ਇੱਕ ਲੜਾਈ ਪੁਰਾਤਨ ਭਾਰਤੀ ਸ਼ਾਹੂਕਾਰੀ, ਜਗੀਰਦਾਰੀ ਅਤੇ ਦੂਜੀ ਅੰਗਰੇਜ਼ ਸ਼ਾਸ਼ਨ ਦੇ ਖਿਲਾਫ ਲੜ ਰਹੇ ਸਨ।

ਭਾਰਤੀ ਸ਼ੂਦਰ ਸਮਾਜ ਅਤੇ ਮੌਜੂਦਾ ਐਸਸੀ, ਐਸਟੀਸਮਾਜ ਦੇ ਲੋਕ ਜੋ ਜੰਗਲਾਂ ਅਤੇ ਜਮੀਨਾਂ ਵਾਹਕੇ ਕਾਸ਼ਤਕਾਰੀ ਕਰ ਜੀਵਨ ਵਸਰ ਕਰਦੇ ਸਨ। ਭਾਰਤੀ ਮੂਲ ਦੇ ਅੰਗਰੇਜਾਂ ਦੇ ਅਹਿਲਕਾਰ ਲੋਕ ਉਹਨਾ ਉੱਤੇ ਜ਼ੁੱਲਮ ਕਰਦੇ ਭਾਰੀ ਮਾਲੀਆਂ ਦੀ ਉਗਰਾਹੀ ਵੀ ਕਰਦੇ ਉਹ ਭ੍ਰਿਸ਼ਟਾਚਾਰ ਵੀ ਕਰਦੇ ਬੰਧੂਆ ਦੀ ਤਰਾਂ ਵਰਤਾਉ ਕਰਦੇ ਸਨ। ਸਮੇਂ ਸਮੇਂ ਉੱਤੇ ਜਦੋਂ ਵੀ ਭਾਰਤੀ ਮੂਲਨਿਵਾਸੀ ਸੋਕਾਂ ਨੇ ਕੰਪਨੀ ਸਰਕਾਰ ਅਤੇ ਸ਼ਾਸ਼ਨ ਨੂੰ ਟੱਕਰ ਦੇਣ ਦੀ ਕੋਸ਼ਿਸ਼ ਕੀਤੀ, ਭਾਰਤੀ ਸਾਮੰਤਵਾਦ, ਜਾਗੀਰਦਾਰ ਅੰਗਰੇਜਾਂ ਦੀ ਹਮਾਇਤ ਉਤੇ ਉਹਨਾ ਦਾ ਰਾਹ ਰੋਕ ਕੇ ਖੜਾ ਹੋਇਆ ਹੈ। ਇਸ ਅਜਾਦੀ ਦੀ ਰਾਹ ਉਤੇ ਅਣਗਿਣਤ ਆਦਿਵਾਸੀ ਸ਼ਹੀਦ ਹੋਏ ਹਨ, ਜਿਹਨਾ ਦਾ ਸਿਰਮੌਰ ਮੌਜੂਦਾ ਤਲੇਂਗਾਨ ਰਾਜ ਦੇ ਕੋਮ-ਰਾਮ ਭੀਮ ਦਾ ਨਾ ਉੱਪਰ ਆਉਂਦਾ ਹੈ।



ਦੇਸ਼ ਦੇ ਮਹਾਨ ਸ਼ਹੀਦ ਕੋਮ-ਰਾਮ ਭੀਮ ਦਾ ਨਾਮ ਲੈਂਦੇ ਆਦਿਵਾਸੀ ਕਬੀਲੇ ਦੇ ਲੋਕ ਲੈਂਦੇ ਬਹੁਤ ਮਾਣ ਮਹਿਸੂਸ ਕਰਦੇ ਹਨ। ਉਸਨੇ ਆਦੀਵਾਸੀ ਅੰਦੋਲਨ ਕਰਕੇ ਗੌਂਡਾਂ ਦੇ ਅਜਾਦਰਾਜ ਦੀ ਨੀਂਹ ਰੱਖੀ ਸੀ। ਬਹੁਤ ਸਾਰੇ ਆਦਿਵਾਸੀਆਂ ਅਜਾਦੀ ਘੁਲਾਟੀਆਂ ਦੀ ਤਰਾਂਪਰ ਉਸਦੀ ਮਾਨਤਾ ਬਹੁਤੀ ਤੇਲੰਗਾਨਾ/ਆਂਧਰਾ ਪ੍ਰਦੇਸ਼ ਦੀਆਂ ਸੀਮਾਵਾਂ ਵਿੱਚ ਸੀਮਤ ਰਹੀ ਹੈ। ਉਸ ਦਾ ਜਿਕਰ ਰਾਜ ਅਤੇ ਰਾਜ ਦੇ ਬਾਹਰ ਇਤਿਹਾਸ ਦੇ ਹਵਾਲੇ ਤੋਂ ਅਣਦੇਖਿਆ ਕੀਤਾ ਗਿਆ ਹੈ, ਜਿਵੇਂ ਕਿ ਬਹੁਤ ਸਾਰੀਆਂ ਆਦੀਵਾਸੀ ਯੋਧਿਆਂ ਦੇ ਇਤਿਹਾਸ ਨਾਲ ਹੋਇਆ ਹੈ, ਆਰਥਿਕ, ਸਮਾਜਿਕ, ਰਾਜਨੀਤਿਕ ਕਮਜੋਰੀ ਆਦਿਵਾਸੀ ਸ਼ਹੀਦਾਂ ਦੇ ਪ੍ਰਚਾਰ ਪਸਾਰ ਦੇ ਆੜੇ ਆਉਂਦੀ ਰਹੀ ਹੈ। ਇਸ ਤੋਂ ਇਲਾਵਾ, ਬਹੁਤ ਘੱਟ ਲੋਕ ਜਾਣਦੇ ਹਨ ਕਿ 'ਜਲ ਜੰਗਲ ਜਮੀਨ' ਦਾ ਪ੍ਰਸਿੱਧ ਨਾਅਰਾ ਜਿਸ ਦਾ ਜਿਕਰ ਆਦਿਵਾਸੀ ਲਹਿਰਾਂ ਵਿੱਚ ਹੁੰਦਾ ਆਇਆ ਹੈ, ਇਹ ਪਹਿਲਾਂ ਕੋਰਮਾਮ ਭੀਮ ਨੇ ਦਿੱਤਾ ਸੀ। ਨਿਜ਼ਾਮ ਰਾਜ ਦੇ ਵਿਰੁੱਧ ਆਪਣੀ ਲਹਿਰ ਵਿਚ, ਉਸਨੇ ਦਲੀਲ ਦਿੱਤੀ ਕਿ ਜੰਗਲਾਤ ਦੇ ਸਾਰੇ ਸਰੋਤਾਂ 'ਤੇ ਪੂਰਨ ਅਧਿਕਾਰ ਆਦਿਵਾਸੀਆਂ ਨੂੰ ਦਿੱਤੇ ਜਾਣੇ ਚਾਹੀਦੇ ਹਨ।

ਕੋਮਰਾਮ ਭੀਮ ਗੋਂਡ ਭਾਈਚਾਰੇ ਨਾਲ ਸਬੰਧਤ ਸਨ, ਅਤੇ ਉਸਦਾ ਜਨਮ ਅਦੀਲਾਬਾਦ ਜ਼ਲ੍ਹਿੇ ਦੇ ਸੰਕੇਪੱਲੀ, ਤੇਲੰਗਾਨਾ ਵਿੱਚ 1900 ਵਿੱਚ ਹੋਇਆ ਸੀ। ਅਦੀਲਾਬਾਦ ਜ਼ਲ੍ਹਿਾ ਉੱਤਰ ਤੇਲੰਗਾਨਾ ਵਿੱਚ ਸਥਿਤ ਹੈ, ਮਹਾਂਰਾਸ਼ਟਰ ਰਾਜ ਨਾਲ ਸਰਹੱਦ ਉਪਰ ਹੈ। ਇਹ ਖੇਤਰ ਮੁੱਖ ਤੌਰ ਤੇ ਗੋਂਡਾਂ (ਐਸਟੀ) ਦੁਆਰਾ ਆਬਾਦ ਕੀਤਾ ਗਿਆ ਸੀ, ਅਤੇ ਚਾਂਡਾ (ਚੰਦਰਪੁਰ) ਅਤੇ ਬੱਲਾਲਪੁਰ ਦੀ ਗੋਂਡ ਕਿੰਗਡਮ ਦੀ ਪ੍ਰਭੂਸੱਤਾ ਦੇ ਅਧੀਨ ਰਿਹਾ ਹੈ। ਭੀਮ ਦਾ ਬਚਪਨ ਦਲਿਤ ਬੱਚਿਆਂ ਦੀ ਤਰਾਂ ਹੀ ਸੀ। ਉਸਦੀ ਕੋਈ ਸਕੂਲੀ ਸਿੱਖਿਆ ਨਹੀਂ ਹੋਈ, ਅਤੇ ਉਹ ਆਪਣੇ ਲੋਕਾਂ ਦੀਆਂ ਮੁਸੀਬਤਾਂ ਨੂੰ ਵੇਖਦਾ ਅਤੇ ਅਨੁਭਵ ਕਰਦਾ ਵੱਡਾ ਹੋਇਆ। "ਭੀਮ ਜੰਗਲਾਤ ਪੁਲਿਸ, ਕਾਰੋਬਾਰੀਆਂ ਅਤੇ ਜ਼ਮੀਂਦਾਰਾਂ ਦੁਆਰਾ ਗੋਂਡ ਅਤੇ ਕੋਲਾਮ ਆਦਿਵਾਸੀਆਂ ਦੇ ਸ਼ੋਸ਼ਣ ਦੀਆਂ ਕਹਾਣੀਆਂ ਸੁਣ ਕੇ ਜਵਾਨੀ ਵਿੱਚ ਪੈਰ ਧਰਿਆ ਸੀ। ਕਾਰੋਬਾਰੀਆਂ ਅਤੇ ਅਧਿਕਾਰੀਆਂ ਦੀ ਲੁੱਟ ਅਤੇ ਸ਼ੋਸ਼ਣ ਤੋਂ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਇੱਕ ਜਗ੍ਹਾ ਤੋਂ ਦੂਜੀ ਥਾਂ ਭਟਕਦਾ ਰਿਹਾ।

ਜਿੱਥੇ ਵੀ ਜਾਕੇ ਉਹਨਾ ਮਿਹਨਤ ਕਰ ਕਾਸ਼ਤਕਾਰੀ ਕੀਤੀ, ਉਹਨਾ ਦੀਆਂ ਪੈਦਾ ਹੋਈਆਂ ਫਸਲਾਂ, ਨਿਜ਼ਾਮ ਅਧਿਕਾਰੀਆਂ ਨੇ ਉਹਨਾ ਦੀ ਲੁੱਟ ਕੀਤੀ, ਇਹ ਦਲੀਲ ਦਿੱਤੀ ਕਿ ਜ਼ਮੀਨ ਉਨ੍ਹਾਂ ਦੀ ਹੈ, ਵਿਰੋਧ ਕਰਨ ਉਤੇ ਉਨ੍ਹਾਂ ਨੇ ਆਦਿ-ਵਾਸੀਆਂ ਦੇ ਬੱਚਿਆਂ ਦੀਆਂ ਉਂਗਲੀਆਂ ਕੱਟ ਦਿਤੀਆਂ ਅਤੇ ਇਲਜਾਮ ਇਹ ਲਾਇਆ ਗਿਆ ਉਨ੍ਹਾਂ ਨੇ ਗੈਰਕਾਨੂੰਨੀ ਤੌਰ 'ਤੇ ਦਰੱਖਤ ਵੱਢਣ ਦੀ ਕੋਸ਼ਿਸ਼ ਕੀਤੀ। ਮਾਲੀਆ/ ਟੈਕਸ ਜ਼ਬਰਦਸਤੀ ਇਕੱਠਾ ਕੀਤਾ ਜਾਂਦਾ, ਨਹੀਂ ਤਾਂ ਝੂਠੇ ਕੇਸ ਦਰਜ ਕੀਤੇ ਜਾਂਦੇ ਸਨ। ਇਸੇ ਹਾਲਾਤ ਕਾਰਨ ਉਹ ਲੋਕ ਆਪਣੇ ਪਿੰਡਾਂ ਨੂੰਛੱਡ ਕੇ ਬਾਹਰ ਜਾਣੇ ਸ਼ੁਰੂ ਹੋ ਗਏ ਸਨ। ਅਜਿਹੀ ਸਥਿਤੀ ਵਿੱਚ, ਉਸ ਦੇ ਪਿਤਾ ਨੂੰ ਜੰਗਲਾਤ ਦੇ ਅਧਿਕਾਰੀਆਂ ਨੇ ਆਦਿਵਾਸੀਆਂ ਦੇ ਅਧਿਕਾਰਾਂ ਲਈ ਲੜਨ ਦੇ ਕਾਰਨ ਮਾਰ ਦਿੱਤਾ ਸੀ। ਭੀਮ ਆਪਣੇ ਪਿਤਾ ਦੀ ਹੱਤਿਆ ਤੋਂ ਪ੍ਰੇਸ਼ਾਨ ਸੀ ਅਤੇ ਪਿਤਾ ਦੀ ਮੌਤ ਤੋਂ ਬਾਅਦ ਉਸ ਦਾ ਪਰਿਵਾਰ ਸਨਕੇਪੱਲੀ ਤੋਂ ਸਰਦਾਪੁਰ ਚਲਿਆ ਗਿਆ।

1928 ਅਕਤੂਬਰ ਮਹੀਨੇ ਵਿਚ, ਇਕ ਦਿਨ ਪਟਵਾਰੀ ਲਕਸ਼ਮਣ ਰਾਓ, ਨਿਜ਼ਾਮ ਪੱਤਦਾਰ ਸਿੱਦਿਕ 10 ਵਿਅਕਤੀਆਂ ਦੇ ਨਾਲ ਆਏ ਅਤੇ ਵਾਢੀ ਦੇ ਸਮੇਂ, ਗੋਂਡਾਂ ਨੂੰ ਟੈਕਸ ਅਦਾ ਕਰਨ ਲਈ ਬਦਸਲੂਕੀ ਕਰਦੇ ਤੰਗ ਪ੍ਰੇਸ਼ਾਨ ਕਰਨ ਲੱਗੇ। ਗੋਂਡਾਂ ਨੇ ਵਿਰੋਧ ਕੀਤਾ ਅਤੇ ਇਸ ਲੜਾਈ ਵਿਚ ਸਿੱਦਿਕ,ਕੌਮਰਾਮ ਭੀਮ ਦੇ ਹੱਥੋਂ ਮਾਰਿਆ ਗਿਆ। ਉਹ ਵਾਰਦਾਤ ਤੋਂ ਬਾਅਦ ਆਪਣੇ ਦੋਸਤ ਕੌਸਲ ਨਾਲ ਸਰਤਾਪੁਰ ਤੋਂ ਚੰਦਾ /ਚੰਦਰਪੁਰ ਨੂੰ ਭੱਜ ਗਿਆ। ਵਿਟੋਬਾ ਨਾਮ ਦੇ ਇਕ ਪ੍ਰਿੰਟਿੰਗ ਪ੍ਰੈਸ ਮਾਲਕ ਨੇ ਮਦਦ ਕੀਤੀ ਅਤੇ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਤੋਂ ਆਪਣੇ ਨਾਲ ਲੈ ਗਿਆ ਸੀ। ਵਿਟੋਬਾ ਉਸ ਸਮੇਂ ਅੰਗਰੇਜ਼ੀ ਅਤੇ ਨਿਜ਼ਾਮ ਦੇ ਵਿਰੁੱਧ ਇੱਕ ਅਖਵਾਰ ਚਲਾ ਰਿਹਾ ਸੀ। ਭੀਮ ਨੇ ਵਿਟੋਬਾ ਦੇ ਨਾਲ ਠਹਿਰਨ ਦੌਰਾਨ ਥੋੜੀ ਬਹੁਤ ਅੰਗ੍ਰੇਜ਼ੀ, ਹਿੰਦੀ, ਉਰਦੂ ਸਿੱਖੀ। ਵਿਟੋਬਾ ਨੂੰ ਦੇਸ਼ ਧਰੋਹ ਦੇ ਮਾਮਲੇ ਵਿੱਚ ਥੋੜ੍ਹੀ ਦੇਰ ਬਾਅਦ, ਪੁਲਿਸ ਨੇ ਗ੍ਰਿਫਤਾਰ ਕਰ ਲਿਆ ਅਤੇ ਪ੍ਰੈਸ ਨੂੰ ਬੰਦ ਕਰ ਦਿੱਤਾ ਗਿਆ। ਉਥੋਂ ਭੀਮ ਅਸਾਮ ਵਿੱਚ ਉਸ ਵਿਅਕਤੀ ਨਾਲ ਚਾਹ ਦੇ ਖੇਤਾਂ ਵਿੱਚ ਕੰਮ ਕਰਨ ਲਈ ਗਿਆ ਸੀ ਜਿਹੜਾ ਉਸ ਨੂੰ ਮੰਚਰੀਅਲ ਰੇਲਵੇ ਸਟੇਸ਼ਨ ਤੇ ਮਿਲਿਆ ਸੀ। ਉਸਨੇ ਉਥੇ ਸਾਢੇ ਚਾਰ ਸਾਲ ਕੰਮ ਕੀਤਾ, ਜਿਥੇ ਉਸਨੇ ਚਾਹ ਦੀ ਕਾਸ਼ਤਕਾਰੀ ਦੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਅਧਿਕਾਰਾਂ ਲਈ ਮਾਲਕਾਂ ਦੇ ਸ਼ੋਸ਼ਣ ਦਾ ਵਿਰੋਧ ਜਤਾਇਆ ਅਤੇ ਇਸ ਸੰਘਰਸ਼ ਦੌਰਾਨ ਉਸਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਚਾਰ ਦਿਨਾਂ ਬਾਅਦ, ਭੀਮ ਜੇਲ੍ਹ ਵਿਚੋਂ ਬਾਹਰ ਆਇਆ। ਅਸਾਮ ਰੇਲਵੇ ਸਟੇਸ਼ਨ ਤੋਂ, ਉਹ ਇਕ ਮਾਲ ਗੱਡੀ ਵਿਚ ਚੜ੍ਹ ਕੇ ਬਲਹ-ਾਰਸ਼ਾਹ ਆਇਆ। ਜਦੋਂ ਉਹ ਅਸਾਮ ਵਿੱਚ ਸੀ, ਉਸਨੇ ਅਲੂਰੀ ਸੀਤਾਰਾਮਰਾਜੂ ਬਾਰੇ ਸੁਣਿਆ ਸੀ, ਜੋ ਜੰਗਲ ਵਿੱਚ ਆਦਿਵਾਸੀਆਂ ਦੇ ਸੰਘਰਸ਼ਾਂ ਦੀ ਅਗਵਾਈ ਕਰ ਰਿਹਾ ਸੀ। ਵਾਪਸ ਆਉਣ ਤੋਂ ਬਾਅਦ ਉਸਨੇ ਰਾਮਜੀ ਗੋਂਡ ਦੇ ਸੰਘਰਸ਼ਾਂ ਦੀ ਸਹਾਇਤਾ ਕੀਤੀ ਜਿਹੜੇ ਨਿਜ਼ਾਮਾਂ ਦੇ ਅੱਤਿਆਚਾਰਾਂ ਵਿਰੁੱਧ ਲੜ ਰਹੇ ਸਨ। ਉਸਨੇ ਆਦੀਵਾਸੀਆਂ ਦੇ ਭਵਿੱਖ ਦੇ ਸੰਘਰਸ਼ ਦੀ ਯੋਜਨਾਬੰਦੀ ਅਤੇ ਆਯੋਜਨ ਕਰਨਾ ਸ਼ੁਰੂ ਕਰ ਦਿੱਤਾ"।



ਮੌਜੂਦਾ ਤੇਲੰਗਾਨਾ ਰਾਜ ਉਸੇ ਸਮੇਂ ਹੈਦਰਾਬਾਦ ਰਾਜ ਦੇ ਨਿਜ਼ਾਮ ਸ਼ਾਸਨ ਦਾ ਹਿੱਸਾ ਹੁੰਦਾ ਸੀ। ਇਸ ਉੱਤੇ ਆਸਿਫ਼ਜਾਹੀ ਖ਼ਾਨਦਾਨ ਦੇ ਨਵਾਬਾਂ ਦੁਆਰਾ ਸ਼ਾਸਨ ਸੀ ਜੋ ਬਾਅਦ ਵਿੱਚ ਵਿੱਚ ਇੰਡੀਅਨ ਯੂਨੀਅਨ ਵਿੱਚ ਸ਼ਾਮਲ ਹੋ ਗਿਆ ਸੀ। ਨਿਜ਼ਾਮ ਦੇ ਸਮੇਂ ਬਹੁਤ ਭਾਰੀ ਟੈਕਸ ਲਏ ਜਾਂਦੇ ਸਨ ਅਤੇ ਸ਼ੋਸ਼ਣ ਅਤੇ ਸਥਾਨਕ ਜ਼ਿਮੀਂਦਾਰਾਂ ਦੇ ਅੱਤਿਆਚਾਰ ਆਦਿਵਾਸੀਆਂ ਉੱਤੇ ਬਹੁਤ ਜ਼ਿਆਦਾ ਕਰਦੇ ਸਨ। ਭੀਮ ਨੇ ਨਿਜ਼ਾਮ ਸਰਕਾਰ ਵਿਰੁੱਧ ਵਿਸ਼ਾਲ ਅੰਦੋਲਨ ਸ਼ੁਰੂ ਕੀਤਾ ਅਤੇ ਨਿਜ਼ਾਮ ਫੌਜ ਵਿਰੁੱਧ ਗੁਰੀਲਾ ਯੁੱਧ ਸ਼ੁਰੂ ਕੀਤਾ। ਜੋਢੇ ਘਾਟ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਣਾਉਂਦਿਆਂ, ਭੀਮ ਨੇ 1928 ਤੋਂ 1940 ਤੱਕ ਆਪਣੀ ਗੁਰੀਲਾ ਜੰਗ ਜਾਰੀ ਰੱਖੀ।

ਅਸਾਮ ਵਾਪਸੀ ਤੋਂ ਬਾਅਦ ਉਹ ਆਪਣੀ ਮਾਂ ਅਤੇ ਭਰਾ ਸੋਮੂ ਨਾਲ ਕਾਕਾਘਾਟ ਚਲਾ ਗਿਆ ਸੀ। ਉਸਨੇ ਲੱਛੂ ਪਟੇਲ ਲਈ ਕੰਮ ਕੀਤਾ ਜੋ ਦੇਵਦਮ ਪਿੰਡ ਦਾ ਮੁਖੀਆ ਸੀ। ਲੱਛੂ ਨੇ ਭੀਮ ਦਾ ਸੋਮ ਬਾਈ ਨਾਲ ਵਿਆਹ ਕਰਵਾਉਣ ਇਸ ਸਹਾਇਤਾ ਕੀਤੀ। ਭੀਮ ਨੇ ਲੱਛੂ ਨੂੰ ਆਸਿਫਾਬਾਦ ਵਿੱਚ ਜ਼ਮੀਨੀ ਮੁਕੱਦਮਾ ਸੁਲਝਾਉਣ ਵਿਚ ਸਹਾਇਤਾ ਕੀਤੀ। ਇਸ ਘਟਨਾ ਨੇ ਉਸਨੂੰ ਆਸ ਪਾਸ ਦੇ ਪਿੰਡਾਂ ਵਿੱਚ ਮਸ਼ਹੂਰ ਕਰ ਦਿੱਤਾ ਸੀ। ਕੁਝ ਸਮੇਂ ਬਾਅਦ ਭੀਮ ਆਪਣੇ ਪ੍ਰਵਾਰਕ ਮੈਂਬਰਾਂ ਨਾਲ ਭਾਬੇਜਰੀ ਚਲਾ ਗਿਆ ਅਤੇ ਫਿਰ ਤੋਂ ਖੇਤੀ ਲਈ ਜ਼ਮੀਨ ਸਾਫ਼ ਕੀਤੀ, ਫਸ਼ਲ ਬੀਜੀ। ਪਟਵਾਰੀ ਜੰਗਲਾਤ ਚੌਕੀਦਾਰ ਦੁਬਾਰਾ ਫਸ਼ਲ ਦੀ ਕਟਾਈ ਦੇ ਸਮੇਂ ਆਏ, ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਅਤੇ ਧਮਕੀ ਦਿੱਤੀ ਕਿ ਇਹਨਿਜ਼ਾਮ ਸਰਕਾਰ ਦੀ ਜ਼ਮੀਨ ਹੈ। ਭੀਮ ਨੇ ਆਦੀਵਾਸੀਆਂ 'ਤੇ ਹੋ ਰਹੇ ਅੱਤਿਆਚਾਰਾਂ ਅਤੇ ਨਿਆਂ ਦੀ ਮੰਗ ਕਰਨ ਲਈ ਨਿਜ਼ਾਮ ਨਾਲ ਮੁਲਾਕਾਤ ਕਰਨ ਦਾ ਫੈਸਲਾ ਕੀਤਾ ਹੈ, ਪਰ ਉਹ ਨਵਾਬ ਨਾਲ ਮੁਲਾਕਾਤ ਨਹੀਂ ਹੋ ਸਕੀ। ਉਹ ਉਮੀਦ ਨਹੀਂ ਹਾਰੀ ਪਰ ਉਹ ਜੋਡੇਘਾਟ ਵਾਪਸ ਪਰਤ ਆਇਆ, ਅਤੇ ਅਹਿਸਾਸ ਹੋਇਆ ਕਿ ਸ਼ਾਸਨ ਵਿਰੁੱਧ ਇਨਕਲਾਬ ਹੀ ਸਿਰਫ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਹੈ।

ਉਸਨੇ ਬਾਰਾਂ ਗੋਂਡੂ ਕੋਲਾਮ ਗੁਡੇਮਜ਼, ਜੋਡੇਘਾਟ, ਪਟਨਾਪੁਰ, ਭਾਬੇਜਰੀ, ਟੋਕੇਨਨਵਦਾ, ਚਲਬਰਿਦੀ, ਸ਼ਿਵਿਗੁਡਾ, ਭੀਮਗੁੰਡੀ, ਕਾਲੇ-ਗਾਓਂ, ਅੰਕੂਸਾਪੁਰ, ਨਰਸਾਪੁਰ, ਕੋਸ਼ਾਗੁਡਾ, ਲਾਈਨਪੈਟਰ ਤੋਂ ਆਦੀਵਾਸੀ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਲਾਮਬੰਦ ਕੀਤਾਅਤੇ ਉਨ੍ਹਾਂ ਦੇ ਨਾਲ ਜ਼ਮੀਨੀ ਹੱਕਾਂ ਲਈ ਵਿਰੋਧ ਪ੍ਰਦਰਸ਼ਨ ਕਰਨ ਲਈ ਇੱਕ ਗੁਰੀਲਾ ਫੌਜ ਬਣਾਈ, ਉਹਨਾ ਦਾ ਸੰਪੂਰਨ ਨਿਯੰਤਰਣ ਆਪਣੇ ਹੱਥ ਲੈ ਲਿਆ। ਉਹ ਟੈਕਸ ਆਪ ਇੱਕਠਾ ਕਰਦੇ ਸਨ। ਪਿੰਡਾਂ ਵਿੱਚ ਨਿਜਾਮਸ਼ਾਹੀ ਦੇ ਵੜਨ ਦਾ ਮਨਾਹੀ ਕਰ ਦਿਤੀ ਸੀ। ਉਸਨੇ ਆਪਣੇ ਆਪ ਨੂੰ ਨਿਰੰਤਰ ਥੱਲੇ ਗੋਂਡ ਰਾਜ ਐਲਾਨ ਕਰ ਦਿਤਾ। (ਭੀਮ ਦੀ ਵੱਖਰੇ ਗੋਂਡ ਰਾਜ ਦੀ ਮੰਗ ਗੋਂਡਾਂ ਲਈ ਖੁਦਮੁਖਤਿਆਰ ਗੋਂਡਵਾਨਾ ਰਾਜ ਦੀ ਮੰਗਾਂ ਦੀ ਲੜੀ ਵਿਚ ਪਹਿਲੀ ਸੀ)। ਉਹਨਾਂ ਪਿੰਡਾਂ ਵਿੱਚ ਉਸ ਦਾ ਹੀ ਰਾਜ ਚਲਦਾ ਸੀ। ਗੌਂਡ ਦੀ ਬਗਾਵਤ ਬਾਬੇਜਰੀ ਅਤੇ ਜੋਡੇਘਾਟ ਜ਼ਿਮੀਂਦਾਰਾਂ, ਸਾਮੰਤਾਂ'ਤੇ ਹਮਲਾ ਕਰਕੇ ਅਰੰਭ ਹੋਈ। ਇਸ ਵਿਦਰੋਹ ਬਾਰੇ ਪਤਾ ਲੱਗਣ ਤੋਂ ਬਾਅਦ ਨਿਜ਼ਾਮ ਸਰਕਾਰ ਘਬਰਾ ਗਈ ਅਤੇ ਉਸਨੇ ਆਸਿਫਾਬਾਦ ਕੁਲੈਕਟਰ ਨੂੰ ਕੋਮਰਾਮ ਭੀਮ ਨਾਲ ਗੱਲਬਾਤ ਕਰਨ ਲਈ ਭੇਜਿਆ ਅਤੇ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਵੀ ਜ਼ਮੀਨੀ ਪੱਟੇ ਦਿੱਤੇ ਜਾਣਗੇ ਅਤੇ ਵਾਧੂ ਜ਼ਮੀਨ ਖੁਦਮੁਖਤਿਆਰੀ ਕਰਨ ਲਈ ਕੋਮਰਾਮ ਭੀਮ ਨੂੰ ਦਿੱਤੀ ਜਾਵੇਗੀ। ਪਰ ਭੀਮ ਨੇ ਉਨ੍ਹਾਂ ਦੇ ਪ੍ਰਸਤਾਵ ਨੂੰ ਨਕਾਰ ਦਿੱਤਾ ਅਤੇ ਦਲੀਲ ਦਿੱਤੀ ਕਿ ਉਸਦਾ ਸੰਘਰਸ਼ ਇਨਸਾਫ ਲਈ ਹੈ ਅਤੇ ਨਿਜ਼ਾਮ ਨੂੰ ਉਨ੍ਹਾਂ ਲੋਕਾਂ ਨੂੰ ਰਿਹਾ ਕਰਨਾ ਪਏਗਾ ਜਿਨ੍ਹਾਂ ਨੂੰ ਝੂਠੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ, ਉਸੇ ਸਮੇਂ ਆਪਣਾ (ਗੋਂਡ ਖੇਤਰ) ਛੱਡ ਕੇ ਆਪਣੀ ਸਵੈ-ਸ਼ਾਸਨ ਦੀ ਮੰਗ 'ਤੇ ਜ਼ੋਰ ਦਿੱਤਾ।




ਭੀਮ ਦੇ ਜੋਸ਼ੀਲੇ ਭਾਸ਼ਣਾਂ ਨੇ ਉਨ੍ਹਾਂ ਨੂੰ ਜ਼ਮੀਨ, ਭੋਜਨ ਅਤੇ ਆਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ। ਲੋਕਾਂ ਨੇ ਆਪਣੇ ਭਵਿੱਖ ਦੀ ਰਾਖੀ ਲਈ ਆਖਰੀ ਸਾਹ ਤੱਕ ਲੜਨ ਦਾ ਫੈਸਲਾ ਲਿਆ ਹੈ। ਇਸ ਸਮੇਂ ਦੌਰਾਨ ਭੀਮ ਨੇ "ਜਲ ਜੰਗਲ ਜ਼ਮੀਨਾਂ" ਦਾ ਨਾਅਰਾ ਲਗਾਇਆ। ਨਿਜ਼ਾਮ ਸਰਕਾਰ ਨੇ ਭੀਮ ਦੀਆਂ ਮੰਗਾਂ ਨਹੀਂ ਸੁਣੀਆਂ ਅਤੇ ਗੋਂਡ ਉਤੇ ਜ਼ੁਲਮ ਜਾਰੀ ਰਿਹਾ, ਜਦੋਂ ਕਿ ਨਿਜ਼ਾਮ ਸਰਕਾਰ ਨੇ ਭੀਮ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਤਹਿਸੀਲਦਾਰ ਅਬਦੁੱਲ ਸੱਤਾਰ ਨੇ ਇਸ ਜ਼ਾਲਮ ਸਾਜਿਸ਼ ਦੀ ਅਗਵਾਈ ਕੀਤੀ ਅਤੇ ਕਪਤਾਨ ਅਲੀਰਾਜਾ ਬ੍ਰਾਂਡਾਂ ਨੂੰ 300 ਫੌਜ ਦੇ ਜਵਾਨਾਂ ਸਮੇਤ ਬਾਬੇਝਾਰੀ ਅਤੇ ਜੋੜਾ ਘਾਟ ਦੀਆਂ ਪਹਾੜੀਆਂ ਤੇ ਭੇਜਿਆ। ਨਿਜ਼ਾਮ ਸਰਕਾਰ ਉਸਨੂੰ ਅਤੇ ਉਸਦੀ ਫੌਜ ਨੂੰ ਫੜਨ ਵਿੱਚ ਅਸਫਲ ਰਹੀ। ਇਸ ਲਈ ਉਨ੍ਹਾਂ ਨੇ ਕੁਰਦ ਪਟੇਲ ਨੂੰ ਜੋ ਗੋਂਡ ਭਾਈਚਾਰੇ ਤੋਂ ਸੀ ਨੂੰਗਦਾਰੀ ਕਰਨ ਬਦਲੇ ਰਿਸ਼ਵਤ ਦਿੱਤੀ, ਉਸ ਨੂੰ ਨਿਜ਼ਾਮ ਸਰਕਾਰ ਲਈ ਭੀਮ ਦੀ ਸੈਨਾ ਦੀ ਮੁਖਬਰੀ ਕਰਨ ਦਾ ਕੰਮ ਦਿਤਾ।

1 ਸਤੰਬਰ, 1940 ਨੂੰ ਸਵੇਰੇ ਤੜਕੇ, "ਜੋੜਾਘਾਟ ਵਿੱਚ ਔਰਤਾਂ ਨੇ ਆਪਣੇ ਪਿੰਡ ਦੇ ਆਸਪਾਸ ਮੁਖਬਰੀ ਦੇ ਅਧਾਰ ਤੇ ਆਏ,ਹਥਿਆਰਬੰਦ ਪੁਲਿਸ ਮੁਲਾਜ਼ਮਾਂ ਨੂੰ ਵੇਖਿਆ ਸੀ ਜਦੋਂ ਉਹ ਕੋਮਰਾਮ ਭੀਮ ਦੀ ਭਾਲ ਵਿੱਚ ਆਏ ਸਨ। ਤਿੰਨ ਸਾਲ ਹੋ ਗਏ ਸਨ ਜਦੋਂ ਭੀਮ ਕਬਾਇਲੀ ਲੋਕਾਂ ਦੇ ਚਰਾਗਾਹਾਂ ਦੇ ਅਧਿਕਾਰਾਂ ਅਤੇ ਜੰਗਲਾਂ ਵਿਚ ਉਨ੍ਹਾਂ ਦੁਆਰਾ ਪੱਕੀਆਂ ਕੀਤੀਆਂ ਜ਼ਮੀਨਾਂ ਦੇ ਅਧਿਕਾਰ ਦੇ ਸਵਾਲ 'ਤੇ ਬਗਾਵਤ ਦੀ ਅਗਵਾਈ ਕਰ ਰਿਹਾ ਸੀ। ਭੀਮ ਜੋ ਆਪਣੇ ਮੁੱਠੀ ਭਰ ਯੋਧਿਆਂ ਨਾਲ ਜੋੜਾਘਾਟ ਵਿਖੇ ਡੇਰਾ ਲਾ ਰਖਿਆ ਸੀ, ਝੱਟ ਉਠਿਆ ਅਤੇ ਆਪਣੇ ਆਪ ਨੂੰ ਹਥਿਆਰਬੰਦ ਬਣਾ ਕੇ ਤਿਆਰ ਹੋ ਗਿਆ। ਬਹੁਤੇ ਵਿਦਰੋਹੀ ਕੁਹਾੜੀਆਂ, ਦਾਤਰੀ ਅਤੇ ਬਾਂਸ ਦੀਆਂ ਲਾਠੀਆਂ ਨਾਲ ਤਿਆਰ ਹੋ ਗਏ ਸਨ। ਆਸਿਫਾਬਾਦ ਤਾਲੁਕਦਾਰ ਅਬਦੁੱਲ ਸੱਤਾਰ, ਨਿਜ਼ਾਮ ਨੇ ਭੀਮ ਨੂੰ ਦੂਤਾਂ ਰਾਹੀਂ 2 ਸਨੇਹਾ ਭੇਜ ਕੇ ਉਸ ਨੂੰ ਆਤਮ ਸਮਰਪਣ ਕਰਨ ਲਈ ਕਿਹਾ। ਭੀਮ ਦੁਆਰਾ ਤੀਜੀ ਵਾਰ ਵੀ ਆਪਣੇ ਆਪ ਆਤਮ ਸਮਰਪਣ ਕਰਨ ਤੋਂ ਇਨਕਾਰ ਕਰਨ ਤੋਂ ਬਾਅਦ, ਸੱਤਾਰ ਨੇ ਗੋਲੀ ਚਲਾਉਣ ਦੇ ਆਦੇਸ਼ ਦਿੱਤੇ। ਕਬਾਇਲੀ ਬਾਗ਼ੀਆਂ ਕੋਲ ਲੜਾਈ ਲੜਨ ਤੋਂ ਸਿਵਾਏ ਕੋਈ ਰਾਹ ਨਹੀਂ ਸੀ। ਨਗਾੜੇ ਅਤੇ ਤੂਤੀਆਂ ਦੀ ਆਵਾਜ਼ ਨਾਲ ਯੁੱਧ ਸ਼ੁਰੂ ਹੋਇਆ।

ਗੋਂਡ ਆਦਿਵਾਸੀਆਂ ਨੇ ਬੜੇ ਜੋਸ਼ ਅਤੇ ਨੈਤਿਕ ਧਰਮ ਨਾਲ ਆਪਣੀ ਪਿੰਡਾਂ ਅਤੇ ਜਮੀਨਾਂ ਦੀ ਰਾਖੀ ਲਈ ਲੜੇ। ਉਸ ਦਿਨ ਇਸ ਸੰਘਰਸ਼ ਵਿੱਚ "ਭੀਮ ਤੋਂ ਇਲਾਵਾ ਲਗਭਗ 15 ਯੋਧਿਆਂ ਨੇ ਸ਼ਹਾਦਤ ਪ੍ਰਾਪਤ ਕੀਤੀ। "ਪੂਰਨਮਾਸ਼ੀ ਵਾਲੇ ਦਿਨ ਇਸ ਘਟਨਾ ਨੇ ਕਬਾਇਲੀਆਂ ਵਿੱਚ ਸੋਗ ਦੀ ਲਹਿਰ ਦੌੜ ਗਈ, ਸ਼ਹੀਦਾਂ ਦੀਆਂ ਲਾਸ਼ਾਂ ਨੂੰ ਬੇਰਹਿਮੀ ਨਾਲ ਸਾੜਿਆ ਗਿਆ ਸੀ। ਇਹ ਇਕ ਪੂਰੀ ਚੰਦਰਮਾ ਦੀ ਰਾਤ ਸੀ, ਜਦੋਂ ਉਸਦੇ ਸੈਂਕੜੇ ਵੀਰ ਯੋਧਿਆਂ ਨੇ ਕਮਾਨਾਂ, ਤੀਰ ਅਤੇ ਬਰਛੀਆਂ ਨਾਲ ਲੈਸ ਕੀਤਾ ਅਤੇ ਨਿਯਾਮ ਦਾ ਪੁਲਿਸ ਨੂੰਟੱਕਰ ਦਿੱਤੀ ਸੀ। ਭੀਮ ਅਤੇ ਉਸਦੇ ਯੋਧਿਆਂ ਨੇ ਬਹਾਦਰੀ ਨਾਲ ਲੜਦਿਆ ਸ਼ਹਾਦਤਾਂ ਪਾਈਆਂ।

ਮਿੱਥ ਹੈ, ਕਿ ਉਹ ਜਾਣਦੇ ਸਨ ਕਿਭੀਮ ਦੁਬਾਰਾ ਜ਼ਿੰਦਾ ਹੋ ਸਕਦਾ ਹੈ, ਇਹਉਨ੍ਹਾਂ ਨੂੰ ਡਰ ਸੀ, ਇਸ ਲਈ ਉਨ੍ਹਾਂ ਨੇ ਉਸ ਨੂੰ ਉਦੋਂ ਤਕ ਗੋਲੀਆਂ ਮਾਰਦੇ ਰਹੇ ਜਦੋਂ ਤੱਕ ਉਸਦਾ ਸਰੀਰ ਛਲਨੀ ਹੋ ਬੇਪਸ਼ਾਣ ਨਹੀਂ ਹੋ ਗਿਆ। ਉਨ੍ਹਾਂ ਨੇ ਉਸੇ ਵੇਲੇ ਉਸ ਦਾ ਸਰੀਰ ਦਰਿੰਦਗੀ ਨਾਲ ਸਾੜ ਦਿੱਤਾ। ਉਸ ਦਿਨ ਇੱਕ ਗੋਂਡਾਂ ਦਾ ਮਹਾਨ ਸਿਤਾਰਾ ਡੁੱਗ ਗਿਆ ਸੀ। ਜੰਗਲ ਵਿੱਚ ਗੌਂਡਾਂ ਦੇ ਰੋਣ ਚੀਖਣ ਨਾਲ ਕੋਹਰਾਮ ਮੱਚ ਗਿਆ ਸੀ। ਸਾਰਾ ਜੰਗਲ ਕੋਮਰਾਮ ਭੀਮ ਅਮਰ ਰਹੇ, ਭੀਮ ਦਾਦਾ ਅਮਰ ਹੈ ਵਰਗੇ ਨਾਅਰਿਆਂ ਨਾਲ ਗੂੰਜ ਉਠਿਆ ਸੀ।

ਕਈ ਦਹਾਕਿਆਂ ਦੇ ਪੱਟੇ ਦੇ ਅਧਿਕਾਰਾਂ ਲਈ ਸੰਘਰਸ਼ ਕਰਨ ਵਾਲੇ ਕੋਰਮਾਮ ਭੀਮ ਦਾ ਆਦਿਵਾਸੀ ਗੌਂਡ ਸਮਾਜ ਲਈ ਵੱਡਾ ਯੋਗਦਾਨ ਸੀ। ਉਹ ਆਦੀਵਾਸੀ ਲਹਿਰਾਂ ਲਈ ਇੱਕ ਇਨਕਲਾਬ ਦੀ ਮਿਸਾਲ ਹੈ ਅਤੇ ਆਦਿਵਾਸੀਆਂ ਪ੍ਰਤੀ ਆਪਣੇ ਰਾਸ਼ਟਰ ਅਤੇ ਆਪਣੇ ਰਾਜ ਨੂੰ ਭੁੱਲ ਚੁੱਕੇ ਸਮਾਜ ਨੂੰ ਯਾਦ ਦਿਵਾਉਂਦਾ ਰਿਹਾ ਹੈ। ਕੋਮਰਾਮ ਭੀਮ ਗੋਂਡ ਆਦਿਵਾਸੀ ਭਾਈਚਾਰੇ ਵਿਚ ਬਹੁਤ ਸਤਿਕਾਰ ਵਾਲਾ ਸਥਾਨ ਰੱਖਦਾ ਹੈ ਅਤੇ ਇਕ ਦੇਵਤਾ ਵਜੋਂ ਮੰਨਿਆ ਜਾਂਦਾ ਹੈ। ਗੋਂਡ ਹਰ ਸਾਲ ਭੀਮ ਦੀ ਬਰਸੀ ਮਨਾਉਂਦੇ ਹਨ ਅਤੇ ਇਸ ਦਿਨ, ਜੋੜੇਘਾਟ ਵਿਖੇ ਉਨ੍ਹਾਂ ਦੇ ਜੀਵਨ ਅਤੇ ਸੰਘਰਸ਼ ਨੂੰ ਯਾਦਗਾਰ ਵਜੋਂ ਮਨਾਉਣ ਲਈ ਇੱਕ ਸਮਾਗਮ ਕਰਵਾਇਆ ਜਾਂਦਾ ਹੈ। ਲੰਬੇ ਸੰਘਰਸ਼ ਤੋਂ ਬਾਅਦ, ਉਸ ਦੀ ਮੌਤ ਤੋਂ 72 ਸਾਲ ਬਾਅਦ, 2012 ਵਿਚ ਹੈਦਰਾਬਾਦ ਦੇ ਟੈਂਕ ਬੰਨ ਵਿਖੇ ਕੋਰਮਾਮ ਭੀਮ ਦੀ ਮੂਰਤੀ ਸਥਾਪਿਤ ਕੀਤੀ ਗਈ। ਕੋਮਰਾਮ ਭੀਮ ਹਮੇਸ਼ਾਂ 'ਜਲ ਜੰਗਲ ਜਮੀਨ' ਦੇ ਆਦਿਵਾਸ ਸੰਘਰਸ਼ ਲਈ ਲੀਡਰ ਅਤੇ ਆਈਕਨ ਵਜੋਂ ਬਣੇ ਰਹਿਣਗੇ।

ਇਸ ਦੇ ਹਵਾਲੇ "ਤੇਲੰਗਾਨਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ"। ਹਿੰਦੂ. ਚੇਨਈ, ਭਾਰਤ 18 ਸਤੰਬਰ 2005. 28 ਅਕਤੂਬਰ 2006 ਨੂੰ ਮੂਲ ਤੋਂ ਪੁਰਾਲੇਖ। "ਕੋਮਰਾਮ ਭੀਮ ਜੀਵਨੀ ਨੂੰ ਪਾਠਕ੍ਰਮ ਵਿੱਚ ਸ਼ਾਮਲ ਕਰਨ ਦੀ ਮੰਗ"। ਸਾਲ 2016 ਵਿੱਚ ਤੇਲੰਗਾਨਾ ਦਾ ਇੱਕ ਨਵਾਂ ਜਿਲ੍ਹੇ ਦਾ ਨਾਂ ਨਾਮ ਗੋਂਡ ਦੇ ਸ਼ਹੀਦ ਕੋਮਰਾਮ ਭੀਮ ਦੇ ਨਾਮ 'ਤੇ ਰੱਖਿਆ ਗਿਆ ਹੈ। ਆਸਿਫਾਬਾਦ ਕਸਬਾ ਇਸ ਦਾ ਜਿਲ੍ਹੇ ਦਾ ਹੈੱਡਕੁਆਰਟਰ ਹੈ। ਪਿੰਡ ਅਦਾ, ਕੋਰਮਾਮ ਭੀਮ ਮੰਡਲ,ਅਦੀਲਾਬਾਦ ਜ਼ਲ੍ਹਿਾ,ਤੇਲੰਗਾਨਾ ਵਿਖੇ ਸ੍ਰੀ ਕੋਰਮਾਮ ਭੀਮ ਪ੍ਰਾਜੈਕਟ ਇਕ ਮੱਧਮ ਜਲ ਭੰਡਾਰ ਪੇਡਾਵਾਗੂ ਨਦੀ ਉਤੇ, ਜਿਹੜੀਪ੍ਰਾਣਾਹਿਤਾ ਨਦੀ ਦੀ ਇਕ ਸਹਾਇਕ ਨਦੀ ਉਤੇ ਬਣਾਇਆ ਗਿਆ ਹੈ। ਐਸ ਐਸ ਰਾਜਮੌਲੀ ਦੀ ਫਿਲਮ ਆਰਆਰਆਰ (ਰਾਉਦਰਾਮ ਰਨਮ ਰੁਧੀਰਾਮ) ਦੀ ਟੀਮ ਵੱਲੋਂ ਬਾਹੂਬਾਲੀ ਲੜੀ ਦੇ ਨਿਰਮਾਤਾ ਦੁਆਰਾ ਜੂਨੀਅਰ ਐਨਟੀਆਰ ਨੂੰ ਲੈ ਕੇ ਤੇਲੰਗਾਨਾ ਦੇ ਸਤਿਕਾਰਤ ਕਬਾਇਲੀ ਆਗੂ ਕੋਮਰਾਮ ਭੀਮ ਦੀ ਭੂਮਿਕਾ ਵਿਚ ਦਿਖਾਇਆ ਗਿਆ ਹੈ। ਦੱਖਣੀ ਭਾਰਤ ਦੇ ਕਈ ਰਾਜਾਂ ਵਿੱਚ ਭਾਰਤ ਦੇ ਮਹਾਨ ਸਪੂਤ ਗੌਂਡਾ ਦੇ ਮਾਣ ਕੌਮਰਾਮ ਭੀਮ ਦੇ ਬੁੱਤ ਲਗੇ ਹੋਏ ਅਤੇ ਯਾਦਗਾਰਾਂ ਬਣਾਈਆਂ ਗਈਆਂ ਹਨ, ਬਹੁਤ ਸਾਰੀਆਂ ਸਮਾਜਿਕ ਜਥੇਬੰਦੀਆਂ ਉਸ ਦੇ ਨਾਂ ਉਤੇ ਕੰਮ ਕਰ ਰਹੀਆਂ ਹਨ। ਤਲੇਂਗਾਨਾ ਸਰਕਾਰ ਨੇ ਕਈ ਸਮਾਜ ਭਲਾਈ ਦੇ ਪ੍ਰੋਗਰਾਮ ਉਹਨਾ ਦੇ ਨਾਂ ਉਤੇ ਸ਼ੁਰੂ ਕੀਤੇ ਹੋਏ ਹਨ।

# ਬਹੁਜਨ ਸਮਾਜ ਨੂੰ ਕੀਤੀ ਅਪੀਲ ਦੇ ਵੱਖ-ਵੱਖ ਪ੍ਰਤੀਕਰਮ




**ਫਤਿਹਜੰਗ ਸਿੰਘ**
**ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ**
91-98726-70278


ਪਿੱਛੇ ਜਿਹੇ ਮੈਂ ਬਹੁਜਨ ਸਮਾਜ ਨੂੰ ਇਕ ਅਪੀਲ ਕੀਤੀ ਸੀ ਕਿ ਇਸ ਵਾਰੀ ਪੰਜਾਬ ਅਸੈਂਬਲੀ ਲਈ ਹੋਣ ਵਾਲੀਆਂ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਚੋਣਾਂ ਲੜਨ ਦਾ ਜੋ ਸਮਝੌਤਾ ਕੀਤਾ ਹੈ, ਉਸ ਵਿਚ ਬਹੁਜਨ ਸਮਾਜ ਬਸਪਾ ਨਾਲ ਆਪਣੇ ਗਿਲੇ-ਸ਼ਿਕਵੇ ਭੁਲਾ ਕੇ ਇਸ ਸਮਝੌਤੇ ਦੇ ਹੱਕ ਵਿਚ ਭੁਗਤੇ ਕਿਉਂਕਿ ਅਸੀਂ ਹਰ ਵਾਰੀ ਕਿਸੇ ਨਾ ਕਿਸੇ ਕਾਰਨ ਵਿਰੋਧਤਾ ਵਿਚ ਖਲੋ ਕੇ ਆਪਣੀ ਵੋਟ ਹੋਰ ਪਾਰਟੀਆਂ ਨੂੰ ਭੁਗਤਾ ਕੇ ਬਸਪਾ ਦੇ ਨੁਕਸਾਨ ਦੇ ਨਾਲ ਨਾਲ ਬਹੁਜਨ ਸਮਾਜ ਦਾ ਵੀ ਵੱਡਾ ਨੁਕਸਾਨ ਕਰ ਦਿੰਦੇ ਹਾਂ, ਜਿਸਦੇ ਫਲਸਰੂਪ ਨਾ ਬਸਪਾ ਹੀ ਅੱਗੇ ਵਧ ਸਕੀ ਹੈ ਅਤੇ ਨਾ ਹੀ ਬਹੁਜਨ ਸਮਾਜ ਦੀ ਕੋਈ ਹੋਰ ਨਵੀਂ ਤਾਕਤਵਰ ਪਾਰਟੀ ਹੋਂਦ ਵਿਚ ਆ ਸਕੀ ਹੈ। ਅਪੀਲ ਵਿਚ ਮੈਂ ਇਹ ਵੀ ਆਖਿਆ ਸੀ ਕਿ ਜਿਹਨਾਂ ਨੇ ਬਸਪਾ ਦੀ ਵਿਰੋਧਤਾ ਕਰਨੀ ਹੈ, ਉਹਨਾਂ ਕੋਲ ਅਗਲੇ ਚਾਰ-ਪੰਜ ਸਾਲ ਵਿਰੋਧਤਾ ਕਰਨ ਲਈ ਹਨ, ਜਿਹਨਾਂ ਵਿਚ ਉਹ ਵਿਰੋਧਤਾ ਵੀ ਕਰ ਸਕਦੇ ਹਨ ਅਤੇ ਬਸਪਾ ਦੇ ਮੁਕਾਬਲੇ ਕੋਈ ਨਵੀਂ ਪਾਰਟੀ ਵੀ ਬਣਾ ਕੇ ਪੇਸ਼ ਕਰ ਸਕਦੇ ਹਨ। ਇਹ ਬਸਪਾ ਲਈ ਵੀ ਅਤੇ ਬਹੁਜਨ ਸਮਾਜ ਲਈ ਵੀ ਲਾਹੇਵੰਦ ਹੋਵੇਗਾ।

ਇਸ ਸਬੰਧ ਵਿਚ ਮੈਨੂੰ ਖੁਸ਼ੀ ਹੋਈ ਕਿ ਬਹੁਜਨ ਸਮਾਜ ਦੇ ਆਮ ਵੋਟਰ ਤੋਂ ਲੈ ਕੇ ਨਵੇਂ ਤੇ ਪੁਰਾਣੇ ਸਿਰਕੱਢ ਆਗੂਆਂ ਸਮੇਤ ਬਹੁਤ ਫੋਨ ਅਤੇ ਵਟਸਐਪ ਮੈਸੇਜ ਆਏ ਹਨ ਤੇ ਇਹ ਸਿਲਸਿਲਾ ਹਾਲੇ ਤੱਕ ਵੀ ਜਾਰੀ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਬਹੁਜਨ ਸਮਾਜ ਹੁਣ ਜਾਗ ਰਿਹਾ ਹੈ ਅਤੇ ਉਹ ਕੁਝ ਸਾਰਥਕ ਕਰਨਾ ਲੋਚਦਾ ਹੈ। ਇਸੇ ਲਈ ਉਹ ਬਹੁਜਨ ਸਮਾਜ ਨਾਲ ਜੁੜੀ ਹਰ ਖਬਰ ਅਤੇ ਉਸਦੇ ਵਿਰੋਧ ਜਾਂ ਹੱਕ ਵਿਚ ਹੋਈ ਹਰ ਹਰਕਤ ਦਾ ਨੋਟਿਸ ਲੈਂਦਾ ਹੈ। ਇਹ ਅਪੀਲ ਇਕ ਸਰਵੇਖਣ ਦੇ ਤੌਰ 'ਤੇ ਵੀ ਉਭਰ ਕੇ ਸਾਹਮਣੇ ਆਈ। ਆਹਮੋ-ਸਾਹਮਣੇ ਹੋਈ ਗੱਲਬਾਤ, ਵਟਸਐਪ ਸੁਨੇਹਿਆਂ ਅਤੇ ਫੋਨ ਰਾਹੀਂ ਹੋਈ ਗੱਲਬਾਤ ਦੇ ਆਧਾਰ 'ਤੇ ਜੋ ਨਤੀਜੇ ਆਏ ਉਹ ਹੌਸਲਾ ਵਰਧਕ ਹੀ ਹਨ। ਇਹਨਾਂ ਦੇ ਆਧਾਰ 'ਤੇ ਬਹੁਜਨ ਸਮਾਜ ਦੇ ਤਿੰਨ ਖੇਮੇ ਉਭਰ ਕੇ ਸਾਹਮਣੇ ਆਏ। ਪਹਿਲਾ ਖੇਮਾ ਬਸਪਾ ਦੇ ਸਮਰਥਕਾਂ ਦਾ ਸੀ, ਜਿਸਦੀ ਗਿਣਤੀ 45 ਤੋਂ 50 ਫੀਸਦੀ ਸੀ। ਦੂਜਾ ਖੇਮਾ ਬਸਪਾ ਵਿਰੋਧੀ ਸੀ, ਇਸਦੀ ਗਿਣਤੀ 35 ਤੋਂ 40 ਫੀਸਦੀ ਸੀ। ਤੀਜਾ ਖੇਮਾ ਆਮ ਵੋਟਰ ਦਾ ਸੀ, ਜਿਸਦੀ ਗਿਣਤੀ 5 ਤੋਂ 10 ਫੀਸਦੀ ਸੀ।

ਪਹਿਲਾ ਖੇਮਾ ਬਸਪਾ ਦੇ ਸਮਰਥਕਾਂ ਦਾ ਹੋਣ ਕਾਰਨ ਕੁਦਰਤੀ ਤੌਰ 'ਤੇ ਬਹੁਤ ਖੁਸ਼ ਸੀ ਉਹਨਾਂ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦੀ ਅਪੀਲ ਸਮੇਂ ਦੀ ਲੋੜ ਅਨੁਸਾਰ ਹੈ। ਇਸ ਉਤੇ ਬਹੁਜਨ ਸਮਾਜ ਨੂੰ ਵਿਚਾਰ ਕਰਨਾ ਚਾਹੀਦਾ ਹੈ ਅਤੇ ਅਮਲ ਵਿਚ ਲਿਆਉਣਾ ਚਾਹੀਦਾ ਹੈ, ਜਿਸ ਵਿਚ ਬਹੁਜਨ ਸਮਾਜ ਦਾ ਵੀ ਭਲਾ ਹੈ ਅਤੇ ਬਹੁਜਨ ਸਮਾਜ ਪਰਟੀ ਦਾ ਵੀ ਭਲਾ ਹੈ। ਉਹਨਾਂ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਜਾਰੀ ਰਹਿਣੀਆਂ ਚਾਹੀਦੀਆਂ ਹਨ। ਦੂਜਾ ਖੇਮਾ ਬਸਪਾ ਵਿਰੋਧੀਆਂ ਦਾ ਸੀ ਤੇ ਕੁਦਰਤੀ ਤੌਰ 'ਤੇ ਉਹਨਾਂ ਬਸਪਾ ਦੇ ਨੁਕਸ ਦੱਸ-ਦੱਸ ਕੇ ਜਾਂ ਗਠਜੋੜ ਦੇ ਨੁਕਸਾਨ ਦੱਸ ਕੇ ਹੀ ਗੱਲ ਕਰਨੀ ਸੀ। ਕੁਝ ਤਾਂ ਬਹੁਤ ਨਰਾਜ਼ ਸਨ ਤੇ ਲੰਮੀ ਚੌੜੀ ਵਾਰਤਾਲਾਪ ਤੋਂ ਬਾਅਦ ਵੀ ਨਹੀਂ ਮੰਨੇ। ਉਹਨਾਂ ਨਾਲ ਸਿਲਸਿਲਾ ਜਾਰੀ ਹੈ ਅਤੇ ਕੁਝ ਨੂੰ ਬੈਠ ਕੇ ਗੱਲਬਾਤ ਕਰਨ ਲਈ ਰਾਜ਼ੀ ਵੀ ਕਰ ਲਿਆ ਗਿਆ ਹੈ। ਕੁਝ ਅਜਿਹੇ ਵੀ ਸਨ ਜੋ ਆਪਣੇ ਸਵਾਲਾਂ ਦੇ ਜਵਾਬ ਲੈ ਕੇ ਸੰਤੁਸ਼ਟ ਜਾਪਦੇ ਸਨ ਤੇ ਉਹਨਾਂ ਵਿਚਾਰ ਕਰਕੇ ਇਸਤੇ ਚੱਲਣ ਦਾ ਮੰਨ ਬਣਾ ਲਿਆ। ਕੁਝ ਮੌਕੇ ਤੇ ਹੀ ਮੰਨ ਵੀ ਗਏ ਤੇ ਉਹਨਾਂ ਨੇ ਅੱਗੋਂ ਹੋਰ ਸਾਥੀਆਂ ਨਾਲ ਵੀ ਸਲਾਹ ਮਸ਼ਵਰੇ ਕਰਨ ਲਈ ਆਖਿਆ। ਤੀਜਾ ਖੇਮਾ ਆਮ ਵੋਟਰਾਂ ਦਾ ਸੀ। ਉਹਨਾਂ ਦਾ ਇਕੋ ਸਵਾਲ ਸੀ ਕਿ ਬੱਸ ਜਿਵੇਂ ਕਿਵੇਂ ਅਸੀਂ ਵੱਧ ਤੋਂ ਵੱਧ ਸੀਟਾਂ ਜਿੱਤ ਜਾਈਏ ਤਾਂ ਜੋ ਵਿਰੋਧੀਆਂ ਨੂੰ ਦੱਸ ਸਕੀਏ ਕਿ ਅਸੀਂ ਜਿੱਤ ਵੀ ਸਕਦੇ ਹਾਂ। ਕਿਉਂਕਿ ਉਹਨਾਂ ਦੇ ਕਹਿਣ ਅਨੁਸਾਰ ਵਿਰੋਧੀ ਉਹਨਾਂ ਦਾ ਮਖੌਲ ਉਡਾਉਂਦੇ ਹਨ ਕਿ ਹਰ ਵਾਰ ਤੁਸੀਂ ਰੌਲਾ ਬਹੁਤ ਪਾਉਂਦੇ ਹੋ ਪਰ ਜਿੱਤਦੇ ਹੈ ਨਹੀਂ। ਇਨ੍ਹਾਂ ਨੂੰ ਅਪੀਲ ਬਹੁਤ ਸਾਰਥਕ ਲੱਗੀ ਅਤੇ ਖੁਸ਼ੀ ਜਾਹਿਰ ਕੀਤੀ।

ਕੁਝ ਚਿਰ ਪਹਿਲਾਂ ਇਕ ਪੁਰਾਣੇ ਸਾਥੀ ਵੱਲੋਂ ਸੱਦੀ ਇਕ ਮੀਟਿੰਗ ਵਿਚ ਜਾਣ ਦਾ ਸਬੱਬ ਬਣਿਆ। ਉਹ ਆਪਣੀ ਇਕ ਰਾਜਨੀਤਿਕ ਪਾਰਟੀ ਸਮੇਤ ਬਹੁਜਨ ਸਮਾਜ ਦੀਆਂ ਕਈ ਜਥੇਬੰਦੀਆਂ ਲੰਮੇ ਸਮੇਂ ਤੋਂ ਚਲਾ ਰਹੇ ਹਨ। ਉਤਰੀ ਭਾਰਤ ਦੇ ਰਾਜਾਂ ਦੇ ਮੁੱਖ ਕਾਰਜਕਰਤਾਵਾਂ ਦੀ ਇਹ ਸਾਂਝੀ ਮੀਟਿੰਗ ਸੀ। ਪ੍ਰਧਾਨ ਨੇ ਅਖੀਰ ਵਿਚ ਅਗਲੇ ਦਹਾਕੇ ਲਈ ਆਪਣੇ ਪ੍ਰੋਗਰਾਮ ਤੋਂ ਜਾਣੂ ਕਰਵਾਇਆ। ਫਿਰ ਉਹਨਾਂ ਕੋਈ ਸਵਾਲ ਪੁੱਛਣ ਲਈ ਆਖਿਆ ਤਾਂ ਮੈਂ ਆਗਿਆ ਲੈ ਕੇ ਉਹਨਾਂ ਨੂੰ ਨਿਮਰਤਾ ਪੂਰਵਕ ਕਿਹਾ ਕਿ ਤੁਸੀਂ ਲੱਗਭੱਗ ਚਾਰ ਦਹਾਕਿਆਂ ਦੇ ਲੰਮੇ ਸਮੇਂ ਤੋਂ ਬਹੁਜਨ ਸਮਾਜ ਲਈ ਕੰਮ ਕਰ ਰਹੇ ਹੋ ਅਤੇ ਇਕ ਤੋਂ ਬਾਅਦ ਇਕ ਪ੍ਰੋਗਰਾਮ ਵੀ ਦਿੰਦੇ ਆ ਰਹੇ ਹੋ ਜੋ ਕਿ ਵਧੀਆ ਗੱਲ ਹੈ। ਨਿਸ਼ਚੇ ਹੀ ਤੁਹਾਡੇ ਇਹ ਪ੍ਰੋਗਰਾਮ ਬਹੁਜਨ ਸਮਾਜ ਦੀਆਂ ਗੈਰ-ਰਾਜਨੀਤਿਕ ਜੜ੍ਹਾਂ ਬਣਾਉਣ ਲਈ ਜ਼ਰੂਰੀ ਵੀ ਹਨ ਕਿਉਂਕਿ ਇਹਨਾਂ ਤੋਂ ਹੀ ਅੱਗੇ ਰਾਜਨੀਤਿਕ ਜੜ੍ਹਾਂ ਮਜ਼ਬੂਤ ਬਣਦੀਆਂ ਹਨ। ਤੁਹਾਡੀ ਇਹ ਰਣਨੀਤੀ ਮੈਂ ਵੀ ਸਮਝਦਾ ਹਾਂ ਅਤੇ ਇਹ ਇਕੱਤਰ ਹੋਏ ਕਾਰਜਕਰਤਾ ਵੀ ਸਮਝਦੇ ਹਨ। ਪਰ ਦੂਜੇ ਪਾਸੇ ਬਹੁਗਿਣਤੀ ਆਮ ਜਨਤਾ ਹੈ ਜੋ ਡੂੰਘੀਆਂ ਗੱਲਾਂ ਨਹੀਂ ਸਮਝ ਸਕਦੀ। ਉਹ ਕਿਸੇ ਜਥੇਬੰਦੀ ਵੱਲੋਂ ਰਾਜਨੀਤਿਕ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ ਤੋਂ ਹੀ ਉਸਦੀ ਪ੍ਰਗਤੀ ਨਾਪਦੀ ਹੈ। ਉਹ ਇੰਨੀ ਲੰਮੀ (ਅੱਧੀ ਸਦੀ) ਇੰਤਜ਼ਾਰ ਨਹੀਂ ਕਰ ਸਕਦੇ। ਉਹ ਥੱਕ ਜਾਂਦੇ ਹਨ, ਨਿਰਾਸ਼ ਹੋ ਜਾਂਦੇ ਹਨ ਅਤੇ ਇਹ ਸੋਚ ਕੇ ਕਿ ਇਹਨਾਂ ਦਾ ਕੋਈ ਮੈਂਬਰ ਜਿੱਤਦਾ ਤਾਂ ਹੈ ਨਹੀਂ ਫਿਰ ਵੋਟ ਖਰਾਬ ਕਿਉਂ ਕਰਨੀ ਹੈ ਤੇ ਉਹ ਹੋਰ ਕਿਤੇ ਭੁਗਤ ਜਾਂਦੇ ਹਨ। ਇਸ ਲਈ ਮੈਂ ਬੇਨਤੀ ਕੀਤੀ ਕਿ ਆਮ ਵੋਟਰ ਨੂੰ ਸਰਗਰਮ ਰੱਖਣ ਲਈ, ਆਪਣੇ ਨਾਲ ਨਾਲ ਤੋਰਨ ਲਈ ਜ਼ਰੂਰੀ ਹੈ ਕਿ ਬਹੁਜਨ ਸਮਾਜ ਦੀਆਂ ਹੋਰ ਜਥੇਬੰਦੀਆਂ/ਪਾਰਟੀਆਂ ਨਾਲ ਮਿਲ ਕੇ ਅਜਿਹੇ ਪ੍ਰੋਗਰਾਮ ਉਲੀਕੇ ਜਾਣ ਕਿ ਕੁਝ ਸੀਟਾਂ ਜਿੱਤ ਕੇ ਵਿਖਾਈਆਂ ਜਾਣ। ਪ੍ਰਧਾਨ ਇਸ ਗੱਲ ਨਾਲ ਸਹਿਮਤ ਹੋਏ।

ਮੇਰੀ ਅਪੀਲ ਦੇ ਪ੍ਰਤੀਕਰਮ ਵਜੋਂ ਜੋ ਵੀ ਫੋਨ ਵਿਰੋਧੀ ਖੇਮੇ ਵੱਲੋਂ ਆਏ ਉਹ ਪਹਿਲਾਂ ਬਸਪਾ ਅਤੇ ਗੱਠਜੋੜ ਦੀ ਆਲੋਚਨਾ ਤੋਂ ਸ਼ੁਰੂ ਕਰਦੇ ਸਨ। ਮੈਂ ਉਹਨਾਂ ਨੂੰ ਇਹੀ ਬੇਨਤੀ ਕੀਤੀ ਕਿ ਮੇਰੀ ਅਪੀਲ ਦੀ ਮੁਢਲੀ ਗੱਲ ਹੀ ਇਹ ਹੈ ਕਿ ਜੋ ਕੁਝ ਹੁਣ ਸਾਡੇ ਕੋਲ ਸਾਹਮਣੇ ਹੈ; ਅਰਥਾਤ ਬਸਪਾ ਤੇ ਅਕਾਲੀ ਦਲ ਦਾ ਗੱਠਜੋੜ ਹੈ, ਇਸ ਤੋਂ ਅੱਗੇ ਦੱਸੋ ਕੀ ਹੋ ਸਕਦਾ ਹੈ ਜਿਸ ਨਾਲ ਬਹੁਜਨ ਸਮਾਜ ਦਾ ਭਲਾ ਹੋਵੇ। ਇਹ ਆਲੋਚਨਾ ਕਰਨ ਦਾ ਸਮਾਂ ਨਹੀਂ ਹੈ। ਜਿਸਨੇ ਆਲੋਚਨਾ ਕਰਨੀ ਸੀ, ਉਹ ਪਿਛਲੇ ਸਮੇਂ ਵਿਚ ਕਰ ਚੁੱਕਿਆ ਅਤੇ ਜੇ ਕਿਸੇ ਨੇ ਹੋਰ ਕਰਨੀ ਹੈ, ਉਹ ਵੀ ਅਗਲੇ ਪੰਜ ਸਾਲ ਫਿਰ ਕਰ ਸਕਦਾ ਹੈ ਪਰ ਹੁਣ ਤਾਂ ਸਮਾ ਬਸਪਾ ਦੇ ਹੱਕ ਵਿਚ ਭੁਗਤਣ ਦਾ ਹੈ। ਆਪਣੇ ਆਪ ਤੋਂ ਅਤੇ ਆਪਣੀ ਜਥੇਬੰਦੀ ਤੋਂ ਉਪਰ ਉਠ ਕੇ ਜੇ ਅਸੀਂ ਆਪਣੇ ਬਹੁਜਨ ਸਮਾਜ ਦੇ ਹਿੱਤ ਵਿਚ ਸੋਚਾਂਗੇ ਤਾਂ ਹੁਣ ਸਿਰਫ ਇਹੀ ਰਸਤਾ ਬਚਦਾ ਹੈ। ਅੱਜ ਸਮੇਂ ਦੀ ਇਹੀ ਲੋੜ ਹੈ। ਅੱਜ ਬਹੁਜਨ ਸਮਾਜ ਕੋਲ ਸਿਆਸੀ ਪਿੜ ਵਿਚ ਕਹਿਣ ਨੂੰ ਇਹ ਇਕੋ ਇਕ ਪਾਰਟੀ ਹੈ, ਜਿਸਨੂੰ ਤਕੜਾ ਬਣਾਏ ਰੱਖਣਾ ਬਹੁਤ ਜ਼ਰੂਰੀ ਹੈ। ਜਿਸਨੂੰ ਕਮੀਆਂ ਪੇਸ਼ੀਆਂ ਲੱਗਦੀਆਂ ਹਨ, ਉਹ ਉਹਨਾਂ ਨੂੰ ਦੂਰ ਕਰਨ ਲਈ ਬੇਸ਼ੱਕ ਅਗਲੇ ਸਮੇਂ ਵਿਚ ਸਾਹਮਣੇ ਆਵੇ ਅਤੇ ਨਵੀਂ ਪਾਰਟੀ ਵੀ ਜੰਮ ਜੰਮ ਬਣਾਵੇ ਪਰ ਹੁਣ ਅਜਿਹਾ ਸਮਾਂ ਨਹੀਂ। ਇੰਡੀ ਵੀ ਕੀ ਦੁਸ਼ਮਣੀ ਹੈ ਜੋ ਬਹੁਜਨ ਸਮਾਜ ਦੇ ਹਿੱਤ ਵਿਚ ਵਾਰੀ ਨਹੀਂ ਜਾ ਸਕਦੀ? ਇਹ ਰਾਜਨੀਤਿਕ ਦੁਸ਼ਮਣੀਆਂ ਹੁੰਦੀਆਂ ਹਨ ਜੋ ਕੋਈ ਵੀ ਨਾ ਸਦੀਵੀ ਹੁੰਦੀ ਹੈ ਨਾ ਘਾਤਕ ਹੋਣੀ ਚਾਹੀਦੀ ਹੈ। ਕੱਲ੍ਹ ਨੂੰ ਜਦੋਂ ਕੋਈ ਹੋਰ ਪਾਰਟੀ ਬਣਾਏਗਾ ਤਾਂ ਆਪਸ ਵਿਚ ਅਦਲਾ ਬਦਲੀਆਂ ਹੋਣਗੀਆਂ। ਇਹ ਸਗੋਂ ਇਕ ਚੰਗਾ ਸੰਕੇਤ ਹੈ। ਮਨੂੰਵਾਦ ਕੋਲ ਕਿੰਨੀਆਂ ਪਾਰਟੀਆਂ ਹਨ। ਉਹ ਵੋਟਰ ਨੂੰ ਤੇ ਆਗੂਆਂ ਨੂੰ ਬਾਹਰ ਨਹੀਂ ਜਾਣ ਦਿੰਦਾ, ਬੱਸ ਇਹਨਾਂ ਪਾਰਟੀਆਂ ਵਿਚ ਹੀ ਘੁੰਮਾਉਂਦਾ ਰਹਿੰਦਾ ਹੈ। ਕੀ ਅਸੀਂ ਨਹੀਂ ਇਹੋ ਜਿਹਾ ਸਿਸਟਮ ਤਿਆਰ ਕਰ ਸਕਦੇ ਕਿ ਬਹੁਜਨ ਸਮਾਜ ਦਾ ਵੋਟਰ ਜਾਂ ਆਗੂ ਨਰਾਜ਼/ਅਸੰਤੁਸ਼ਟ ਹੋ ਕੇ ਮਨੂੰਵਾਦੀਆਂ ਕੋਲ ਜਾਣ ਦੀ ਬਜਾਏ ਬਹੁਜਨ ਸਮਾਜ ਦੇ ਦਾਇਰੇ ਵਿਚ ਹੀ ਰਹੇ। ਇਹ ਸਿਸਟਮ ਭਵਿੱਖ ਵਿਚ ਬਣ ਜਾਵੇ ਤਾਂ ਲਾਹੇਵੰਦ ਸਾਬਤ ਹੋ ਸਕਦਾ ਹੈ ਪਰ ਹੁਣ ਅਸੀਂ ਬਸਪਾ ਨੂੰ ਹੀ ਤਕੜਾ ਕਰੀਏ। ਮੈਨੂੰ ਇਕ ਦੇਸੀ ਪਰ ਬੜੀ ਮਹੱਤਵਪੂਰਨ ਅਖੌਤ ਯਾਦ ਆ ਰਹੀ ਹੈ। ਜੱਟਾਂ ਵਿਚ ਇਕ ਗੋਤ ਹੈ ਚੱਠੇ। ਇਹਨਾਂ ਵਿਚ ਇਹ ਅਖੌਤ ਪ੍ਰਚੱਲਿਤ ਹੈ ਜੋ ਉਹ ਆਮ ਆਖਦੇ ਹਨ ''ਅਸੀਂ ਹੁੰਦੇ ਆਂ ਚੱਠੇ, ਵੇਖਣ ਨੂੰ ਅਸੀਂ ਵੱਖਰੇ ਵੱਖਰੇ ਪਰ ਲੜਨ ਭਿੜਨ ਨੂੰ ਕੱਠੇ''। ਅਸੀਂ ਇਸ ਤੋਂ ਸਬਕ ਲੈ ਸਕਦੇ ਹਾਂ।

ਇਕ ਗੱਲ ਹੋਰ ਯਾਦ ਆ ਗਈ। ਕਿਸੇ ਵਧੀਆ ਪੇਂਟਰ ਨੇ ਇਕ ਖੂਬਸੂਰਤ ਔਰਤ ਦੀ ਤਸਵੀਰ ਬਣਾਈ ਅਤੇ ਉਸਨੂੰ ਲੋਕਾਂ ਦੀ ਰਾਇ/ਤਾਰੀਫ ਲਈ ਚੌਰਾਹੇ ਵਿਚ ਇਕ ਸਟੈਂਡ ਤੇ ਰੱਖ ਦਿੱਤਾ। ਤਸਵੀਰ ਦੇ ਹੇਠਾਂ ਉਸਨੇ ਲਿਖ ਕੇ ਰੱਖ ਦਿੱਤਾ ਕਿ ਜੋ ਕੋਈ ਵੀ ਇਸ ਤਸਵੀਰ ਵਿਚ ਕੋਈ ਨੁਕਸ ਲੱਭੇ ਤਾਂ ਕਿਰਪਾ ਕਰਕੇ ਉਥੇ ਨਿਸ਼ਾਨ ਲਾ ਦੇਵੇ। ਸ਼ਾਮ ਨੂੰ ਪੇਂਟਰ ਨੇ ਆ ਕੇ ਵੇਖਿਆ ਤਾਂ ਉਸ ਸੁੰਦਰ ਔਰਤ ਦੀ ਤਸਵੀਰ ਉਤੇ ਨਿਸ਼ਾਨੀਆਂ ਲਾ ਲਾ ਕੇ ਲੋਕਾਂ ਨੇ ਉਸਨੂੰ ਭੂਤਨੀ ਬਣਾ ਦਿੱਤਾ ਸੀ। ਕਿਸੇ ਨੇ ਅੱਖਾਂ 'ਤੇ, ਕਿਸੇ ਨੇ ਬੁੱਲ੍ਹਾਂ 'ਤੇ, ਕਿਸੇ ਨੇ ਨੱਕ ਉਤੇ ਅਤੇ ਕਿਸੇ ਨੇ ਕਿਤੇ ਨਿਸ਼ਾਨ ਲਾ ਲਾ ਕੇ ਆਪਣਾ ਨੁਕਸ ਕੱਢਣ ਦਾ ਹੁਨਰ ਪੇਸ਼ ਕਰ ਦਿੱਤਾ। ਪੇਂਟਰ ਇਹ ਵੇਖ ਕੇ ਬਹੁਤ ਨਿਰਾਸ਼ ਹੋਇਆ। ਫਿਰ ਉਸਨੂੰ ਲੋਕਾਂ ਦੀ ਆਦਤ ਉਤੇ ਇਕ ਫੁਰਨਾ ਫੁਰਿਆ। ਉਸਨੇ ਉਹੀ ਤਸਵੀਰ ਨਿਸ਼ਾਨੀਆਂ ਸਾਫ ਕਰਕੇ ਫਿਰ ਤੋਂ ਅਗਲੇ ਦਿਨ ਉਸੇ ਚੌਰਾਹੇ 'ਤੇ ਰੱਖ ਦਿੱਤੀ। ਇਸ ਵਾਰੀ ਉਸਨੇ ਉਸਦੇ ਹੇਠਾਂ ਇਹ ਲਿਖਿਆ, 'ਜੋ ਕੋਈ ਵੀ ਇਸ ਵਿਚ ਕੋਈ ਨੁਕਸ ਲੱਭੇ ਉਸਨੂੰ ਕਿਰਪਾ ਕਰਕੇ ਠੀਕ ਕਰ ਦੇਵੇ।' ਉਸਨੇ ਰੰਗ ਤੇ ਬੁਰਸ਼ ਵੀ ਨਾਲ ਹੀ ਰੱਖ ਦਿੱਤੇ। ਸ਼ਾਮ ਨੂੰ ਆ ਕੇ ਵੇਖਿਆ ਤਾਂ ਤਸਵੀਰ ਉਵੇਂ ਹੀ ਸਾਫ ਸੁਥਰੀ ਸੀ। ਕੋਈ ਨਿਸ਼ਾਨ ਨਹੀਂ ਸੀ ਲੱਗਿਆ ਹੋਇਆ। ਮੇਰੇ ਖਿਆਲ ਵਿਚ ਇਹ ਉਦਾਹਰਣ ਆਪਣੇ ਆਪ ਵਿਚ ਸਪਸ਼ਟ ਹੈ।

ਮੇਰੀ ਅਪੀਲ ਦੇ ਪ੍ਰਤੀਕਰਮ ਵਜੋਂ ਜੋ ਸਵਾਲ ਹੋਰ ਉਭਰ ਕੇ ਸਾਹਮਣੇ ਆਏ ਮੈਂ ਸਵਾਲ ਕਰਤਾ ਦਾ ਨਾਂ ਲਏ ਬਗੈਰ ਉਹਨਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰ ਰਿਹਾ ਹਾਂ ਤਾਂ ਜੋ ਹੋਰ ਵੀ ਜਿਨ੍ਹਾਂ ਦਾ ਇਸ ਤਰ੍ਹਾਂ ਦਾ ਰਲਦਾ ਮਿਲਦਾ ਸਵਾਲ ਹੈ, ਉਹਨਾਂ ਨੂੰ ਵੀ ਜਵਾਬ ਮਿਲ ਜਾਵੇ। ਨਾਂ ਜ਼ਰੂਰੀ ਨਹੀਂ। ਕਈਆਂ ਨੇ ਗੁਪਤ ਰੱਖਣ ਲਈ ਵੀ ਆਖਿਆ ਸੀ ਤੇ ਕਈਆਂ ਨੇ ਨਾਂ ਸਮੇਤ ਖੁੱਲ੍ਹ ਕੇ ਲਿਖਣ ਲਈ ਵੀ ਆਖਿਆ। ਮੈਂ ਆਪਣੇ ਤੌਰ ਤੇ ਸਾਰਿਆਂ ਦੇ ਨਾਂ ਹੀ ਗੁਪਤ ਰੱਖ ਲਏ ਹਨ। ਸਵਾਲ ਕਰਨ ਵਾਲੇ ਆਪ ਸਮਝ ਜਾਣਗੇ ਕਿ ਇਹ ਜਵਾਬ ਉਹਨਾਂ ਲਈ ਹੈ। ਇਕ ਅਹਿਮ ਸਵਾਲ ਸਾਹਮਣੇ ਆਇਆ, ''ਲੁਟੇਰਿਆਂ ਅਤੇ ਠੱਗਾਂ ਨਾਲ ਸਮਝੌਤਾ ਕਿੱਧਰ ਲਿਜਾਵੇਗਾ, ਸਮਝਣਾ ਔਖਾ ਨਹੀਂ।'' ਕੀ ਤੁਸੀਂ ਦੱਸ ਸਕਦੇ ਹੋ ਕਿ ਜੇ ਇਹ ਨਹੀਂ ਤਾਂ ਹੋਰ ਕਿਸ ਨਾਲ ਸਮਝੌਤਾ ਕਰਨਾ ਚਾਹੀਦਾ ਸੀ? ਇਹ ਮੇਰਾ ਸਵਾਲ ਹੈ। ਦਰਅਸਲ ਬਸਪਾ ਨੇ ਇਕੱਲਿਆਂ ਲੜ ਕੇ ਵੀ ਵੇਖਿਆ, ਯੂ. ਪੀ. ਵਿਚ ਭਾਜਪਾ ਅਤੇ ਸਪਾ ਨਾਲ ਵੀ ਵੱਖਰੇ ਵੱਖਰੇ ਸਮਝੌਤੇ ਕੀਤੇ। ਪੰਜਾਬ ਵਿਚ ਵੀ ਕਿਸੇ ਵੇਲੇ ਅਕਾਲੀ ਦਲ ਨਾਲ ਸਮਝੌਤਾ ਕੀਤਾ ਸੀ ਜੋ ਬੇਹੱਦ ਸਫਲ ਰਿਹਾ ਸੀ। ਹੁਣ ਰਾਜਨੀਤਿਕ ਪਿੜ ਵਿਚ ਜੋ ਕੁਝ ਉਪਲਬਧ ਸੀ, ਉਹਨਾਂ ਵਿਚੋਂ ਬਸਪਾ ਨੂੰ ਜੋ ਲਾਹੇਵੰਦ ਜਾਪਿਆ ਉਸ ਨਾਲ ਹੀ ਸਮਝੌਤਾ ਕਰਨਾ ਸੀ। ਬਸਪਾ ਤਰ੍ਹਾਂ-ਤਰ੍ਹਾਂ ਦੀਆਂ ਪਾਰਟੀਆਂ ਨਾਲ ਸਮਝੌਤਾ ਕਰਕੇ, ਨਵੇਂ ਨਵੇਂ ਤਜਰਬਿਆਂ ਨਾਲ ਇੱਥੇ ਤੱਕ ਪੁੱਜੀ ਹੈ। ਹੋਰ ਕਿਸੇ ਉਭਰ ਰਹੀ ਨਵੀਂ ਪਾਰਟੀ ਨੂੰ ਇੱਥੇ ਤੱਕ ਪੁੱਜਣ ਲਈ ਹਾਲੇ ਸਮਾਂ ਲੱਗੇਗਾ। ਹਰ ਪਾਰਟੀ ਨੂੰ ਇਹਨਾਂ ਤਜਰਬਿਆਂ ਵਿਚੋਂ ਗੁਜ਼ਰਨਾ ਹੀ ਪਵੇਗਾ। ਇਸ ਸਬੰਧ ਵਿਚ ਕਿਸੇ ਵੀ ਸਥਾਪਤ ਪਾਰਟੀ ਦੀ ਉਦਾਹਰਣ ਲਈ ਜਾ ਸਕਦੀ ਹੈ। ਰਾਜਨੀਤੀ ਵਿਚ ਕਦੇ ਵੀ ਹਮੇਸ਼ਾ ਦੋ ਤੇ ਦੋ ਚਾਰ ਨਹੀਂ ਹੁੰਦੇ, ਕਦੇ ਤਿੰਨ ਰਹਿ ਜਾਂਦੇ ਹਨ ਤੇ ਕਦੇ ਪੰਜ ਵੀ ਬਣ ਜਾਂਦੇ ਹਨ। ਨਾ ਕੋਈ ਪੱਕਾ ਦੁਸ਼ਮਣ ਹੁੰਦਾ ਹੈ ਨਾ ਕੋਈ ਪੱਕਾ ਦੋਸਤ। ਅੱਜ ਦਾ ਦੁਸ਼ਮਣ ਕੱਲ੍ਹ ਦਾ ਦੋਸਤ ਅਤੇ ਕੱਲ੍ਹ ਦਾ ਦੁਸ਼ਮਣ ਅੱਜ ਦਾ ਦੋਸਤ ਵੀ ਹੋ ਸਕਦਾ ਹੈ। ਮਨੂੰਵਾਦੀ ਪਾਰਟੀਆਂ ਦੀ ਆਲੋਚਨਾ ਕਰਦਿਆਂ ਵੀ ਕਾਂਸ਼ੀ ਰਾਮ ਜੀ ਵੇਲੇ ਭਾਜਪਾ ਤੇ ਬਸਪਾ ਦਾ ਸਮਝੌਤਾ ਹੋਇਆ ਸੀ। ਕਾਂਗਰਸ ਦੇ ਵੱਡੇ ਆਲੋਚਕ ਹੁੰਦਿਆਂ ਵੀ ਬਾਬਾ ਸਾਹਿਬ ਨੇ ਕਾਂਗਰਸ ਸਰਕਾਰ ਵਿਚ ਵਜ਼ੀਰ ਰਹਿ ਕੇ ਸੰਵਿਧਾਨ ਨਿਰਮਾਣ ਦਾ ਮਹਾਨ ਕਾਰਜ ਕੀਤਾ ਸੀ। ਅਸਲ ਵਿਚ ਸਮਝੌਤੇ ਕਰਨ ਲਈ ਪਹਿਲਾਂ ਆਪ ਮਜ਼ਬੂਤ ਹੋਣਾ ਚਾਹੀਦਾ ਹੈ ਜਾਂ ਸਮਝੌਤਾ ਕਰ ਕਰ ਕੇ ਮਜ਼ਬੂਤ ਹੋਣਾ ਹੈ, ਇਹ ਸਮੇਂ ਅਨੁਸਾਰ ਸਾਨੂੰ ਸਿੱਖਣਾ ਪਵੇਗਾ। ਦੁਸ਼ਮਣੀ, ਦੋਸਤੀ, ਸਮਝੌਤੇ, ਵਿਰੋਧਤਾ ਇਹਨਾਂ ਦੀ ਰਾਜਨੀ-ਤਿਕ ਇਬਾਰਤ ਲਿਖਣੀ ਸਿੱਖਣੀ ਪਵੇਗੀ। ਇਸ ਸਬੰਧ ਵਿਚ ਇਹ ਵਿਚਾਰ ਕਿੰਨਾ ਢੁਕਵਾਂ ਹੈ ਕਿ, 'ਦੁਸ਼ਮਣੀ ਕਰਨੀ ਹੈ ਤਾਂ ਜੰਮ ਕੇ ਕਰੋ ਪਰ ਖਿਆਲ ਇੰਨਾ ਰਹੇ ਕਿ ਜਦੋਂ ਮੁੜ ਇਕੱਠੇ ਹੋਈਏ ਤਾਂ ਫਿਰ ਸ਼ਰਮਿੰਦਾ ਨਾ ਹੋਣਾ ਪਵੇ।''

ਮੈਂ ਅਪੀਲ ਵਿਚ ਸਰਵਾਈਵਲ ਆਫ ਦਾ ਫਿਟੈਸਟ ਦੀ ਗੱਲ ਕੀਤੀ ਸੀ। ਅਰਥਾਤ ਜੋ ਤਕੜਾ ਹੈ ਉਹ ਜਿੰਦਾ ਹੈ। ਇਹ ਮੇਰਾ ਨਹੀਂ ਪ੍ਰਸਿੱਧ ਵਿਗਿਆਨੀ ਡਾਰਵਿਨ ਦਾ ਸਿਧਾਂਤ ਹੈ ਜੋ ਉਸਨੇ ਕੁਦਰਤ ਅਤੇ ਦੁਨੀਆਂ ਸਿਰਜਣ ਦੀ ਕਾਰਜ ਪ੍ਰਣਾਲੀ ਵਿਚ ਸਥਾਪਤ ਕੀਤਾ ਅਤੇ ਹਾਲੇ ਤੱਕ ਚੈਲਿੰਜ ਨਹੀਂ ਹੋਇਆ। ਜੋ ਜੀਵ-ਜੰਤੂ ਜਾਂ ਪੌਦੇ ਆਪਣੇ ਵਰਤਮਾਨ ਵਿਚ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਵਿਚ ਤਕੜਾ ਰਹਿ ਕੇ ਆਪਣੇ ਜੀਣ ਦੇ ਜ਼ਰੂਰੀ ਹਾਲਾਤ ਪੈਦਾ ਨਹੀਂ ਕਰ ਸਕਿਆ, ਉਸਨੇ ਹੌਲੀ ਹੌਲੀ ਖਤਮ ਹੋ ਜਾਣਾ ਹੈ। ਜਿਸਨੇ ਇਹ ਸਾਧਨ ਪੈਦਾ ਕਰ ਲਏ, ਉਸ ਦੀਆਂ ਅਗਲੀਆਂ ਪੀੜ੍ਹੀਆਂ ਤੁਰਦੀਆਂ ਰਹੀਆਂ ਹਨ ਅਤੇ ਤੁਰਦੀਆਂ ਰਹਿਣਗੀਆਂ। ਕਿੰਨੀਆਂ ਹੀ ਨਸਲਾਂ, ਕਿਸਮਾਂ ਇਸ ਸਿਧਾਂਤ ਅਨੁਸਾਰ ਖਤਮ ਹੋ ਗਈਆਂ ਤੇ ਕਿੰਨੀਆਂ ਹੋਰ ਹੋਂਦ ਵਿਚ ਆ ਕੇ ਜਿਉਂਦੀਆਂ ਵੀ ਆ ਰਹੀਆਂ ਹਨ। ਇਹੀ ਸਿਧਾਂਤ ਹਰ ਸਖਸ਼ ਜਾਂ ਜਥੇਬੰਦੀ ਜਾਂ ਪਾਰਟੀ ਤੇ ਵੀ ਢੁੱਕਦਾ ਹੈ। ਪਾਰਟੀ ਨੂੰ ਸਮੇਂ ਦੇ ਹਾਣ ਦੀ ਬਣਨ ਲਈ ਕਈ ਇਮਤਿਹਾਨਾਂ ਅਤੇ ਤਜਰਬਿਆਂ ਵਿਚੋਂ ਗੁਜ਼ਰ ਕੇ ਆਪਣੀ ਹੋਂਦ ਬਰਕਰਾਰ ਰੱਖਣ ਅਤੇ ਤਾਕਤਵਰ ਬਣਨ ਲਈ ਕੁਝ ਲੋੜੀਂਦੀਆਂ ਸੋਧਾਂ ਅਪਣਾਉਣੀਆਂ ਪੈਣਗੀਆਂ। ਨਾ ਅਪਣਾਉਣ ਦੀ ਸੂਰਤ ਵਿਚ ਉਹ ਹਾਸ਼ੀਏ ਤੇ ਜਾ ਸਕਦੀ ਹੈ।

ਮੈਂ ਅਪੀਲ ਵਿਚ ਦਰਸਾਇਆ ਸੀ ਕਿ ਲੰਮੇ ਸਮੇਂ ਤੋਂ ਇੰਨੀਆਂ ਹਨੇਰੀਆਂ ਅਤੇ ਝੱਖੜਾਂ ਦੇ ਬਾਵਜੂਦ ਵੀ ਬਸਪਾ ਦਾ ਕੈਡਰ ਹਾਲੇ ਕੁਝ ਬਚਿਆ ਹੋਇਆ ਹੈ ਅਤੇ ਕਿਸੇ ਚੰਗੇ ਦੀ ਆਸ ਕਰ ਰਿਹਾ ਹੈ। ਇਸਦੇ ਪ੍ਰਤੀਕਰਮ ਵਿਚ ਇਕ ਸੱਜਣ ਨੇ ਲਿਖਿਆ ਹੈ ਕਿ ''ਬਸਪਾ ਦਾ ਕੈਡਰ ਸਿਰਫ ਯੂ. ਪੀ. ਵਿਚ ਹੈ, ਪੰਜਾਬ ਵਿਚ ਸਹਿਕਦਾ ਕੈਡਰ ਹੈ। ਬਾਕੀ ਭਾਰਤ ਵਿਚ ਕੋਈ ਕੈਡਰ ਨਹੀਂ ਬਣਿਆ।'' ਇਹੀ ਤਾਂ ਮੇਰੀ ਚਿੰਤਾ ਦਾ ਵਿਸ਼ਾ ਹੈ। ਕੱਲ੍ਹ ਨੂੰ ਜੇ ਇਹ ਰਹਿੰਦਾ ਖੂੰਹਦਾ ਕੈਡਰ ਵੀ ਅਸੀਂ ਗੁਆ ਲਿਆ ਤਾਂ ਕੀ ਬਣੇਗਾ? ਅਗਲਾ ਸ਼ੇਰ ਦੂਲਾ ਕੋਈ ਹਾਲੇ ਉਠਦਾ ਜਾਪਦਾ ਨਹੀਂ। ਬਸਪਾ ਬਣਨ ਨੂੰ ਇਕ ਪੂਰਾ ਯੁੱਗ ਲੱਗ ਗਿਆ। ਹੋਰ ਕੋਈ ਪਾਰਟੀ ਉਭਰੇਗੀ ਉਸਨੂੰ ਵੀ ਇਸੇ ਪ੍ਰਕਿਰਿਆ (ਪ੍ਰੋਸੈਸ) ਵਿਚੋਂ ਗੁਜ਼ਰਨਾ ਪਵੇਗਾ ਅਤੇ ਬਸਪਾ ਦੀਆਂ ਅਖੌਤੀ ਗਲਤੀਆਂ ਦਰੁਸਤ ਕਰਕੇ ਜਨਤਾ ਦੇ ਦਰਬਾਰ ਤੋਂ ਸਵੀਕ੍ਰਿਤੀ, ਸਹਿਮਤੀ ਲੈਣੀ ਪਵੇਗੀ ਜੋ ਕਿ ਬਹੁਤ ਲੰਮਾ ਕੰਮ ਹੈ ਅਤੇ ਔਖਾ ਵੀ ਜੋ ਇਹ ਅੰਤਾਂ ਦੀ ਮਿਹਨਤ, ਸਾਵਧਾਨੀ, ਦਿਮਾਗ ਅਤੇ ਸਬਰ ਵੀ ਮੰਗਦਾ ਹੈ। ਇਸ ਤੋਂ ਬਿਨਾਂ ਜੋ ਪਾਰਟੀਆਂ ਬਰਸਾਤ ਦੇ ਖੁੰਭਾਂ ਵਾਂਗ ਉਗਣਗੀਆਂ ਤਾਂ ਨਿਸ਼ਚੇ ਹੀ ਉਹ ਧੁੱਪ ਲੱਗਦਿਆਂ ਹੀ ਸੜ ਵੀ ਜਾਣਗੀਆਂ।

ਉਪਰੋਕਤ ਨੂੰ ਮੱਦੇਨਜ਼ਰ ਰੱਖਦਿਆਂ ਮੈਂ ਇਹ ਚਾਹਿਆ ਹੈ ਕਿ ਜੋ ਸਾਡੇ ਕੋਲ ਜਿਸ ਵੀ ਹਾਲਤ ਵਿਚ ਮੌਜੂਦ ਹੈ, ਅਰਥਾਤ ਦੋ ਪਾਰਟੀਆਂ ਦਾ ਗਠਜੋੜ; ਇਸਨੂੰ ਇਵੇਂ ਹੀ ਅਪਣਾ ਲਈਏ ਅਤੇ ਬਸਪਾ ਨੂੰ ਮਜ਼ਬੂਤ ਕਰੀਏ। ਸਾਡੇ ਕੋਲ ਹੁਣ ਸਮਾਂ ਹੈ ਅਤੇ ਇਸ ਦਾ ਭਰਪੂਰ ਲਾਭ ਉਠਾਈਏ। ਜੇ ਇਹ ਖੁੰਝਾ ਦਿੱਤਾ ਤਾਂ ਫਿਰ ਪੰਜ ਸਾਲ ਕੋਈ ਅਜਿਹਾ ਮੌਕਾ ਨਹੀਂ ਆਵੇਗਾ। ਮੈਂ ਤਾਂ ਚਾਹੁੰਦਾ ਹਾਂ ਸਗੋਂ ਬਹੁਜਨ ਸਮਾਜ ਦੀਆਂ ਦੇਸ਼ ਪੱਧਰ ਦੀਆਂ ਦੋ ਤਿੰਨ ਪਾਰਟੀਆਂ ਹੋਣ ਜੋ ਇਕ-ਦੂਜੇ ਦੇ ਅਸ-ਤੁਸ਼ਟ ਕੈਡਰ ਨੂੰ ਵੀ ਸੰਭਾਲਣ ਅਤੇ ਮੌਕੇ ਤੇ ਇਕ-ਦੂਜੇ ਨਾਲ ਗੱਠਜੋੜ ਵੀ ਕਰਨ ਰਚਨਾਤਮਕ ਵਿਰੋਧਤਾ ਵੀ ਇਹੀ ਕਰਨ ਅਤੇ ਗੱਠਜੋੜ ਵੀ ਇਹੀ ਕਰਨ। ਇਸ ਵਿਚ ਨਾ ਕੁਝ ਅਸੰਭਵ ਹੈ ਅਤੇ ਨਾ ਹੀ ਹੈਰਾਨਗੀ ਵਾਲੀ ਕੋਈ ਗੱਲ ਹੈ। ਘੱਟ ਗਿਣਤੀ ਉਪਰਲਾ ਸਮਾਜ (15 ਫੀਸਦੀ) ਲੰਮੇ ਸਮੇਂ ਤੋਂ ਆਪਣੀਆਂ ਕਈ ਪਾਰਟੀਆਂ ਬਣਾ ਕੇ ਕਾਮਯਾਬੀ ਨਾਲ ਚਲਾ ਵੀ ਰਿਹਾ ਹੈ ਅਤੇ ਰਾਜਸੱਤਾ ਵੀ ਹਥਿਆ ਰਿਹਾ ਹੈ ਤਾਂ ਫਿਰ ਬਹੁਜਨ ਸਮਾਜ (85-90 ਫੀਸਦੀ) ਅਜਿਹਾ ਕਿਉਂ ਨਹੀਂ ਕਰ ਸਕਦਾ? ਕਾਂਸ਼ੀ ਰਾਮ ਜੀ ਨੂੰ ਕਹਿ-ਦਿਆਂ ਨਹੀਂ ਸੀ ਸੁਣਿਆ ਕਿ ਇਹ ਸਭ ਮਨੂੰਵਾਦੀ ਪਾਰਟੀਆਂ ਹਨ? ਵੇਖੋ, ਪਹਿਲਾਂ ਮਨੂੰਵਾਦ ਕਾਂਗਰਸ ਦੇ ਰੂਪ ਵਿਚ ਰਾਜ ਕਰਦਾ ਰਿਹਾ ਪਰ ਨਾਲ ਦੀ ਨਾਲ ਉਹ ਹੋਰ ਪਾਰਟੀਆਂ ਵੀ ਤਿਆਰ ਕਰਦਾ ਰਿਹਾ ਜੋ ਸਮੇਂ ਸਿਰ ਕਾਂਗਰਸ ਦੀ ਥਾਂ ਸੰਭਾਲ ਸਕਣ। ਭਾਜਪਾ ਜੋ ਜਨਸੰਘ ਤੋਂ ਸ਼ੁਰੂ ਹੋ ਕੇ ਜਨਤਾ ਪਾਰਟੀ ਤੇ ਫਿਰ ਭਾਰਤੀ ਜਨਤਾ ਪਾਰਟੀ ਤੱਕ ਪੁੱਜੀ, ਉਸਨੇ ਜਦੋਂ ਵੇਖਿਆ ਕਿ ਹੁਣ ਕਾਂਗਰਸ ਪ੍ਰਭਾਵਸ਼ਾਲੀ ਨਹੀਂ ਰਹੀ ਤਾਂ ਉਸਨੂੰ ਨਕਸ਼ੇ ਤੋਂ ਬਾਹਰ ਕਰਨ ਤੇ ਤੁਲ ਗਈ। ਪਰ ਹੁਣ ਜਦੋਂ ਭਾਜਪਾ ਨੇ ਰਾਜਸੱਤਾ ਵੀ ਸੰਭਾਲ ਲਈ ਤਾਂ ਉਹ ਚਾਹੁੰਦੀ ਹੈ ਕਿ ਜੇ ਕੋਈ ਵਿਰੋਧੀ ਪਾਰਟੀ ਹੋਵੇ ਤਾਂ ਉਹ ਕਾਂਗਰਸ ਹੀ ਹੋਵੇ। ਹੁਣ ਉਹ ਕਾਂਗਰਸ ਨੂੰ ਵਿਰੋਧੀ ਪਾਰਟੀ ਦੇ ਤੌਰ ਤੇ ਸੰਭਾਲਣਾ ਚਾਹੁੰਦੀ ਹੈ, ਉਸਨੂੰ ਮਰਨ ਨਹੀਂ ਦੇਵੇਗੀ। ਭਾਜਪਾ ਕਦੇ ਨਹੀਂ ਚਾਹੇਗੀ ਕਿ ਬਸਪਾ ਵਰਗੀ ਮਨੂੰਵਾਦੀ ਵਿਰੋਧੀ ਪਾਰਟੀ ਤਾਕਤ ਵਿਚ ਤਾਂ ਕੀ ਵਿਰੋਧੀ ਪਾਰਟੀ ਦਾ ਰੁਤਬਾ ਵੀ ਪ੍ਰਾਪਤ ਕਰੇ। ਇਹ ਰਾਸ਼ਟਰੀ ਪੱਧਰ ਦੀ ਗੱਲ ਹੈ। ਹੁਣ ਮੌਕਾ ਰਾਜ ਪੱਧਰ ਦਾ ਹੈ। ਜੇ ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬ ਵਿਚ ਭਾਵੇਂ ਬਹੁਗਿਣਤੀ ਦਲਿਤਾਂ ਦੀ ਹੈ ਪਰ ਅੱਜ ਤੱਕ ਦਲਿਤ ਮੁੱਖ ਮੰਤਰੀ ਨਹੀਂ ਬਣ ਸਕਿਆ। ਦੂਜੇ ਪਾਸੇ ਜੱਟ ਦਲਿਤਾਂ ਦੇ ਮੁਕਾਬਲੇ ਘੱਟ ਗਿਣਤੀ ਵਿਚ ਹਨ ਪਰ ਉਹਨਾਂ ਅਜਿਹਾ ਪ੍ਰਬੰਧ ਬਣਾ ਲਿਆ ਹੈ ਕਿ ਕੋਈ ਵੀ ਪਾਰਟੀ ਰਾਜ ਸੱਤਾ ਵਿਚ ਆਵੇ, ਮੁੱਖ ਮੰਤਰੀ ਜੱਟ ਹੀ ਬਣੇਗਾ। ਇਹ ਉਹਨਾਂ ਦੀ ਦੂਰ ਅੰਦੇਸ਼ੀ ਹੈ ਜੋ ਸਾਡੀ ਨਹੀਂ ਬਣੀ। ਅਸੀਂ ਆਪਸ ਵਿਚ ਝਗੜਨਾ ਤੇ ਆਪਸ ਵਿਚ ਹੀ ਮੁਕਾਬਲਾ ਕਰਦੇ ਰਹਿਣਾ ਹੀ ਸਿੱਖਿਆ ਹੈ। ਰਾਜ ਕਰਨਾ ਹਾਲੇ ਨਹੀਂ ਸਿੱਖਿਆ। ਹੁਣ ਜੱਟਾਂ ਨੇ ਖੇਤੀ ਕਾਲੇ ਕਾਨੂੰਨ ਰੱਦ ਕਰਵਾਉਣ ਲਈ ਤਿੰਨ ਦਰਜਨ ਵੱਖ-ਵੱਖ ਜਥੇਬੰਦੀਆਂ ਸੰਗਠਿਤ ਕਰਕੇ ਕੇਂਦਰੀ ਸਰਕਾਰ ਨੂੰ ਵਖਤ ਪਾਇਆ ਹੋਇਆ ਹੈ। ਅਸੀਂ ਕਿਉਂ ਨਹੀਂ ਸੰਗਠਿਤ ਹੋ ਕੇ ਕੋਈ ਲੜਾਈ ਲੜ ਸਕਦੇ? ਸੋ ਇਹ ਮੌਕਾ ਆਇਆ ਹੈ ਇਕੱਠੇ ਹੋਣ ਦਾ ਤੇ ਮੌਕਾ ਸੰਭਾਲ ਲੈਣਾ ਚਾਹੀਦਾ ਹੈ।

ਇਕ ਬੜੇ ਸੀਨੀਅਰ ਸੱਜਣ ਨੇ ਸਵਾਲ ਪਾਇਆ ਕਿ ਅਸੀਂ ਇਸ ਤਰ੍ਹਾਂ ਦੇ ਸਮਝੌਤੇ ਕਰਕੇ ਕਿਵੇਂ ਆਪਣੀ ਦਾਹੜੀ ਉਹਨਾਂ ਦੇ ਹੱਥ ਫੜਾ ਦਈਏ, ਜੋ ਸਾਡਾ ਪਿੰਡਾਂ ਵਿਚ ਸ਼ੋਸ਼ਣ ਕਰਦੇ ਹਨ, ਬਾਈਕਾਟ ਕਰਦੇ ਹਨ? ਦੋਸਤਾ, ਜ਼ਰਾ ਸੋਚੋ ਦਾਹੜੀ ਤਾਂ ਉਹਨਾਂ ਦੇ ਹੱਥ ਪਹਿਲਾਂ ਹੀ ਹੈ। ਮਜ਼ਦੂਰ ਹੋਰ ਜਾਵੇ ਕਿੱਥੇ? ਮਜਬੂਰੀ ਵੱਸ ਦਿਹਾੜੀ ਉਤੇ ਉਹਨਾਂ ਕੋਲ ਜਾਣਾ ਪੈਂਦਾ ਹੈ। ਸਵਾਲ ਤਾਂ ਦਾਹੜੀ ਛੁਡਵਾਉਣ ਦਾ ਹੈ, ਦਾਹੜੀ ਫੜਾਉਣ ਦਾ ਨਹੀਂ। ਅਸੀਂ ਉਹਨਾਂ ਨਾਲ ਭਾਗੀਦਾਰ ਬਣਕੇ, ਇਕ ਦੂਜੇ ਨਾਲ ਰਲ ਮਿਲ ਕੇ ਵੀ ਉਹ ਕੰਮ ਕਰਵਾ ਸਕਦੇ ਹਾਂ ਜੋ ਹੁਣ ਤੱਕ ਨਹੀਂ ਹੋਏ। ਕੀ ਇਹ ਜ਼ਰੂਰੀ ਹੈ ਕਿ ਵਿਰੋਧਤਾ ਕਰਕੇ ਹੀ ਕੰਮ ਕਰਵਾਏ ਜਾ ਸਕਦੇ ਹਨ?

ਦੂਜੀ ਗੱਲ ਹੋਰ, ਅਸੀਂ ਭਾਈਵਾਲ ਬਣ ਕੇ ਸਾਡੇ ਸਾਂਝੇ ਵੱਡੇ ਦੁਸ਼ਮਣ ਦੀ ਨਿਸ਼ਾਨਦੇਹੀ ਕਰਵਾਉਣ, ਉਸਨੂੰ ਭਜਾਉਣ ਵਿਚ ਸਹਾਈ ਹੋਣ ਵਾਲਾ ਪੈਂਤੜਾ ਵੀ ਬਣਾ ਸਕਦੇ ਹਾਂ। ਇਸ ਗੱਲ ਨੂੰ ਸਾਡੀ ਭਾਈਵਾਲ ਪਾਰਟੀ ਹੁਣ ਚੰਗੀ ਤਰ੍ਹਾਂ ਸਮਝਦੀ ਹੈ ਕਿ ਦਲਿਤਾਂ ਦੀ ਤਰ੍ਹਾਂ ਹੁਣ ਉਸਨੇ ਕਿਸਾਨਾਂ ਨੂੰ ਵੀ ਨਿਸ਼ਾਨੇ ਤੇ ਲੈ ਲਿਆ ਹੈ। ਇਸ ਸੰਘਰਸ਼ ਵਿਚ ਬਹੁਜਨ ਸਮਾਜ ਨੇ ਭਰਪੂਰ ਯੋਗਦਾਨ ਪਾਇਆ ਹੈ। ਤੁਹਾਡੇ ਆਖੇ ਅਨੁਸਾਰ ਇਸਦਾ (ਗੱਠਜੋੜ) ਬਹੁਤਾ ਫਾਇਦਾ ਭਾਈਵਾਲ ਉਠਾ ਜਾਵੇਗਾ। ਠੀਕ ਹੈ ਫਿਰ ਇਹ ਤਾਂ ਉਸਦੀ ਵਿਉਂਤਬੰਦੀ ਹੈ। ਸਾਨੂੰ ਵੀ ਇਹ ਸਿੱਖਣੀ ਪਵੇਗੀ ਤਾਂ ਜੋ ਅਸੀਂ ਵੀ ਵੱਧ ਤੋਂ ਵੱਧ ਲਾਭ ਉਠਾ ਸਕੀਏ। ਇਹੀ ਤਾਂ ਉਸ ਕਸਰਤ ਦੀਆਂ ਮੱਸ਼ਕਾਂ ਹਨ, ਜਿਸਨੇ ਪਾਰਟੀ ਅਤੇ ਬਹੁਜਨ ਸਮਾਜ ਨੂੰ ਤਕੜਾ ਕਰਨਾ ਹੈ। ਜੇ ਅਸੀਂ ਇਹ ਗੰਭੀਰਤਾ ਨਾਲ ਸਿੱਖ ਲਈਆਂ ਤਾਂ ਦੁਸ਼ਮਣ ਦੀਆਂ ਨਿੱਤ ਨਵੀਆਂ ਚਾਲਾਂ ਦਾ ਜਵਾਬ ਦੇਣ ਜੋਗੇ ਵੀ ਬਣ ਜਾਵਾਂਗੇ ਅਤੇ ਉਹਨਾਂ ਦੇ ਜਾਲ ਵਿਚ ਵੀ ਨਹੀਂ ਫਸਾਂਗੇ।

**ਬਾਕੀ ਫੇਰ।**


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਸਬੰਧੀ ਵਿਸ਼ੇਸ਼

# ਸ਼ਹੀਦ ਊਧਮ ਸਿੰਘ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ



**ਕੁਲਦੀਪ ਚੰਦ**
**91-9417563054**

ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਅਤੇ ਇਸ ਗੁਲਾਮੀ ਤੋਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਅਣਗਿਣਤ ਦੇਸ਼ਭਗਤਾਂ ਨੇ ਲੜਾਈਆਂ ਲੜੀਆਂ ਤੇ ਕੁਰਬਾਨੀਆਂ ਦਿਤੀਆਂ। ਇਨ੍ਹਾਂ ਸ਼ਹੀਦਾਂ ਵਿੱਚ ਸ਼ਹੀਦ ਊਧਮ ਸਿੰਘ ਦਾ ਨਾਮ ਵੀ ਪ੍ਰਮੁੱਖ ਹੈ ਜਿਸਨੇ 13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲਾ ਬਾਗ ਵਿੱਚ ਨਿਹੱਥੇ ਗਰੀਬ ਲੋਕਾਂ ਤੇ ਉਸ ਵੇਲੇ ਦੇ ਕੁੱਝ ਰਾਜਨੀਤੀਵਾਨਾਂ ਦੀ ਮਿਲੀਭੁਗਤ ਨਾਲ ਅੰਗਰੇਜ਼ ਸਿਪਾਹੀਆਂ ਵਲੋਂ ਚਲਾਈਆਂ ਗਈਆਂ ਗੋਲੀਆਂ ਦਾ ਬਦਲਾ 13 ਮਾਰਚ, 1940 ਨੂੰ ਇਸ ਗੋਲੀ ਕਾਂਡ ਦਾ ਹੁਕਮ ਦੇਣ ਵਾਲੇ ਗਵਰਨਰ ਸਰ ਮਾਇਕਲ ਉਡਵਾਇਰ ਨੂੰ ਲੰਡਨ ਵਿੱਚ ਮਾਰਕੇ ਲਿਆ। ਨਮੋਸ਼ੀ ਵਾਲੀ ਗੱਲ ਹੈ ਕਿ ਸ਼ਹੀਦ ਊਧਮ ਸਿੰਘ ਦੇ ਪਿਛੋਕੜ ਬਾਰੇ ਕੋਈ ਸਿੱਕੇਬੰਦ ਜਾਣਕਾਰੀ ਨਹੀਂ ਮਿਲਦੀ ਹੈ। ਵੱਖ ਵੱਖ ਭਾਈਚਾਰਿਆਂ ਦੇ ਲੋਕ ਆਪਣੇ ਭਾਈਚਾਰੇ ਊਧਮ ਸਿੰਘ ਨੂੰ ਆਪਣੇ ਆਪਣੇ ਭਾਈਚਾਰੇ ਨਾਲ ਜੋੜਨ ਦਾ ਉੱਪਰਾਲਾ ਕਰਦੇ ਰਹੇ ਹਨ, ਜਦੋਂ ਕਿ ਸ਼ਹੀਦ ਊਧਮ ਸਿੰਘ ਨੇ ਤਾਂ ਕਤਲ ਕੇਸ ਸਮੇਂ ਕਚਿਹਰੀ ਵਿੱਚ ਆਪਣਾ ਨਾਂ ਵੀ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ ਸੀ। ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ, 1899 ਨੂੰ ਉਸ ਸਮੇਂ ਦੀ ਪਟਿਆਲਾ ਰਿਆਸਤ ਦੇ ਪਿੰਡ ਸ਼ਾਹਪੁਰ ਜੋਕਿ ਹੁਣ ਸੁਨਾਮ ਸ਼ਹਿਰ ਦਾ ਇੱਕ ਹਿੱਸਾ ਹੈ ਵਿਖੇ ਇੱਕ ਦਲਿਤ ਪਰਿਵਾਰ ਵਿੱਚ ਪਿਤਾ ਚੂਹੜ ਰਾਮ ਤੇ ਮਾਤਾ ਨਾਰਾਇਣੀ ਜਿਨ੍ਹਾਂ ਦੇ ਨਾਮ ਅੰਮ੍ਰਿਤ ਛਕਣ ਤੋਂ ਬਾਦ ਟਹਿਲ ਸਿੰਘ ਅਤੇ ਹਰਨਾਮ ਕੌਰ ਰੱਖੇ ਗਏ ਦੇ ਘਰ ਹੋਇਆ। ਆਪ ਦਾ ਬਚਪਨ ਦਾ ਨਾਂ ਸ਼ੇਰ ਸਿੰਘ ਤੇ ਆਪ ਦੇ ਵੱਡੇ ਭਰਾ ਦਾ ਨਾਂ ਸਾਧੂ ਸਿੰਘ ਸੀ। ਆਪ ਦੇ ਪਿਤਾ ਰੇਲਵੇ ਫਾਟਕ ਤੇ ਚੌਂਕੀਦਾਰ ਦੀ ਨੌਕਰੀ ਕਰਦੇ ਸਨ। ਤਿੰਨ ਸਾਲ ਦੀ ਉਮਰ ਵਿੱਚ ਹੀ ਸਾਲ 1901 ਵਿੱਚ ਆਪ ਦੇ ਸਿਰ ਤੋਂ ਮਾਂ ਦਾ ਸਾਇਆ ਉੱਠ ਗਿਆ। ਸਾਲ 1907 ਵਿੱਚ ਆਪ ਦੇ ਪਿਤਾ ਅਪਣੇ ਦੋਵੇਂ ਬੱਚਿਆਂ ਨੂੰ ਲੈਕੇ ਅੰਮ੍ਰਿਤਸਰ ਦੀ ਦੀਵਾਲੀ ਵੇਖਣ ਲਈ ਚੱਲ ਪਏ। ਰਸਤੇ ਵਿੱਚ ਹੀ ਪਿਤਾ ਨੂੰ ਖਤਰਨਾਕ ਬੁਖਾਰ ਹੋ ਗਿਆ। ਉਸ ਵੇਲੇ ਭਾਈ ਛਾਂਗਾ ਸਿੰਘ ਜੀ ਦਾ ਕੀਰਤਨੀ ਜਥਾ ਉਥੇ ਪਹੁੰਚ ਗਿਆ ਅਤੇ ਉਸ ਜਥੇ ਵਿੱਚ ਸ਼ਾਮਲ ਭਾਈ ਚੈਂਚਲ ਸਿੰਘ ਨੇ ਊਧਮ ਸਿੰਘ ਦੇ ਪਿਤਾ ਨੂੰ ਇਲਾਜ਼ ਲਈ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਪਰੰਤੂ ਅਗਲੇ ਦਿਨ ਹੀ ਆਪ ਦੇ ਪਿਤਾ ਟਹਿਲ ਸਿੰਘ ਦੀ ਮੌਤ ਹੋ ਗਈ ਜਿਸ ਨਾਲ ਦੋਵੇਂ ਭਰਾ ਅਨਾਥ ਹੋ ਗਏ। ਉਸ ਸਮੇਂ ਊਧਮ ਸਿੰਘ ਦੀ ਉਮਰ ਲੱਗਭੱਗ 8 ਸਾਲ ਸੀ ਅਤੇ ਵੱਡੇ ਭਰਾ ਸਾਧੂ ਸਿੰਘ ਦੀ ਉਮਰ ਲੱਗਭੱਗ 10 ਸਾਲ ਸੀ। ਇਸਤੋਂ ਬਾਦ ਆਪ ਨੂੰ ਅਤੇ ਆਪ ਦੇ ਭਰਾ ਨੂੰ ਭਾਈ ਚੰਚਲ ਸਿੰਘ ਨੇ ਸੈਂਟਰਲ ਯਤੀਮਖਾਨੇ ਪੁਤਲੀਘਰ ਅੰਮ੍ਰਿਤਸਰ ਵਿੱਚ ਦਾਖਲ ਕਰਵਾ ਦਿੱਤਾ ਜਿੱਥੇ 1913 ਵਿੱਚ ਵੱਡੇ ਭਰਾ ਸਾਧੂ ਸਿੰਘ ਦੀ ਨਿਮੋਨੀਏ ਕਾਰਨ ਮੌਤ ਹੋ ਗਈ ਅਤੇ ਆਪ ਬਿਲਕੁੱਲ ਇਕੱਲੇ ਰਹਿ ਗਏ। 1917 ਵਿੱਚ ਆਪ ਨੇ ਦਸਵੀਂ ਪਾਸ ਕਰ ਲਈ ਅਤੇ ਉਸਤੋਂ ਬਾਦ ਆਪ ਦਾ ਮਾਮਾ ਜੀਵਾ ਆਪ ਨੂੰ ਸੁਨਾਮ ਲੈ ਗਿਆ ਤੇ ਖੇਤੀ ਦੇ ਕੰਮ ਵਿੱਚ ਲਾ ਦਿੱਤਾ, ਪਰ ਊਧਮ ਸਿੰਘ ਸੁਨਾਮ ਛੱਡ ਕੇ ਫਿਰ ਅੰਮ੍ਰਿਤਸਰ ਯਤੀਮਖਾਨੇ ਪਹੁੰਚ ਗਿਆ। ਉਸ ਸਮੇਂ ਪਹਿਲਾ ਸੰਸਾਰ ਯੁੱਧ ਚੱਲ ਰਿਹਾ ਸੀ ਅਤੇ ਉਹ ਫ਼ੌਜ ਵਿੱਚ ਭਰਤੀ ਹੋ ਗਿਆ ਤੇ ਮੁੰਬਈ ਤੋਂ ਬਸਰਾ ਪਹੁੰਚ ਗਿਆ ਪ੍ਰੰਤੂ 06 ਮਹੀਨੇ ਪਿੱਛੋਂ ਹੀ ਅੰਮ੍ਰਿਤਸਰ ਵਾਪਸ ਆ ਗਿਆ। 13 ਅਪ੍ਰੈਲ 1919 ਨੂੰ ਵਾਪਰੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਸਮੇਂ ਊਧਮ ਸਿੰਘ ਅੰਮ੍ਰਿਤਸਰ ਚੀਫ ਖਾਲਸਾ ਦੀਵਾਨ ਦੇ ਯਤੀਮਖਾਨੇ ਵਿੱਚ ਸੀ। ਕੁੱਝ ਲੇਖਕਾਂ ਨੇ ਲਿਖਿਆ ਹੈ ਕਿ ਜਲ੍ਹਿਆਂਵਾਲੇ ਬਾਗ ਵਿੱਚ ਹੋ ਰਹੇ ਜਲਸੇ ਵਿੱਚ ਸ਼ਾਮਿਲ ਲੋਕਾਂ ਨੂੰ ਪਾਣੀ ਪਿਲਾਉਣ ਵਾਲੇ ਵਲੰਟੀਅਰਾਂ ਵਿੱਚ ਊਧਮ ਸਿੰਘ ਵੀ ਸ਼ਾਮਿਲ ਸੀ ਅਤੇ ਜਦੋਂ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ ਕਹਿਰ ਵਰਤਾਇਆ ਤਾਂ ਬਾਦ ਵਿੱਚ ਮ੍ਰਿਤਕਾਂ ਦੀਆਂ ਲਾਸ਼ਾ ਲੱਭਣ ਵਿੱਚ ਵੀ ਸਹਾਇਤਾ ਕਰਦਾ ਰਿਹਾ। ਬ੍ਰਿਗੇਡੀਅਰ ਜਨਰਲ ਰੇਜੀਨਾਲਡ ਡਾਇਰ ਦੀ ਕਮਾਂਡ ਵਿੱਚ ਬ੍ਰਿਟਿਸ਼ ਇੰਡੀਅਨ ਆਰਮੀ ਦਾ ਦਸਤਾ ਜਿਸ ਵਿੱਚ 65 ਫੌਜੀ ਗੋਰਖਾ ਅਤੇ 25 ਫੌਜੀ ਬਲੋਚ ਸਨ ਨੇ ਆ ਕੇ ਸ਼ਾਤੀਪੂਰਵਕ ਚੱਲ ਰਹੇ ਜਲਸੇ ਨੂੰ ਘੇਰਾ ਪਾ ਲਿਆ। ਜਨਰਲ ਡਾਇਰ ਨੇ ਬਾਹਰ ਜਾਣ ਦੇ ਰਸਤੇ ਨੂੰ ਬੰਦ ਕਰ ਦਿੱਤਾ ਅਤੇ ਉਥੇ ਮਸ਼ੀਨਗੰਨਾਂ ਬੀੜ ਦਿੱਤੀਆਂ। ਜਨਰਲ ਡਾਇਰ ਨੇ ਬਿਨਾਂ ਕੋਈ ਚੇਤਾਵਨੀ ਦਿੱਤੇ ਹੀ ਜਲਸੇ ਉਤੇ ਫਾਈਰਿੰਗ ਦਾ ਹੁਕਮ ਦੇ ਦਿੱਤਾ। ਫੌਜ ਨੇ 10 ਮਿੰਟ ਤੱਕ ਗੋਲਾਬਾਰੀ ਕੀਤੀ ਜਿਸ ਨਾਲ ਸੈਂਕੜੇ ਨਿਹੱਥੇ ਲੋਕ ਮਾਰੇ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਜ਼ਖਮੀ ਹੋ ਗਏ। ਕੁਝ ਲੋਕਾਂ ਨੇ ਖੂਹ ਵਿੱਚ ਛਾਲਾ ਮਾਰ ਦਿੱਤੀਆਂ ਪਰ ਆਪਣੀ ਜਾਨ ਨਾ ਬਚਾ ਸਕੇ। ਕੁਝ ਲੋਕਾਂ ਨੇ ਕੰਧ ਟੱਪ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਵੀ ਗੋ-ਲੀਆਂ ਦੀ ਮਾਰ ਤੋਂ ਬਚ ਨਾ ਸਕੇ। ਇਹ ਗੋਲੀਬਾਰੀ ਉਦੋਂ ਹੀ ਖਤਮ ਹੋਈ ਜਦੋਂ ਫੌਜੀਆਂ ਦੀਆਂ ਗੋਲੀਆਂ ਖਤਮ ਹੋ ਗਈਆਂ। ਜਨਰਲ ਡਾਇਰ ਅਨੁਸਾਰ 1650 ਰਾਊਂਡ ਗੋਲੀਆਂ ਚਲਾਈਆਂ ਗਈਆਂ ਸਨ। ਖੂਹ ਵਿੱਚੋਂ 120 ਲਾਸ਼ਾਂ ਕੱਢੀਆਂ ਗਈਆਂ ਸੀ। ਇਸਤੋਂ ਬਾਅਦ ਮੁਕੰਮਲ ਕਰਫਿਊ ਲਗਾ ਦਿੱਤਾ ਗਿਆ। ਉਸ ਵੇਲੇ ਇਸ ਗੋਲੀਕਾਂਡ ਵਿੱਚ ਸ਼ਹੀਦ ਹੋਏ ਲੋਕਾਂ ਦੀ ਗਿਣਤੀ ਵੀ ਵੱਖ ਵੱਖ ਦਰਸਾਈ ਗਈ। ਅੰਗਰੇਜ਼ ਸਰਕਾਰ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਜਿਨ੍ਹਾਂ ਵਿੱਚ 337 ਪੁਰਸ਼, 41 ਨਾਬਾਲਿਗ ਲੜਕੇ ਅਤੇ 01 ਛੇ ਹਫਤੇ ਦਾ ਬੱਚਾ ਸ਼ਾਮਿਲ ਸੀ ਮਾਰੇ ਗਏ, ਸਿਵਲ ਸਰਜਨ ਡਾਕਟਰ ਵਿਲੀਅਮਜ਼ ਡੀਮੈਡੀ ਅਨੁਸਾਰ ਇਸ ਗੋਲੀਕਾਂਡ ਵਿੱਚ 1526 ਵਿਅਕਤੀ ਸ਼ਹੀਦ ਹੋਏ ਸਨ, ਇੰਡੀਅਨ ਨੈਸ਼ਨਲ ਕਾਂਗਰਸ ਅਨੁਸਾਰ ਇਨ੍ਹਾਂ ਦੀ ਗਿਣਤੀ 1500 ਤੋਂ ਵੱਧ ਦੱਸੀ ਗਈ, ਡਿਪਟੀ ਕਮਿਸ਼ਨਰ ਅਮ੍ਰਿਤਸਰ ਦੇ ਦਫਤਰ ਵਿੱਚ ਲਗਾਈ ਗਈ ਸੂਚੀ ਅਨੁਸਾਰ ਇਸ ਗੋਲੀਕਾਂਡ ਵਿੱਚ 484 ਵਿਅਕਤੀ ਸ਼ਹੀਦ ਹੋਏ ਸਨ ਜਦਕਿ ਜਲਿਆਂਵਾਲਾ ਬਾਗ ਵਿੱਚ ਸਿਰਫ 388 ਵਿਅਕਤੀਆਂ ਦੀ ਹੀ ਸੂਚੀ ਲਗਾਈ ਗਈ। ਕਈ ਲੇਖਕਾਂ ਅਨੁਸਾਰ ਪੰਜਾਬ ਦੇ ਇੱਕ ਉੱਚਕੋਟੀ ਦੇ ਰਾਜਨੇਤਾ ਨੇ ਇਸ ਗੋਲੀਕਾਂਡ ਤੋਂ ਇੱਕ ਰਾਤ ਪਹਿਲਾਂ ਜਨਰਲ ਡਾਇਰ ਨਾਲ ਸ਼ਰਾਬ ਪੀਤੀ ਸੀ ਅਤੇ ਉਸ ਵੇਲੇ ਦਰਬਾਰ ਸਾਹਿਬ ਦੇ ਮੁਖੀ ਅਰੂੜਾ ਸਿੰਘ ਨੇ ਇਸ ਗੋਲੀਕਾਂਡ ਤੋਂ ਬਾਦ ਜਨਰਲ ਡਾਇਰ ਨੂੰ ਸਿਰੋਪਾ ਦੇਕੇ ਸਨਮਾਨਿਤ ਕੀਤਾ ਸੀ। ਇਸ ਗੋਲੀ ਕਾਂਡ ਤੋਂ ਬਾਦ 30 ਮਈ, 1919 ਨੂੰ ਇਸ ਗੋਲੀ ਕਾਂਡ ਦਾ ਹੁਕਮ ਦੇਣ ਵਾਲੇ ਲੈਫਟੀਨੈਂਟ ਗਵਰਨਰ ਸਰ ਮਾਇਕਲ ਉਡਵਾਇਰ ਨੂੰ ਲੰਡਨ ਵਾਪਸ ਬੁਲਾ ਲਿਆ ਗਿਆ ਅਤੇ ਪੰਜਾਬ ਵਿੱਚ ਨਿਭਾਈਆਂ ਸੇਵਾਵਾਂ ਬਦਲੇ 20 ਹਜ਼ਾਰ ਪੌਂਡ ਇਨਾਮ ਵਜੋਂ ਦਿੱਤੇ ਗਏ ਜਿਸ ਕਾਰਨ ਸ਼ਹੀਦ ਊਧਮ ਸਿੰਘ ਦੀ ਬਦਲਾ ਲੈਣ ਦੀ ਚੰਗਿਆੜੀ ਅੱਗ ਦਾ ਭਾਂਬੜ ਬਣ ਗਈ ਅਤੇ ਅਗਲੇ 21 ਸਾਲ ਉਸ ਨੇ ਇਸ ਪ੍ਰਣ ਨੂੰ ਪੂਰਾ ਕਰਨ ਲਈ ਹੀ ਲਾਏ। ਪਹਿਲਾਂ ਊਧਮ ਸਿੰਘ ਨੇ ਯਤੀਮਖਾਨਾ ਛੱਡ ਕੇ ਚਾਰਹਾਟ ਦੀਆਂ ਪਹਾੜੀਆਂ ਤੇ ਜਾ ਕੇ 40 ਰੁਪਏ ਮਹੀਨੇ ਤੇ 8 ਨੰਬਰੀ ਕੰਪਨੀ ਵਿੱਚ ਨੌਕਰੀ ਕਰ ਲਈ, ਫਿਰ ਅਫਰੀਕਾ ਦੇ ਦੇਸ਼ ਯੁਗਾਂਡਾ ਜਾ ਕੇ ਰੇਲਵੇ ਵਰਕਸ਼ਾਪ ਵਿੱਚ 170 ਰੁਪਏ ਮਹੀਨੇ ਤੇ ਨੌਕਰੀ ਕੀਤੀ, ਦੋ ਸਾਲ ਮਗਰੋਂ ਮੁੜ੍ਹ ਅੰਮ੍ਰਿਤਸਰ ਆ ਗਿਆ, ਫਿਰ ਲੰਡਨ, ਮੈਕਸੀਕੋ ਆਦਿ ਹੁੰਦਾ ਹੋਇਆ ਯੂ.ਐਸ.ਏ. ਚਲਾ ਗਿਆ, ਮੈਕਸੀਕੋ ਤੋਂ 2 ਫਰਵਰੀ 1922 ਨੂੰ ਕੈਲੀਫੋਰਨੀਆਂ ਪਹੁੰਚਿਆ ਜਿੱਥੇ ਗਦਰੀ ਦੇਸ਼ ਭਗਤਾਂ ਨਾਲ ਸੰਪਰਕ ਹੋ ਗਿਆ। ਨਿਊਯਾਰਕ ਰਹਿਣ ਸਮੇਂ ਫਰਾਂਸ, ਬੈਲਜੀਅਮ, ਜਰਮਨੀ, ਹੰਗਰੀ, ਸਵਿਟਜ਼ਰਲੈਂਡ ਤੇ ਇਟਲੀ ਦੀ ਯਾਤਰਾ ਕੀਤੀ ਤੇ ਫਿਰ ਅਮਰੀਕਾ ਚਲਾ ਗਿਆ। ਉਥੇ ਉਹ ਆਸਟਰੇਲੀਆਂ ਜਾਣ ਵਾਲੇ ਜਹਾਜ਼ ਵਿੱਚ ਚੜ੍ਹ ਕੇ ਕਲਕੱਤਾ ਜਾ ਉਤਰਿਆ ਤੇ ਉਥੋਂ ਪੰਜਾਬ ਪਹੁੰਚ ਗਿਆ। ਅੰਮ੍ਰਿਤਸਰ ਉਸ ਕੋਲੋਂ ਪਸਤੌਲ 138 ਗੋਲੀਆਂ ਤੇ ਕ੍ਰਾਂਤੀਕਾਰੀ ਸਾਹਿਤ ਫੜਿਆ ਅਤੇ ਉਸ ਨੂੰ ਪੰਜ ਸਾਲ ਦੀ ਕੈਦ ਹੋਈ। ਉਹ 4 ਸਾਲ ਇੱਕ ਮਹੀਨੇ ਤੇ 20 ਦਿਨ ਜੇਲ੍ਹ ਵਿੱਚ ਰਹਿ ਕੇ 20 ਅਕਤੂਬਰ 1931 ਨੂੰ ਰਿਹਾਅ ਹੋਇਆ। ਇਸ ਦੌਰਾਨ ਹੀ ਸੰਨ 1929 ਵਿੱਚ ਭਗਤ ਸਿੰਘ ਨਾਲ ਮੁਲਾਕਾਤ ਹੋਈ ਜਿਸਨੇ ਉਸ ਵੇਲੇ ਅੰਗਰੇਜ਼ ਸਰਕਾਰ ਵਿਰੁੱਧ ਕੇਂਦਰੀ ਜ਼ੇਲ ਲਾਹੌਰ ਵਿੱਚ ਭੁੱਖ ਹੜਤਾਲ ਰੱਖੀ ਹੋਈ ਸੀ। ਜਦੋਂ 23 ਮਾਰਚ 1931 ਨੂੰ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਤਾਂ ਉਹ ਵੀ ਜ਼ੇਲ੍ਹ ਵਿੱਚ ਸੀ। ਸੰਨ 1931 ਵਿੱਚ ਆਪਣੀ ਸ਼ਜਾ ਪੂਰੀ ਕਰਕੇ ਉਹ ਸੁਨਾਮ ਜਾ ਕੇ ਰਹਿਣ ਲੱਗਾ ਜਿੱਥੇ ਪੁਲਿਸ ਦੁਆਰਾ ਤੰਗ ਪ੍ਰੇਸ਼ਾਨ ਕੀਤਾ ਜਾਣ ਲੱਗਾ ਅਤੇ ਦੁਬਾਰਾ ਅੰਮ੍ਰਿਤਸਰ ਆ ਕੇ ਰਹਿਣ ਲੱਗਾ ਜਿੱਥੇ ਉਸਨੇ ਪੇਂਟਰ ਦੀ ਦੁਕਾਨ ਖੋਲੀ। ਇਸ ਦੁਕਾਨ ਦਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ। ਇਹ ਨਾਮ ਉਸਦੀ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ। ਅੰਮ੍ਰਿਤਸਰ ਤੋਂ ਬਾਅਦ ਕੁਝ ਦੇਰ ਕਸ਼ਮੀਰ ਵਿੱਚ ਰਹਿਣ ਤੋਂ ਪਿੱਛੋਂ ਉਹ ਇੰਗਲੈਂਡ ਪਹੁੰਚ ਗਿਆ ਅਤੇ ਅਪਣਾ ਬਦਲਾ ਲੈਣ ਲਈ ਯੋਜਨਾ ਬਣਾਈ ਅਤੇ ਸਵਿਟਜਰਲੈਂਡ, ਜਰਮਨੀ, ਫਰਾਂਸ, ਹਾਲੈਂਡ ਆਦਿ ਹੁੰਦੇ ਹੋਏ ਆਖਿਰ 1934 ਵਿੱਚ ਲੰਡਨ ਪਹੁੰਚ ਗਿਆ। ਉਥੇ ਉਸਨੇ ਇੱਕ ਕਾਰ ਅਤੇ ਰਿਵਾਲਵਰ ਖ਼੍ਰੀਦਿਆ। ਉਸਨੇ ਇੱਕ ਕਿਤਾਬ ਨੂੰ ਕੱਟਕੇ ਉਸ ਵਿੱਚ ਅਪਣਾ ਰਿਵਾਲਵਰ ਲੁਕਾ ਲਿਆ। ਆਖਿਰਕਾਰ 13 ਮਾਰਚ 1940 ਨੂੰ ਉਹ ਦਿਨ ਆ ਗਿਆ ਜਿਸਦੀ ਊਧਮ ਸਿੰਘ ਉਡੀਕ ਕਰ ਰਿਹਾ ਸੀ। 13 ਮਾਰਚ 1940 ਨੂੰ ਸ਼ਾਮ ਦੇ ਲੱਗਭੱਗ 4:30 ਵਜੇ ਈਸਟ ਐਸੋਸੀਏਸ਼ਨ ਅਤੇ ਸੈਂਟਰਲ ਏਸ਼ੀਅਨ ਸੁਸਾਇਟੀ ਦੀ 10 ਕੈਕਸਟਨ ਹਾਲ ਲੰਡਨ ਵਿਖੇ ਮੀਟਿੰਗ ਹੋ ਰਹੀ ਸੀ। ਇਸ ਮੀਟਿੰਗ ਵਿੱਚ ਊਧਮ ਸਿੰਘ ਭੇਸ ਬਦਲ ਕੇ ਆਪਣੇ ਨਾਲ ਰਿਵਾਲਵਰ ਲਿਜਾਣ ਵਿੱਚ ਸਫਲ ਹੋਇਆ। ਜਦੋਂ ਸਰ ਮਾਈਕਲ ਉਡਵਾਇਰ ਜੋ ਜ਼ਲ੍ਹਿਆਵਾਲੇ ਬਾਗ ਦੇ ਸਾਕੇ ਦੌਰਾਨ ਪੰਜਾਬ ਦਾ ਗਵਰਨਰ ਸੀ ਮੀਟਿੰਗ ਨੂੰ ਸੰਬੋਧਨ ਕਰਨ ਲੱਗਾ ਤਾਂ ਉਸ ਨੇ ਆਪਣੇ ਰਿਵਾਲਵਰ ਵਿਚਲੀਆਂ ਛੇ ਗੋਲੀਆਂ ਉਸ ਉਪਰ ਦਾਗ ਦਿੱਤੀਆਂ। ਗੋਲੀਆਂ ਲੱਗਣ ਕਾਰਨ ਸਰ ਮਾਈਕਲ ਉਡਵਾਇਰ ਜ਼ਮੀਨ ਤੇ ਡਿੱਗ ਪਿਆ ਅਤੇ ਉਸਦੀ ਮੌਕੇ ਤੇ ਹੀ ਮੌਤ ਹੋ ਗਈ। ਲਾਰਡ ਜੈਟਲੈਂਡ ਜੋਕਿ ਭਾਰਤ ਦਾ ਸੈਕਟਰੀ ਸੀ ਗੋਲੀਆਂ ਲੱਗਣ ਨਾਲ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਇਸਤੋਂ ਬਾਦ ਸ਼ਹੀਦ ਊਧਮ ਸਿੰਘ ਨੇ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਮੌਕੇ ਤੇ ਹੀ ਗ੍ਰਿਫਤਾਰ ਹੋ ਗਿਆ। ਗ੍ਰਿਫਤਾਰੀ ਸਮੇਂ ਕਿਹਾ ਕਿ ਉਸਨੇ ਆਪਣੇ ਦੇਸ਼ ਪ੍ਰਤੀ ਆਪਣਾ ਫਰਜ਼ ਨਿਭਾਇਆ ਹੈ। ਜਦੋਂ ਉਸ ਕੋਲੋਂ ਉਸਦਾ ਨਾਮ ਪੁੱਛਿਆ ਗਿਆ ਤਾਂ ਉਸਨੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਦੱਸਿਆ। ਸਰ ਮਾਈਕਲ ਉਡਵਾਇਰ ਦੇ ਕੀਤੇ ਕਤਲ ਨੂੰ ਵਿਸ਼ਵ ਪੱਧਰ ਦੀਆਂ ਅਖਬਾਰਾਂ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਲੰਡਨ ਤੋਂ ਪ੍ਰਕਾਸ਼ਿਤ ਅਖਬਾਰ 'ਦੀ ਟਾਈਮਜ਼ ਆਫ ਲੰਡਨ' ਵਿੱਚ ਸ਼ਹੀਦ ਊਧਮ ਸਿੰਘ ਨੂੰ 'ਆਜ਼ਾਦੀ ਦਾ ਲੜਾਕਾ' ਅਤੇ ਉਸਦੇ ਕਾਰਨਾਮੇ ਨੂੰ ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ ਕਿਹਾ ਗਿਆ। ਜਰਮਨੀ ਦੇ ਰੇਡਿਓ ਤੋਂ ਵਾਰ-ਵਾਰ ਇਹੀ ਕਿਹਾ ਗਿਆ ਕਿ ਭਾਰਤੀ ਆਪਣੇ ਦੁਸ਼ਮਣਾਂ ਨੂੰ ਕਦੀ ਮਾਫ ਨਹੀਂ ਕਰਦੇ, ਉਹ ਵੀਹ ਸਾਲ ਦੇ ਲੰਮੇ ਵਕਫੇ ਤੋਂ ਬਾਅਦ ਵੀ ਉਨ੍ਹਾਂ ਨੂੰ ਮਾਰ ਮੁਕਾਉਂਦੇ ਹਨ। ਉਸ ਵੇਲੇ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਵਰਗੇ ਆਗੂਆਂ ਨੇ ਇਸਦੀ ਨਿੰਦਾ ਕੀਤੀ ਪਰ ਸੁਭਾਸ਼ ਚੰਦਰ ਬੋਸ ਦੁਆਰਾ ਇਸਦੀ ਪ੍ਰਸੰਸ਼ਾਂ ਕੀਤੀ ਗਈ। 01 ਅਪ੍ਰੈਲ 1940 ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਮਾਈਕਲ ਉਡਵਾਇਰ ਦੇ ਕਤਲ ਲਈ ਉਸਨੂੰ ਦੋਸ਼ੀ ਠਹਿਰਾਇਆ ਗਿਆ। 04 ਜੂਨ 1940 ਨੂੰ ਸੈਂਟਰਲ ਕ੍ਰਿਮੀਨਲ ਕੌਰਟ, ਓਲਡ ਬੈਲੇ ਵਿੱਚ ਜਸਟਿਸ ਐਂਟਕਨਸਨ ਦੇ ਸਾਹਮਣੇ ਉਸ ਨੇ ਆਪਣੇ ਜੁਰਮ ਦਾ ਇਕਬਾਲ ਕੀਤਾ।



ਜੱਜ ਦੁਆਰਾ ਮਾਈਕਲ ਉਡਵਾਇਰ ਦੇ ਕਤਲ ਦਾ ਕਾਰਨ ਪੁੱਛਣ ਤੇ ਜਵਾਬ ਦਿੱਤਾ ਕਿ ਉਹ ਸਾਡੇ ਦੇਸ਼ ਦਾ ਪੁਰਾਣਾ ਦੁਸ਼ਮਣ ਸੀ ਅਤੇ ਇਸ ਸਜ਼ਾ ਦਾ ਹੱਕਦਾਰ ਸੀ। ਇਸ ਪਿੱਛੋਂ ਜੱਜ ਨੇ ਉਸਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਅੱਜ ਦੇ ਦਿਨ 31 ਜੁਲਾਈ 1940 ਨੂੰ ਊਧਮ ਸਿੰਘ ਨੂੰ ਪੈਂਟੋਨਵਿਲੇ ਜ਼ੇਲ੍ਹ ਲੰਡਨ ਵਿੱਚ ਫਾਂਸੀ ਦੇ ਦਿੱਤੀ ਗਈ ਅਤੇ ਉਸਦੀ ਮ੍ਰਿਤਕ ਦੇਹ ਨੂੰ ਜ਼ੇਲ੍ਹ ਦੇ ਅੰਦਰ ਹੀ ਦਬਾ ਦਿੱਤਾ ਗਿਆ। 31 ਜੁਲਾਈ 1974 ਨੂੰ ਇੰਗਲੈਂਡ ਨੇ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਨੂੰ ਸੌਂਪ ਦਿੱਤੀਅ।

**ਅਦਾਰਾ 'ਦੇਸ਼ ਦੁਆਬਾ' ਵੱਲੋਂ ਸ਼ਹੀਦ ਊਧਮ ਸਿੰਘ ਜੀ ਨੂੰ ਭਾਵ-ਭਿੰਨੀ ਸ਼ਰਧਾਂਜਲੀ**

# ਖੇਤਾਂ ਦਾ ਰਾਜਾ



**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ: ਆਤਮਾ ਸਿੰਘ ਚਿੱਟੀ**
ਪ੍ਰਕਾਸ਼ਕ:ਪੰਜਨਦ ਪ੍ਰਕਾਸ਼ਨ ਲਾਂਬੜਾ,
ਪੰਨੇ 104, ਮੁੱਲ: 150/-

ਸ੍ਰੋਮਣੀ ਬਾਲ ਸਾਹਿਤ ਲੇਖਕ ਆਤਮਾ ਸਿੰਘ ਚਿੱਟੀ ਦੋ ਦਰਜਨ ਤੋਂ ਜ਼ਿਆਦਾ ਪੁਸਤਕਾਂ ਦੀ ਸਿਰਜਣਾ ਕਰ ਚੁੱਕੇ ਹਨ।ਉਹਨਾਂ ਦੀ ਕਲਮ ਨਿਰੰਤਰ ਵਗਦੇ ਦਰਿਆ ਵਾਂਗ ਸਦਾ ਵਗਦੀ ਰਹਿੰਦੀ ਹੈ।ਕਦੀ ਇਤਿਹਾਸ,ਕਦੀ ਵਿਅੰਗ ਤੇ ਕਦੀ ਵੰਨ ਸੁਵੰਨੇ ਗੀਤਾਂ ਦੀ ਸਿਰਜਣਾ ਵਿਚ ਜੁਟੇ ਰਹਿੰਦੇ ਹਨ।ਹਥਲੀ ਪੁਸਤਕ ਪੰਜਾਬੀ ਸੱਥ ਲਾਂਬੜਾ ਦੇ ਡਾ.ਨਿਰਮਲ ਸਿੰਘ ਅਤੇ ਮੋਤਾ ਸਿੰਘ ਸਰਾਏ ਦੇ ਯਤਨਾਂ ਨਾਲ ਪ੍ਰਕਾਸ਼ਿਤ ਹੋਈ ਹੈ।ਇਸ ਪੁਸਤਕ ਨੂੰ ਕਿਸਾਨੀ ਸੰਕਟ ਨਾਲ ਜੋੜਕੇ ਪੇਸ਼ ਕਰਨਾ ਸਮੇਂ ਦੀ ਲੋੜ ਬਣ ਗਿਆ ਹੈ। ਇਸ ਪੁਸਤਕ ਵਿਚ ਚਿੱਟੀ ਦੇ 54 ਵੰਨ ਸੁਵੰਨੇ ਗੀਤ ਦਰਜ ਹਨ।ਜਿਹੜੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਕਿਸਾਨੀ ਨਾਲ ਜੁੜੇ ਹੋਏ ਹਨ।'ਖੇਤਾਂ ਦਾ ਰਾਜਾ' ਨਾਮੀ ਪੁਸਤਕ ਵਿਚ ਕਿਸਾਨ ਅਤੇ ਉਸ ਨਾਲ ਸੰਬੰਧਤ ਕਾਮਿਆਂ ਅਤੇ ਪਰਿਵਾਰਾਂ ਦੀ ਬਾਤ ਪਾਈ ਗਈ ਹੈ।ਇਹ ਉਹ ਲੋਕ ਹਨ ਜਿਹਨਾਂ ਪੂਰੇ ਦੇਸ਼ ਨੂੰ ਅਨਾਜ਼ ਦਾ ਭੰਡਾਰ ਦਿੱਤਾ।ਦੇਸ਼ ਦੀ ਤਰੱਕੀ ਵਿਚ ਆਪਣੇ ਖੂਨ ਪਸੀਨੇ ਨਾਲ ਯੋਗਦਾਨ ਪਾਇਆ।ਦੇਸ਼ ਕੌਮ ਲਈ ਐਨੀ ਕੁਰਬਾਨੀ ਦੇ ਬਾਵਜੂਦ ਅਜ ਵੀ ਉਸਦੀ ਹਾਲਤ ਤਰਸਯੋਗ ਬਣੀ ਹੋਈ ਹੈ।ਜਿਸ ਵਾਸਤੇ ਸਮਿਆਂ ਦੇ ਹਾਕਮ ਦੋਸ਼ੀ ਗਰਦਾਨੇ ਗਏ ਹਨ।ਕਿਸਾਨੀ ਅਤੇ ਕੁਰਬਾਨੀ ਇਕ ਦੂਜੇ ਦੇ ਪੂਰਕ ਬਣੇ ਹੋਏ ਹਨ।ਕਵੀ ਨੇ ਇਹਨਾਂ ਗੀਤਾਂ ਰਾਹੀਂ ਆਮ ਜਨਤਾ ਨੂੰ ਸੁਚੇਤ ਕਰਦਿਆਂ ਕਿਸਾਨਾਂ ਦੇ ਜੀਵਨ ਦੀ ਝਲਕ ਦਿਖਾਈ ਹੈ।ਇਹ ਸਾਰੇ ਗੀਤ ਸੁਰਮਈ ਹਨ।ਇਹਨਾਂ ਵਿਚੋਂ ਬਹੁਤੇ ਗੀਤ ਕੁੱਝ ਗਾਇਕਾਂ ਨੇ ਗਾਏ ਵੀ ਹਨ।ਪਾਠਕ ਪੜ੍ਹਦੇ ਪੜ੍ਹਦੇ ਹੀ ਗੁਣਗੁਨਾਉਣ ਲੱਗ ਪੈਂਦੇ ਹਨ।ਇਹਨਾਂ ਵਿਚਲੀ ਵੰਨ ਸੁਵੰਨਤਾ ਹਰ ਕਿਸੇ ਨੂੰ ਭਾਉਂਦੀ ਹੈ।ਕਵੀ ਨੇ ਇਹਨਾਂ ਗੀਤਾਂ ਰਾਹੀਂ ਵਾਤਾਵਰਨ ਦੀ ਸਾਂਭ ਸੰਭਾਲ ਵਾਸਤੇ ਵੀ ਸਾਨੂੰ ਤਿਆਰ ਕੀਤਾ ਹੈ।ਫਸਲੀ ਚੱਕਰ ਵਿਚੋਂ ਨਿਕਲ ਕੇ ਆਰਗੈਨਿਕ ਖੇਤੀ ਅਤੇ ਆਧੁਨਿਕ ਤਕਨੀਕਸ ਨਾਲ ਖੇਤੀ ਕਰਨ ਦੀ ਸਲਾਹ ਦਿੱਤੀ ਗਈ ਹੈ।ਇਹ ਪੁਸਤਕ ਕਿਰਤੀ ਅਤੇ ਕਿਸਾਨ ਦੀ ਸਿਫਤ ਕਰਦੀ ਹੋਈ ਸਾਨੂੰ ਸਮਿਆਂ ਦੇ ਹਾਣੀ ਬਣਨ ਦੀ ਪ੍ਰੇਰਨਾ ਦਿੰਦੀ ਹੈ।ਅਸਲ ਵਿਚ ਕਵੀ ਆਤਮਾ ਸਿੰਘ ਚਿੱਟੀ ਦਾ ਮਨੋਰਥ ਇਹਨਾਂ ਗੀਤਾਂ ਰਾਹੀਂ ਜੁਆਨੀ ਅਤੇ ਕਿਸਾਨੀ ਬਚਾਉਣਾ ਹੈ।ਜਿਸ ਵਾਸਤੇ ਉਹ ਹਰ ਕਿਸੇ ਨੂੰ ਆਪਣੀ ਜ਼ਿਮ-ਮੇਵਾਰੀ ਪ੍ਰਤੀ ਸੁਚੇਤ ਕਰਦੇ ਹਨ।

## ਸ਼ਹੀਦੀ ਦਿਵਸ (31 ਜੁਲਾਈ 2021) 'ਤੇ ਵਿਸ਼ੇਸ਼

# ਕੌਮੀ ਅਣਖ ਦਾ ਸੱਤ ਸਮੁੰਦਰੋਂ ਪਾਰ ਲੋਹਾ ਮਨਵਾਉਣ ਵਾਲਾ ਸੂਰਬੀਰ ਯੋਧਾ ਸ਼ਹੀਦ ਊਧਮ ਸਿੰਘ



ਜਗਜੀਤ ਸਿੰਘ 'ਗਣੇਸ਼ਪੁਰ'
91-94655 76022

ਜਦੋਂ ਅਸੀਂ ਸਾਰੇ ਭਾਰਤ ਵਾਸੀ ਅਗਲੇ ਵਰ੍ਹੇ ਜ਼ਲਿਆਂਵਾਲੇ ਬਾਂਗ ਦੇ ਖ਼ੂਨੀ ਸਾਕੇ ਦੀ ਸ਼ਤਾਬਦੀ ਮੌਕੇ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰ ਰਹੇ ਹੋਵਾਂਗੇ ਤਾਂ ਉਸ ਸਮੇਂ ਸਾਡੇ ਦਿਲਾਂ ਅੰਦਰ ਜਿੱਥੇ ਉਸ ਜ਼ਾਲਮ ਅੰਗਰੇਜ਼ੀ ਹਕੂਮਤ ਪ੍ਰਤੀ ਗ਼ੁੱਸਾ,ਰੋਹ ਅਤੇ ਰੋਸ ਹੋਵੇਗਾ ਉੱਥੇ ਹੀ ਅਸੀਂ ਉਸ ਮਹਾਨ ਸੂਰਬੀਰ ਯੋਧੇ ਸ਼ਹੀਦ-ਏ-ਆਜ਼ਮ ਸਰਦਾਰ ਊਧਮ ਸਿੰਘ ਦੀ ਕੁਰਬਾਨੀ ਨੂੰ ਵੀ ਸਜਦਾ ਕਰਾਂਗੇ ਜਿਸ ਨੇ ਸਾਡੇ ਦੇਸ਼ ਦੀ ਅਣਖ ਗ਼ੈਰਤ ਨੂੰ ਵੰਗਾਰਨ ਵਾਲੇ ਉਸ ਹੰਕਾਰੀ ਅਫ਼ਸਰ ਨੂੰ ਸੱਤ ਸਮੁੰਦਰ ਪਾਰ ਜਾ ਕੇ ਮਾਰ ਮੁਕਾਇਆ ਸੀ।

ਸ਼ਹੀਦ ਊਧਮ ਸਿੰਘ ਜੀ ਦਾ ਜਨਮ 26 ਦਸੰਬਰ 1899 ਨੂੰ ਜ਼ਿਲ੍ਹਾ ਸੰਗਰੂਰ ਦੇ ਨਗਰ ਸੁਨਾਮ ਵਿਖੇ ਪਿਤਾ ਚੂਹੜ ਰਾਮ ਤੇ ਮਾਤਾ ਨਰਾਇਣੀ (ਅੰਮ੍ਰਿਤ ਛਕਣ ਤੋਂ ਬਾਅਦ ਇਹ ਨਾਮ ਸ. ਟਹਿਲ ਸਿੰਘ ਤੇ ਮਾਤਾ ਹਰਨਾਮ ਕੌਰ ਰੱਖ ਗਏ) ਜੀ ਦੇ ਘਰ ਕੰਬੋਜ ਪਰਿਵਾਰ ਵਿੱਚ ਹੋਇਆ।ਆਪ ਜੀ ਦੇ ਪਿਤਾ ਜੀ ਰੇਲਵੇ ਫਾਟਕ ਤੇ ਨੌਕਰੀ ਕਰਦੇ ਸਨ।ਸਰਦਾਰ ਊਧਮ ਸਿੰਘ ਜੀ ਦੇ ਬਚਪਨ ਦਾ ਨਾਮ ਸ਼ੇਰ ਸਿੰਘ ਸੀ।ਆਪ ਜੀ ਦੇ ਮਾਤਾ-ਪਿਤਾ ਆਪ ਨੂੰ ਬਚਪਨ ਵਿੱਚ ਹੀ ਸਦੀਵੀ ਵਿਛੋੜਾ ਦੇ ਗਏ।ਮਾਤਾ ਪਿਤਾ ਦੇ ਦਿਹਾਤ ਤੋਂ ਬਾਅਦ ਸ਼ੇਰ ਸਿੰਘ ਅਤੇ ਉਸਦੇ ਭਰਾ ਮੁਕਤਾ ਸਿੰਘ ਦਾ ਪਾਲਣ ਪੋਸ਼ਣ ਅੰਮ੍ਰਿਤਸਰ ਸ਼ਹਿਰ ਵਿੱਚ ਸਥਿਤ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਪੁਤਲੀਘਰ ਵਿਖੇ ਹੋਇਆ। ਇੱਥੇ ਆ ਕੇ ਸ਼ੇਰ ਸਿੰਘ ਅਤੇ ਮੁਕਤਾ ਸਿੰਘ ਦੇ ਨਵੇਂ ਨਾਮ ਊਧਮ ਸਿੰਘ ਅਤੇ ਮੁਕਤਾ ਸਿੰਘ ਰੱਖ ਦਿੱਤੇ ਗਏ। ਆਪ ਜੀ ਨੂੰ ਇਸ ਯਤੀਮਖ਼ਾਨੇ ਵਿੱਚ ਕੁਰਬਾਨੀਆਂ ਭਰਿਆ ਸਿੱਖ ਇਤਿਹਾਸ ਪੜ੍ਹਨ ਦਾ ਮੌਕਾ ਮਿਲਿਆ ਜੋ ਕਿ ਅਗਾਂਹ ਜਾਂ ਕੇ ਆਪ ਜੀ ਦੇ ਜੀਵਨ ਸੰਘਰਸ਼ ਅਤੇ ਅਜ਼ਾਦੀ ਲਹਿਰ ਵਿੱਚ ਸ਼ਹਾਦਤ ਦੇਣ ਤੱਕ ਆਪ ਦੀ ਅਗਵਾਈ ਕਰਦਾ ਰਿਹਾ।

10 ਅਪ੍ਰੈਲ 1919 ਨੂੰ ਭਾਰਤ ਸੁਤੰਤਰਤਾ ਸੈਨਾਨੀ ਸਤਿਆਪਾਲ ਅਤੇ ਡਾ.ਸੈਫੂਦੀਨ ਕਿਚਲੂ ਨੂੰ ਬ੍ਰਿਟਿਸ਼ ਸਰਕਾਰ ਵੱਲੋਂ ਬਣਾਏ ਗਏ ਕਾਲੇ ਕਾਨੂੰਨ ਰੋਲਟ ਐਕਟ ਅਧੀਨ ਗ੍ਰਿਫ਼ਤਾਰ ਕਰ ਲਿਆ ਗਿਆ। ਜਿਸ ਦੇ ਵਿਰੋਧ ਵਿੱਚ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਜਲਿਆ ਵਾਲੇ ਬਾਂਗ ਵਿਖੇ ਨਿਹੱਥੇ ਤਕਰੀਬਨ ਵੀਹ ਹਜ਼ਾਰ ਸਿੱਖ,ਹਿੰਦੂ,ਮੁਸਲਮਾਨ ਆਮ ਲੋਕ ਸ਼ਾਂਤਮਈ ਜਲਸਾ ਕਰ ਰਹੇ ਸਨ। ਸ. ਊਧਮ ਸਿੰਘ ਅਤੇ ਉਸ ਦੇ ਸਾਥੀ ਇਸ ਜਲਸੇ ਵਿੱਚ ਲੋਕਾਂ ਨੂੰ ਜਲ ਪਿਲਾਉਣ ਦੀ ਸੇਵਾ ਕਰ ਰਹੇ ਸਨ। ਸ਼ਾਮ ਦੇ 5.15 ਵਜੇ ਇਸ ਜਲਸੇ ਵਿੱਚ ਮੌਜੂਦ ਲੋਕਾਂ ਉੱਤੇ ਬਿਨਾ ਕੋਈ ਚੇਤਾਵਨੀ ਦਿੱਤੇ ਮੌਕੇ ਦੇ ਅਫ਼ਸਰ ਜਨਰਲ ਡਾਇਰ ਨੇ ਪੰਜਾਬ ਦੇ ਗਵਰਨਰ ਮਾਈਕਲ ਉਡਵਾਇਰ ਦੇ ਨਿਰਦੇਸ਼ਾਂ ਅਨੁਸਾਰ ਆਪਣੇ 90 ਸਿਪਾਹੀਆ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਬਾਂਗ ਵਿਚ ਬਾਹਰ ਜਾਣ ਦਾ ਇੱਕੋ ਇਕ ਰਸਤਾ ਬੰਦ ਕਰ ਦਿੱਤਾ ਗਿਆ ਜਿਸ ਕਾਰਨ ਆਮ ਲੋਕ ਜਿੰਨਾ ਵਿੱਚ ਬਜ਼ੁਰਗ, ਔਰਤਾਂ ਅਤੇ ਬੱਚੇ ਵੀ ਸ਼ੁਮਾਰ ਸਨ ਨੇ ਆਪਣੀ ਜਾਨ ਬਚਾਉਣ ਲਈ ਬਾਂਗ ਦੀ ਹਦੂਦ ਅੰਦਰ ਸਥਿਤ ਖੂਹ ਵਿੱਚ ਛਾਲਾ ਮਾਰਨ ਦਿੱਤੀਆਂ। ਇਕ ਅੰਕੜੇ ਅਨੁਸਾਰ ਇੱਥੇ 10 ਮਿੰਟ ਵਿੱਚ 1650 ਗੋਲੀਆਂ ਨਿਰਦੋਸ਼ ਅਤੇ ਨਿਹੱਥੇ ਭਾਰਤੀਆ ਤੇ ਚਲਾਈਆਂ ਗਈਆਂ ਜਿਸ ਨਾਲ 1500 ਤੋਂ ਜ਼ਿਆਦਾ ਜਾਨਾਂ ਗਈਆਂ ਅਤੇ ਲਗਭਗ 1200 ਲੋਕ ਜ਼ਖ਼ਮੀ ਹੋਏ ਜਦੋਂ ਕਿ ਸਰਕਾਰੀ ਅੰਕੜਿਆਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 381 ਹੀ ਦੱਸੀ ਗਈ ਸੀ।



ਇਸ ਖੌਫਨਾਕ ਮੰਜਰ ਨੇ ਊਧਮ ਸਿੰਘ ਦੇ ਮਨ ਤੇ ਡੂੰਘੀ ਸਟ ਮਾਰੀ । ਲੇਖਕ ਸ.ਖੁਸ਼ਵੰਤ ਸਿੰਘ ਅਨੁਸਾਰ ਊਧਮ ਸਿੰਘ ਇਸ ਕਤਲੇਆਮ ਤੋਂ ਕੁਝ ਦਿਨ ਬਾਅਦ ਦਰਬਾਰ ਸਾਹਿਬ ਅੰਮ੍ਰਿਤਸਰ ਗਿਆ ਅਤੇ ਉਸ ਨੇ ਅਹਿਦ ਕਰ ਲਿਆ ਕਿ ਉਹ ਇਸ ਸਾਕੇ ਦਾ ਬਦਲਾ ਇਸ ਦੇ ਜ਼ਿੰਮੇਵਾਰ ਲੋਕਾਂ ਕੋਲੋਂ ਇਕ ਦਿਨ ਜ਼ਰੂਰ ਲਵੇਗਾ।ਆਪਣੇ ਇਸ ਮਕਸਦ ਲਈ ਸ਼ਹੀਦ ਊਧਮ ਸਿੰਘ ਕਈ ਦੇਸ਼ਾਂ ਵਿੱਚ ਵੱਖ ਵੱਖ ਨਾਵਾਂ(ਸ਼ੇਰ ਸਿੰਘ,ਉਦੇ ਸਿੰਘ,ਫਰੈਂਕ ਬਰਾਜ਼ੀਲ,ਰਾਮ ਮੁਹੰਮਦ ਸਿੰਘ ਅਜ਼ਾਦ) ਨਾਲ ਭਾਰਤ ਦੀ ਅਜ਼ਾਦੀ ਲਈ ਲੜ ਰਹੀਆਂ ਜਥੇਬੰਦੀਆਂ (ਗ਼ਦਰ ਪਾਰਟੀ, ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ) ਨਾਲ ਜੁੜਿਆ ਰਿਹਾ ਪਰ ਉਸ ਦੇ ਦਿਲ ਅੰਦਰ ਹਮੇਸ਼ਾ ਆਪਣੇ ਦੁਆਰਾ ਅੰਮ੍ਰਿਤਸਰ ਵਿਖੇ ਕੀਤਾ ਪ੍ਰਣ ਇਕ ਹੂਕ ਬਣ ਕੇ ਧੜਕਦਾ ਸੀ।ਇਸ ਸਮੇਂ ਦੌਰਾਨ ਉਸ ਦਾ ਮੇਲ ਦੇਸ਼ ਦੇ ਸਿਰਮੌਰ ਅਜ਼ਾਦੀ ਘੁਲਾਟੀਆ ਨਾਲ ਵੀ ਹੋਇਆ ਜਿਨ੍ਹਾਂ ਵਿਚ ਉਸ ਦੇ ਆਦਰਸ਼ ਸ਼ਹੀਦ ਭਗਤ ਸਿੰਘ ਵੀ ਸ਼ਾਮਿਲ ਸਨ।ਆਪਣੇ ਇਸ ਪ੍ਰਣ ਨੂੰ ਪੂਰਾ ਕਰਨ ਲਈ ਉਹ ਫ਼ਰਜ਼ੀ ਨਾਮ ਤੇ ਪਾਸਪੋਰਟ ਬਣਾ ਕੇ 1934 'ਚ ਲੰਡਨ ਪਹੁੰਚ ਗਿਆ। 1927 ਵਿੱਚ ਜਨਰਲ ਡਾਇਰ ਦੀ ਲੰਮੀ ਬਿਮਾਰੀ ਕਾਰਨ ਮੌਤ ਹੋ ਗਈ ਜਿਸ ਕਾਰਨ ਹੁਣ ਸ਼ਹੀਦ ਊਧਮ ਸਿੰਘ ਦਾ ਨਿਸ਼ਾਨਾ ਉਸ ਸਮੇਂ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਰਿਹਾ ਮਾਈਕਲ ਉਡਵਾਇਰ ਸੀ ਜੋ ਕਿ ਆਪਣੀ ਨੌਕਰੀ ਦੇ ਕਾਰਜਕਾਲ ਤੋਂ ਬਾਅਦ ਲੰਡਨ ਵਿਖੇ ਰਹਿ ਰਿਹਾ ਸੀ।

ਆਖ਼ਰ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ ਈਸਟ ਇੰਡੀਆ ਐਸੋਸੀਏਸ਼ਨ ਵੱਲੋਂ ਸੈਂਟਰਲ ਏਸ਼ੀਅਨ ਸੁਸਾਇਟੀ ਦੇ ਸਹਿਯੋਗ ਨਾਲ ਇਕ ਮੀਟਿੰਗ ਕੀਤੀ ਜਾਣ ਦੀ ਖ਼ਬਰ, ਜਿਸ ਵਿੱਚ ਮਾਈਕਲ ਉਡਵਾਇਰ ਨੂੰ ਵਿਸ਼ੇਸ਼ ਕਰਕੇ ਬੁਲਾਇਆ ਗਿਆ ਸੀ, ਸ਼ਹੀਦ ਊਧਮ ਸਿੰਘ ਤੱਕ ਪਹੁੰਚੀ ਤਾਂ ਉਨ੍ਹਾਂ ਇਸ ਸਮਾਗਮ ਵਿੱਚ ਹੀ ਮਾਈਕਲ ਉਡਵਾਇਰ ਨੂੰ ਮਾਰ ਮੁਕਾਉਣ ਦਾ ਫ਼ੈਸਲਾ ਕੀਤਾ।ਸ਼ਹੀਦ ਊਧਮ ਸਿੰਘ ਉਸ ਦਿਨ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕਰਕੇ ਲੰਡਨ ਦੇ ਕੈਕਸਟਨ ਹਾਲ ਵੱਲ ਆਪਣੇ ਪ੍ਰਣ ਨੂੰ ਹਕੀਕਤ ਵਿੱਚ ਬਦਲਣ ਲਈ ਕਿਤਾਬ ਵਿੱਚ ਪਿਸਤੌਲ ਰੱਖ ਕੇ ਤੁਰ ਪਿਆ।ਕੈਕਸਟਨ ਹਾਲ ਵਿੱਚ ਜਦੋਂ ਮਾਈਕਲ ਉਡਵਾਇਰ ਨੂੰ ਬੋਲਣ ਦਾ ਸਮਾ ਦਿੱਤਾ ਗਿਆ ਤਾਂ ਉਸ ਨੇ ਜਲਿਆ ਵਾਲੇ ਬਾਂਗ ਦੇ ਖ਼ੂਨੀ ਸਾਕੇ ਨੂੰ ਸਹੀ ਠਹਿਰਾਇਆ ਤਦ ਹੀ ਊਧਮ ਸਿੰਘ ਨੇ ਆਪਣੇ ਅਮਰੀਕਨ ਪਿਸਤੌਲ ਦਾ ਨਿਸ਼ਾਨਾ ਉਡਵਾਇਰ ਨੂੰ ਬਣਾਇਆ ਤੇ ਤਾੜ ਤਾੜ ਕਰਦੀਆਂ ਦੋ ਗੋਲੀਆਂ ਉਸ ਦੀ ਛਾਤੀ ਵਿੱਚ ਦਾਗ਼ ਦਿੱਤੀਆਂ ਜਿਸ ਨਾਲ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ।ਇਕ ਗੋਲੀ ਲਾਰਡ ਜੈਟਲੈਂਡ ਜੋ ਕਿ ਇੰਡੀਆ ਸਟੇਟ ਦਾ ਸਕੱਤਰ ਸੀ ਅਤੇ ਇਕ ਗੋਲੀ ਸਰ ਲੂਈਸ ਡੈਨ ਨੂੰ ਲੱਗੀ ਇਹ ਦੋਵੇਂ ਜਾਣੇ ਜ਼ਖ਼ਮੀ ਹੋ ਗਏ।ਸ਼ਹੀਦ ਊਧਮ ਸਿੰਘ ਉੱਥੋਂ ਦੋੜੇ ਨਹੀਂ ਅਤੇ ਖ਼ੁਸ਼ੀ-ਖ਼ੁਸ਼ੀ ਆਪਣੀ ਗ੍ਰਿਫ਼ਤਾਰੀ ਦੇ ਦਿੱਤੀ।

ਸ਼ਹੀਦ ਊਧਮ ਸਿੰਘ ਵੱਲੋਂ ਮਾਈਕਲ ਉਡਵਾਇਰ ਨੂੰ ਮੌਤ ਦੇ ਘਾਟ ਉਤਾਰਨ ਵਾਲੀ ਇਸ ਘਟਨਾ ਨੂੰ ਦੁਨੀਆ ਦੇ ਵੱਖ ਵੱਖ ਅਖ਼ਬਾਰਾਂ ਨੇ ਪ੍ਰਕਾਸ਼ਿਤ ਕੀਤਾ।ਲੰਡਨ ਤੋਂ ਹੀ ਪ੍ਰਕਾਸ਼ਿਤ ਹੁੰਦੇ ਪ੍ਰਸਿੱਧ ਅਖ਼ਬਾਰ 'ਟਾਈਮਜ਼ ਆਫ਼ ਲੰਡਨ'ਨੇ ਸ਼ਹੀਦ ਊਧਮ ਸਿੰਘ ਨੂੰ 'ਅਜ਼ਾਦੀ ਦਾ ਲੜਾਕਾ' ਅਤੇ ਉਸ ਦੇ ਇਸ ਦਲੇਰੀ ਭਰੇ ਕਾਰਨਾਮੇ ਨੂੰ ਗ਼ੁਲਾਮ ਭਾਰਤੀ ਲੋਕਾਂ ਦੇ ਗ਼ੁੱਸੇ ਦਾ ਪ੍ਰਗਟਾਵਾ ਕਿਹਾ।ਜਰਮਨ ਰੇਡੀਓ ਤੋਂ ਵਾਰ ਵਾਰ ਇਹੀ ਪ੍ਰਸਾਰਿਤ ਹੁੰਦਾ ਰਿਹਾ ਕਿ "ਹਾਥੀਆਂ ਦੀ ਤਰ੍ਹਾਂ ਭਾਰਤੀ ਆਪਣੇ ਦੁਸ਼ਮਣ ਨੂੰ ਕਦੇ ਵੀ ਮਾਫ਼ ਨਹੀਂ ਕਰਦੇ ਭਾਵੇਂ ਉਨ੍ਹਾਂ ਨੂੰ ਬਦਲਾ ਲੈਣ ਲਈ ਵੀਹ ਸਾਲ ਤੋਂ ਵੱਧ ਸਮਾਂ ਕਿਉਂ ਨਾ ਲੱਗ ਜਾਵੇ "।ਉੱਥੇ ਹੀ ਸਾਡੇ ਆਪਣੇ ਦੇਸ਼ ਦੇ ਸਿਰਮੌਰ ਆਗੂ ਮਹਾਤਮਾ ਗਾਂਧੀ ਅਤੇ ਪੰਡਿਤ ਨਹਿਰੂ ਨੇ ਇਸ ਘਟਨਾ ਦੀ ਜ਼ੋਰਦਾਰ ਨਿੰਦਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਇਸ ਘਟਨਾ ਦਾ ਬੇਹੱਦ ਅਫ਼ਸੋਸ ਹੈ।ਸਿਰਫ਼ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਸ਼ਹੀਦ ਊਧਮ ਸਿੰਘ ਦੇ ਇਸ ਦਲੇਰੀ ਅਤੇ ਕੁਰਬਾਨੀ ਭਰੇ ਕਦਮ ਦੀ ਸ਼ਲਾਘਾ ਕੀਤੀ।

ਆਪ ਜੀ ਨੂੰ ਗ੍ਰਿਫ਼ਤਾਰ ਕਰਕੇ ਬ੍ਰਿਕਸਟਨ ਜੇਲ੍ਹ ਵਿੱਚ ਰੱਖਿਆ ਗਿਆ।ਆਪ ਜੀ ਨੇ ਜੇਲ੍ਹ ਵਿੱਚ ਸਜ਼ਾ ਕੱਟਦੇ ਹੋਏ ਹੱਕੀ ਮੰਗਾਂ ਦੀ ਪ੍ਰਾਪਤੀ ਲਈ 42 ਦਿਨ ਲੰਮੀ ਭੁੱਖ ਹੜਤਾਲ ਵੀ ਕੀਤੀ ਅਤੇ ਜ਼ੈਲ ਦੇ ਅੰਦਰ ਤੋਂ ਹੀ ਸ਼ਿਵ ਸਿੰਘ ਜੌਹਲ ਅਤੇ ਅਮਰੀਕਾ ਵਿੱਚ ਵੱਸਦੇ ਦੇਸ਼ ਭਗਤ ਗਦਰੀਆਂ ਨੂੰ 14 ਚਿੱਠੀਆਂ ਲਿਖੀਆਂ ਜਿੰਨਾ ਨੂੰ ਪੜ੍ਹਨ ਤੇ ਸ਼ਹੀਦ ਊਧਮ ਸਿੰਘ ਜੀ ਦੀ ਸ਼ਖ਼ਸੀਅਤ ਅਤੇ ਆਪਣੇ ਦੇਸ਼ ਪ੍ਰਤੀ ਉਨ੍ਹਾਂ ਦੇ ਪਿਆਰ ਅਤੇ ਕੁਰਬਾਨੀ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।ਅੰਤ 31 ਜੁਲਾਈ 1940 ਭਾਰਤ ਦੇ ਇਸ ਮਹਾਨ ਸਪੂਤ ਨੂੰ ਪੈਨਟਨਵਿਲੇ ਜੇਲ੍ਹ ਵਿੱਚ ਫਾਸੀ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ।ਜ਼ੈਲ ਅਧਿਕਾਰੀਆਂ ਨੇ ਸਿੱਖ ਰਸਮਾਂ ਅਨੁਸਾਰ ਸੰਸਕਾਰ ਕਰਨ ਆਗਿਆ ਨਾ ਦੇਣ ਕਾਰਨ ਸ਼ਹੀਦ ਊਧਮ ਸਿੰਘ ਨੂੰ ਜੇਲ੍ਹ ਵਿੱਚ ਹੀ ਦਫ਼ਨ ਦਿੱਤਾ ਗਿਆ ਸੀ ਪਰ ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਜੁਲਾਈ 1974 ਵਿੱਚ ਸਰਦਾਰ ਊਧਮ ਸਿੰਘ ਜੀ ਦੀਆ ਅਸਥੀਆਂ ਨੂੰ ਭਾਰਤ ਲਿਆਂਦਾ ਗਿਆ ਅਤੇ ਉਨ੍ਹਾਂ ਦੇ ਜੱਦੀ ਨਗਰ ਸੁਨਾਮ ਸਿੱਖ ਰਸਮਾਂ ਅਨੁਸਾਰ ਸੰਸਕਾਰ ਕੀਤਾ ਗਿਆ। ਹਰ ਸਾਲ 31 ਜੁਲਾਈ ਵਾਲੇ ਦਿਨ ਸ਼ਹੀਦ ਊਧਮ ਸਿੰਘ ਦੇ ਬੁੱਤ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਹਨ ਪਰ ਇਸ ਦੇ ਨਾਲ ਨਾਲ ਉਸ ਮਹਾਨ ਸੂਰਬੀਰ ਯੋਧੇ ਦੀ ਵਿਚਾਰਧਾਰਾ ਦਾ ਸੁਨੇਹਾ ਵੀ ਆਮ ਲੁਕਾਈ ਤੱਕ ਪਹੁੰਚਾਉਣ ਦੇ ਯਤਨ ਕਰਨੇ ਚਾਹੀਦੇ ਹਨ।ਸ਼ਹੀਦ-ਏ-ਆਜ਼ਮ ਊਧਮ ਸਿੰਘ ਜੀ ਵੱਲੋਂ ਆਪਣੇ ਜੀਵਨ ਵਿੱਚ ਆਈਆਂ ਔਕੜਾ ਅਤੇ ਦੁਸ਼ਵਾਰੀਆਂ ਦੇ ਬਾਵਜੂਦ ਵੀ ਆਪਣੇ ਜੀਵਨ ਨੂੰ ਦੇਸ਼ ਦੇ ਲੇਖੇ ਲਾ ਦਿੱਤਾ ਤਾਂ ਜੋ ਉਸ ਦੇ ਦੇਸ਼ ਦੀ ਅਵਾਮ ਇਕ ਅਜ਼ਾਦੀ ਭਰੇ ਜੀਵਣ ਦਾ ਨਿੱਘ ਮਾਣ ਸਕੇ ਜਿੱਥੇ ਹਰ ਨਾਗਰਿਕ ਨੂੰ ਬਰਾਬਰ ਦੇ ਅਧਿਕਾਰ ਅਤੇ ਸਹੂਲਤਾਂ ਮਿਲਣ ਪਰ ਬੜੇ ਅਫ਼ਸੋਸ ਨਾਲ ਦੱਸਣਾ ਬਣਦਾ ਹੈ ਕਿ ਅਜ਼ਾਦੀ ਦੇ 70 ਸਾਲ ਬੀਤ ਜਾਣ ਮਗਰੋਂ ਵੀ ਸਾਡੇ ਦੇਸ਼ ਵਿੱਚ ਜੀਵਣ ਨਿਰਬਾਹ ਕਰਨ ਲਈ ਲੋੜੀਂਦੀਆਂ ਬੁਨਿਆਦੀ ਲੋੜਾਂ ਵੀ ਪੂਰੀ ਜਨ ਮਾਨਸ ਤੱਕ ਨਹੀਂ ਪਹੁੰਚ ਸਕੀਆਂ।ਦੇਸ਼ ਦੀਆ ਰਾਜਨੀਤਕ ਪਾਰਟੀਆਂ ਸਾਡੇ ਦੇਸ਼ ਦੇ ਮਹਾਨ ਸਪੂਤਾ ਦੇ ਨਾਮ ਤੇ ਵਾਹੋ-ਵਾਹੀ ਲੁੱਟਣ ਲਈ ਤਾਂ ਹਮੇਸ਼ਾ ਤਿਆਰ ਰਹਿੰਦੀਆਂ ਹਨ ਪਰ ਸ਼ਹੀਦ ਊਧਮ ਸਿੰਘ ਅਤੇ ਹੋਰ ਦੇਸ਼ ਭਗਤ ਸੂਰਮਿਆ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੀ ਖ਼ਾਤਰ ਆਪਣੀਆਂ ਜਾਨਾਂ ਵਾਰ ਦਿੱਤੀਆਂ ਨੂੰ ਕੌਮੀ ਸ਼ਹੀਦ ਐਲਾਨਣ ਤੋਂ ਇਨਕਾਰੀ ਹਨ। ਹੋਣਾ ਤਾਂ ਇਹ ਚਾਹੀਦਾ ਸੀ ਕਿ ਸ਼ਹੀਦ ਊਧਮ ਸਿੰਘ ਜੀ ਦੇ ਨਾਮ ਤੇ ਦੇਸ਼ ਦੀਆ ਕੇਂਦਰੀ ਯੂਨੀਵਰਸਿਟੀਆਂ ਵਿੱਚ ਚੇਅਰ ਸਥਾਪਿਤ ਕੀਤੀਆਂ ਜਾਣ ਤਾਂ ਕਿ ਉਨ੍ਹਾਂ ਦਾ ਜੀਵਨ ਫ਼ਲਸਫ਼ਾ ਆਉਣ ਵਾਲੀ ਪੀੜੀ ਤੱਕ ਪਹੁੰਚ ਸਕੇ। ਅੱਜ ਦੀ ਨੌਜਵਾਨ ਪੀੜੀ ਨੂੰ ਉਨ੍ਹਾ ਦੇ ਜੀਵਨ ਤੋਂ ਇਹ ਸੇਧ ਲੈਣੀ ਚਾਹੀਦੀ ਹੈ ਕਿ ਤੁਹਾਡੇ ਜ਼ਿੰਦਗੀ ਦਾ ਨਿਸ਼ਾਨਾ ਜਾਂ ਟੀਚਾ ਭਾਵੇਂ ਕਿੰਨਾ ਵੀ ਮੁਸ਼ਕਿਲ ਜਾਂ ਵੱਡਾ ਹੋਵੇ ਪਰ ਜੇ ਤੁਸੀਂ ਉਸ ਟੀਚੇ ਨੂੰ ਪ੍ਰਾਪਤ ਕਰਨ ਲਈ ਆਪਣੇ ਆਪ ਨਾਲ ਇਕ ਅਹਿਦ ਕਰ ਲੈਂਦੇ ਹੋ ਤਾਂ ਦੁਨੀਆ ਦੀ ਕੋਈ ਵੀ ਮੁਸ਼ਕਿਲ ਜਾਂ ਚੁਨੌਤੀ ਤੁਹਾਨੂੰ ਉਸ ਨਿਸ਼ਾਨੇ ਦੀ ਪ੍ਰਾਪਤੀ ਤੋਂ ਵਾਂਝਾ ਨਹੀ ਰੱਖ ਸਕਦੀ।

# ਡਾ.ਅੰਬੇਡਕਰ ਦੀ ਵਿਚਾਰਧਾਰਾ ਹੀ ਦੇਸ਼ ਨੂੰ ਅੱਗੇ ਲਿਜਾ ਸਕਦੀ ਹੈ- ਬਾਲੀ





**ਜਲੰਧਰ-** ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਵੱਲੋਂ ਅੰਬੇਡਕਰ ਭਵਨ ਜਲੰਧਰ ਵਿਖੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸਦੀ ਪ੍ਰਧਾਨਗੀ ਸੋਸਾਇਟੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਨੇ ਕੀਤੀ. ਇਸ ਸਮਾਗਮ ਵਿਚ ਉੱਘੇ ਅੰਬੇਡਕਰਵਾਦੀ, ਲੇਖਕ ਅਤੇ ਚਿੰਤਕ ਸਤਿਕਾਰਯੋਗ ਸ਼੍ਰੀ ਲਾਹੌਰੀ ਰਾਮ ਬਾਲੀ ਦਾ 91ਵਾਂ ਜਨਮ ਦਿਨ ਕੇਕ ਕਟ ਕੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ. ਸੋਸਾਇਟੀ ਦੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਬੁੱਕੇ ਦੇ ਕੇ ਅਤੇ ਇੱਕ ਯਾਦਗਾਰੀ ਮੋਮੈਂਟੋ ਭੇਂਟ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ. ਅੰਬੇਡਕਰ ਭਵਨ ਦੇ ਟਰੱਸਟੀਆਂ ਅਤੇ ਆਲ ਇੰਡੀਆ ਸਮਤਾ ਏ ਦਲ (ਰਜਿ.), ਪੰਜਾਬ ਇਕਾਈ ਦੇ ਮੈਂਬਰਾਂ ਨੇ ਵੀ ਸ਼੍ਰੀ ਬਾਲੀ ਜੀ ਨੂੰ ਉਨ੍ਹਾਂ ਦੇ 91 ਵੇਂ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਚੰਗੀ ਸਿਹਤ ਅਤੇ ਲੰਮੀ ਉਮਰ ਦੀ ਕਾਮਨਾ ਕੀਤੀ। ਸੋਸਾਇਟੀ ਦੇ ਵਾਈਸ ਪ੍ਰੈਸੀਡੈਂਟ ਸ਼੍ਰੀ ਚਰਨ ਦਾਸ ਨੇ ਸ਼੍ਰੀ ਬਾਲੀ ਜੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਪ੍ਰਸਿਥਿਤੀਆਂ ਦੇ ਉਲਟ, ਲੱਖ ਵਿਰੋਧਾਂ ਦੇ ਬਾਬਜੂਦ, ਸਾਧਨਾਂ ਤੋਂ ਬਿਨਾਂ ਵਕਤ ਦੇ ਸੀਨੇ ਤੇ ਆਪਣੀ ਸਥਾਪਤੀ ਦੀ ਮੋਹਰ ਲਾਉਣੀ, ਇਹ ਕਿਸੇ ਕਿਸੇ ਦੇ ਹਿੱਸੇ ਆਉਂਦਾ ਹੈ. ਇੱਜਤ, ਅਣਖ ਅਤੇ ਆਪਣੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ, ਸਾਬਤ ਕਦਮ ਮੰਜਿਲਾਂ ਨੂੰ ਸਰ ਕਰਨਾ, ਇਹ ਮਾਣ ਵੀ ਦੁਨੀਆਂ ਵਿਚ ਚੰਦ ਲੋਕਾਂ ਦੇ ਹਿੱਸੇ ਆਇਆ ਹੈ, ਉਨ੍ਹਾਂ 'ਚੋਂ ਇੱਕ ਨੇ ਮੇਰੇ ਪ੍ਰੇਰਨਾ ਸਰੋਤ ਮੇਰੇ ਗੁਰੂ ਸਤਿਕਾਰ ਯੋਗ ਸ਼੍ਰੀ ਲਾਹੌਰੀ ਰਾਮ ਬਾਲੀ. ਅੰਬੇਡਕਰ ਭਵਨ ਦੇ ਟਰੱਸਟੀ ਸ਼੍ਰੀ ਹਰਮੇਸ਼ ਜੱਸਲ ਨੇ ਅੰਬੇਡਕਰ ਭਵਨ ਦੇ ਸਮੂਹ ਟਰੱਸਟੀਆਂ ਬਾਲੀ ਸਾਹਿਬ ਨੂੰ ਉਨ੍ਹਾਂ ਦੇ 91ਵੇਂ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਮੈਂ ਬਾਲੀ ਸਾਹਿਬ ਨਾਲ; ਉਨ੍ਹਾਂ ਦੇ ਚਲਾਏ ਹੋਏ ਅਖਬਾਰਾਂ ਪੰਜਾਬੀ ਭੀਮ ਪਤ੍ਰਿਕਾ ਅਤੇ ਕਿਰਤੀ ਵਿਚ ਕਾਫੀ ਸਮਾਂ ਕੰਮ ਕੀਤਾ ਹੈ ਅਤੇ ਉਨ੍ਹਾਂ ਕੋਲੋਂ ਬਹੁਤ ਕੁਝ ਸਿਖਿਆ ਹੈ. ਪੰਜਾਬ ਬੁੱਧਿਸਟ ਸੋਸਾਇਟੀ ਦੇ ਪ੍ਰਧਾਨ ਐਡਵੋਕੇਟ ਹਰਭਜਨ ਸਾਂਪਲਾ ਨੇ ਪੰਜਾਬ ਬੁੱਧਿਸਟ ਸੋਸਾਇਟੀ ਅਤੇ ਸੋਫੀ ਪਿੰਡ ਬੁੱਧ ਵਿਹਾਰ ਸ਼੍ਰੀ ਬਾਲੀ ਜੀ ਨੂੰ ਜਨਮ ਦਿਨ ਦੀ ਮੁਬਾਰਕ ਦਿੱਤੀ ਅਤੇ ਕਿਹਾ ਕਿ ਮੈਂ ਕਾਫੀ ਲੰਮੇ ਸਮੇਂ ਤੋਂ ਅੰਬੇਡਕਰ ਮਿਸ਼ਨ ਸੋਸਾਇਟੀ ਵਿਚ ਕੰਮ ਕਰ ਰਿਹਾ ਹਾਂ ਅਤੇ ਮੈਂ ਇਸਦੇ ਜਨਰਲ ਸਕੱਤਰ ਵਜੋਂ ਵੀ ਸੇਵਾ ਨਿਭਾਈ ਹੈ।

ਉਨ੍ਹਾਂ ਕਿਹਾ ਕਿ ਬਾਲੀ ਸਾਹਿਬ ਨਾਲ ਰਹਿ ਕੇ ਬਹੁਤ ਕੁਝ ਸਿਖਿਆ ਹੈ, ਖਾਸ ਕਰਕੇ ਕਿਸੇ ਵੀ ਕੰਮ ਵਾਸਤੇ ਉਨ੍ਹਾਂ ਦੀ ਦ੍ਰਿੜ੍ਹਤਾ ਤੋਂ ਮੇਰੇ ਵਿਚ ਆਤਮ ਵਿਸ਼ਵਾਸ ਦਾ ਬੱਲ ਆਇਆ ਹੈ ਅਤੇ ਮੈਂ ਕਿਸੇ ਵੀ ਵੱਡੇ ਤੋਂ ਵੱਡੇ ਅਧਿਕਾਰੀ ਨੂੰ ਮਿਲਣ ਤੋਂ ਘਬਰਾਉਂਦਾ ਨਹੀਂ ਅਤੇ ਮੈਂ ਆਪਣੀ ਗੱਲ ਉਨ੍ਹਾਂ ਸਾਹਮਣੇ ਰੱਖਦਾ ਹਾਂ. ਸ਼੍ਰੀ ਬਾਲੀ ਨੇ ਆਪਣੇ ਸੰਬੋਧਨ; ਵਿਚ ਕਿਹਾ ਕਿ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੈਂ ਜੋ ਵਚਨ ਬਾਬਾਸਾਹਿਬ ਨੂੰ 30 ਸਤੰਬਰ 1956 ਨੂੰ ਦਿੱਤਾ ਸੀ ਉਹ ਨਿਭਾਇਆ ਅਤੇ ਨਿਭਾ ਰਿਹਾ ਹਾਂ. ਆਪਣੇ ਸੰਦੇਸ਼ 'ਚ ਬਾਲੀ ਜੀ ਨੇ ਕਿਹਾ ਕਿ ਨੌਜਵਾਨਾਂ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਡਾ ਸਾਹਿਤ ਪੜ੍ਹਨਾ ਚਾਹੀਦਾ ਹੈ ਅਤੇ ਉਸਤੇ ਆਚਰਣ ਕਰਨਾ ਚਾਹੀਦਾ ਹੈ ਕਿਓਂਕਿ ਵਿਚਾਰਧਾਰਾ ਹੀ ਦੇਸ਼ ਨੂੰ ਅੱਗੇ ਲਿਜਾ ਸਕਦੀ ਹੈ. ਮੈਡਮ ਸੁਦੇਸ਼ ਕਲਿਆਣ ਨੇ ਕਿਹਾ ਕਿ ਬਾਲੀ ਸਾਹਿਬ ਸਾਡੇ ਪ੍ਰੇਰਨਾ ਸਰੋਤ ਹਨ ਅਤੇ ਆਏ ਹੋਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ; ਬਲਦੇਵ ਰਾਜ ਭਾਰਦਵਾਜ, ਹਰਮੇਸ਼ ਲਾਲ ਜੱਸਲ, ਹਰਭਜਨ ਨਿਮਤਾ, ਚੌਧਰੀ ਹਰੀ ਰਾਮ, ਡਾ. ਮਹਿੰਦਰ ਸੰਧੂ, ਰਾਮ ਸਰੂਪ ਬਾਲੀ, ਕ੍ਰਿਸ਼ਨ ਲਾਲ ਕਲਿਆਣ, ਹਰਜਿੰਦਰ ਪ੍ਰਕਾਸ਼, ਯਸ਼ ਪਾਲ, ਜੋਤੀ ਪ੍ਰਕਾਸ਼, ਗੁਰਮੀਤ ਕੌਰ, ਮਨਜੀਤ ਕੌਰ ਅਤੇ ਸੁਖਵਿੰਦਰ ਕੌਰ ਹਾਜਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ।

# ਪੰਜਾਬ ਕਾਂਗਰਸ ਦੀ ਡੁੱਬਦੀ ਬੇੜੀ, ਕੌਣ ਲਾਏਗਾ ਬੰਨੇ?

ਜਦੋਂ ਤੱਕ ਕੈਪਟਨ ਅਮਰਿੰਦਰ ਸਿੰਘ ਕੋਲ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਹੈ ਅਤੇ ਉਸ ਨੂੰ ਵੱਡੀ ਗਿਣਤੀ ਵਿੱਚ ਪੰਜਾਬ ਦੇ ਵਿਧਾਇਕਾਂ ਦੀ ਹਮਾਇਤ ਪ੍ਰਾਪਤ ਹੈ, ਉਦੋਂ ਤੱਕ ਕਾਂਗਰਸ ਹਾਈ ਕਮਾਨ ਅਮਰਿੰਦਰ ਸਿੰਘ ਦਾ ਕੁਝ ਨਹੀਂ ਵਿਗਾੜ ਸਕਦੀ। ਇਕੋ ਪਰਿਵਾਰ ਵਲੋਂ ਸਾਂਭੀ ਕਾਂਗਰਸ, ਕਿਸੇ ਵੀ ਹੋਰ ਨੇਤਾ ਜਾਂ ਖੇਤਰੀ ਨੇਤਾ ਨੂੰ ਆਪਣੇ ਤੋਂ ਵੱਡਾ ਨਹੀਂ ਹੋਣ ਦਿੰਦੀ ਤਾਂ ਕਿ ਗਾਂਧੀ ਪਰਿਵਾਰ ਦਾ ਦਬਦਬਾ, ਜਿੰਨਾ ਕੁ ਵੀ ਬਚਿਆ ਹੈ, ਬਣਿਆ ਰਹੇ। ਉਂਜ ਗਾਂਧੀ ਪਰਿਵਾਰ ਦੇ ਤਿੰਨੋਂ ਜੀਅ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤ ਪ੍ਰਿਯੰਕਾ ਗਾਂਧੀ ਆਪਣੇ ਕੁਝ ਵਫ਼ਾਦਾਰਾਂ ਨਾਲ ਕਾਂਗਰਸ ਦਾ ''ਕਾਰੋਬਾਰ'' ਚਲਾ ਰਹੇ ਹਨ, ਜਿਹੜਾ ਕੁਝ ਵਰ੍ਹਿਆਂ 'ਚ ਪੂਰੇ ਰਾਸ਼ਟਰ ਤੋਂ ਸਿਮਟਕੇ ਕੁਝ ਰਾਜਾਂ ਤੱਕ ਸੀਮਤ ਰਹਿ ਗਿਆ ਹੈ ਅਤੇ ਜਿਸਨੂੰ ਪਿਛਲੇ ਲੰਮੇ ਸਮੇਂ ਤੋਂ ਚੋਣਾਂ ਵਿੱਚ ਵੱਡੀਆਂ ਤੋਂ ਵੱਡੀਆਂ ਹਾਰਾਂ ਦਾ ਮੂੰਹ ਵੇਖਣਾ ਪਿਆ ਹੈ। ਪੱਛਮੀ ਬੰਗਾਲ 'ਚ ਕਾਂਗਰਸ ਦਾ ਨਾਮ-ਥੇਹ ਨਹੀਂ ਰਿਹਾ। ਯੂ.ਪੀ. ਚੋਣਾਂ ਸਿਰ ਉਤੇ ਹਨ, ਕਾਂਗਰਸ ਦਾ ਉਥੇ ਵੱਡਾ ਕਾਡਰ ਨਹੀਂ ਅਤੇ ਪੰਜਾਬ ਵਰਗੇ ਸੂਬੇ ਵਿੱਚ ਕਾਂਗਰਸ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਦੇ ਰਾਹ ਤੁਰੀ ਹੋਈ ਹੈ।

ਬਿਨ੍ਹਾਂ ਸ਼ੱਕ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਚਾਰ ਸਾਲ ਦੇ ਅਰਸੇ ਵਿੱਚ ਪੰਜਾਬ ਦਾ ਕੁਝ ਵੀ ਨਹੀਂ ਸੁਆਰਿਆ। ਜਿਹੜੇ ਵਾਇਦੇ ਉਸ ਵਲੋਂ ਕੀਤੇ ਗਏ ਸਨ, ਕਹਿਣ ਨੂੰ ਤਾਂ ਭਾਵੇਂ ਸਾਰੇ ਪੂਰੇ ਕਰਨ ਦੀ ਗੱਲ ਕੈਪਟਨ ਅਮਰਿੰਦਰ ਸਿੰਘ ਕਰਦੇ ਹਨ, ਪਰ ਹਕੀਕੀ ਤੌਰ 'ਤੇ ਇਹ ਸਚਾਈ ਨਹੀਂ ਹੈ। ਨਸ਼ਿਆਂ ਦਾ ਕਾਰੋਬਾਰ ਖ਼ਤਮ ਕਰਨ ਸਬੰਧੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਮਾਮਲੇ ਉਤੇ ਕੈਪਟਨ ਤੋਂ ਪੰਜਾਬੀਆਂ ਨੂੰ ਵੱਡੀਆਂ ਆਸਾਂ ਸਨ। ਰੇਤ ਮਾਫੀਆ ਦਾ ਲੱਕ ਤੋੜਨ ਦੀ ਵੀ ਪੰਜਾਬੀਆਂ ਨੂੰ ਕੈਪਟਨ ਤੋਂ ਤਵੱਕੋ ਸੀ ਅਤੇ ਇਹ ਵੀ ਕਿ ਉਹ ਆਪਣੇ ਜ਼ਿਮੀਦਾਰ ਹੁੰਦੇ ਹੋਏ, ਕਿਸਾਨ ਸਮੱਸਿਆਵਾਂ ਸਮਝਕੇ ਉਹਨਾ ਦੇ ਕਰਜ਼ੇ ਮੁਆਫ਼ ਕਰ ਦੇਣਗੇ। ਫੌਜੀ ਹੋਣ ਦੇ ਨਾਤੇ ਲੋਕ ਇਹ ਵੀ ਚਾਹੁੰਦੇ ਸਨ ਕਿ ਉਸ ਦੇ ਰਾਜ ਵਿੱਚ ਭ੍ਰਿਸ਼ਟਾਚਾਰ ਨਾ ਹੋਵੇ, ਪਰ ਕੈਪਟਨ ਦੇ ਗੱਦੀ ਸਾਂਭਣ ਦੇ ਦੋ ਸਾਲਾਂ ਬਾਅਦ ਹੀ ਦਿਸਣ ਲੱਗ ਪਿਆ ਸੀ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਦਾ ਸਾਸ਼ਨ ਉਵੇਂ ਹੀ ਕੰਮ ਕਰ ਰਿਹਾ ਹੈ, ਕੁਝ ਵੀ ਨਹੀਂ ਬਦਲਿਆ।

ਹਾਂ, ਇੰਨਾ ਕੁ ਜ਼ਰੂਰ ਹੋਇਆ ਹੈ ਕਿ ਪੰਜਾਬ ਹਿਤੈਸ਼ੀ ਫ਼ੈਸਲੇ ਲੈਣ ਦਾ ਸਮਾਂ ਜਦੋਂ ਆਇਆ ਕੈਪਟਨ ਅਮਰਿੰਦਰ ਸਿੰਘ ਨੇ ਦ੍ਰਿੜਤਾ ਨਾਲ ਪੰਜਾਬ ਦੇ ਪਾਣੀਆਂ ਸਬੰਧੀ ਆਵਾਜ਼ ਬੁਲੰਦ ਕੀਤੀ, ਕਿਸਾਨਾਂ ਸਬੰਧੀ ਤਿੰਨੇ ਕਾਲੇ ਕਾਨੂੰਨ ਰੱਦ ਕਰਨ ਦਾ ਮਤਾ ਅਸੰਬਲੀ ਵਿੱਚ ਪਾਸ ਕੀਤਾ ਅਤੇ ਕਿਸਾਨਾਂ ਦੇ ਹੱਕ 'ਚ ਖੜੇ ਹੋਏ।

ਪਰ ਪੰਜਾਬੀਆਂ ਦੇ ਮਸਲੇ ਤਾਂ ਬਹੁਤ ਵੱਡੇ ਸਨ। ਇਨ੍ਹਾਂ ਮੁੱਦਿਆਂ, ਮਸਲਿਆਂ ਨੂੰ ਹੱਲ ਕਰਨ ਲਈ ਤਾਂ ਕੈਪਟਨ ਨੂੰ ਪੰਜਾਬੀਆਂ ਨੇ ਪੰਜਾਬ ਸੰਭਾਲਿਆ ਸੀ, ਪਰ ਕੈਪਟਨ ਮਹੱਲਾਂ 'ਚ ਵੜ ਗਏ, ਰਾਜ-ਸਾਸ਼ਨ ਲੋਕ ਨੁਮਾਇੰਦਿਆਂ ਦੀ ਮਰਜ਼ੀ ਨਾਲ ਨਹੀਂ, ਸਗੋਂ ਅਫ਼ਸਰਸ਼ਾਹੀ ਹੱਥ ਫੜਾ ਦਿੱਤਾ, ਸਲਾਹਕਾਰਾਂ ਆਪਣੇ ਢੰਗ ਨਾਲ ਪਿਛਲੇ ਚਾਰ ਸਾਲ ਪੰਜਾਬ ਚਲਾਇਆ। ਪਰ ਕਿਉਂਕਿ ਪੰਜਾਬ ਵਿੱਚ ਵਿਰੋਧੀ ਧਿਰ ਤਾਕਤਵਰ ਨਹੀਂ ਸੀ, ਵੰਡੀ ਹੋਈ ਸੀ, ਪੰਜਾਬ ਦੇ ਹਾਕਮਾਂ ਚੰਮ ਦੀਆਂ ਚਲਾਈਆਂ, ਕੁਝ ਵੱਡੇ ਸਿਆਸਦਾਨ ਮਾਫੀਆ ਨਾਲ ਰਲ ਗਏ, ਆਪਣੇ ਸਵਾਰਥਾਂ ਕਾਰਨ ਉਹਨਾ ਚੁੱਪ ਵੱਟ ਲਈ ਤੇ ਪੰਜਾਬ ਲੁੱਟਿਆ ਜਾਂਦਾ ਰਿਹਾ। ਪੰਜਾਬ ਦੇ ਮਸਲਿਆਂ ਸਬੰਧੀ ਵੱਟੀ ਚੁੱਪ ਨੇ ਲੋਕਾਂ 'ਚ ਅਸੰਤੋਸ਼ ਪੈਦਾ ਕੀਤਾ। ਅੱਜ ਜਦੋਂ ਪੰਜਾਬ ਚੋਣਾਂ ਦੀਆਂ ਬਰੂਹਾਂ ਉਤੇ ਹੈ, ਪੰਜਾਬ ਦੇ ਹਰ ਵਰਗ ਦੇ ਲੋਕਾਂ 'ਚ ਹਾਹਾਕਾਰ ਹੈ। ਬਿਜਲੀ, ਪੈਟਰੋਲ ਨੇ ਲੋਕਾਂ ਨੂੰ ਰੁਆ ਦਿੱਤਾ । ਬੇਰੁਜ਼ਗਾਰ ਸੜਕਾਂ ਤੇ ਬੈਠੇ ਹਨ। ਕਾਂਗਰਸ ਅੰਦਰ ਆਏ ਕਾਟੋ-ਕਲੇਸ਼ ਕਾਰਨ ਲੋਕਾਂ ਦੀ ਸੁਨਣ ਵਾਲਾ ਹਾਕਮ ਹੀ ਕੋਈ ਨਹੀਂ। ਅਫ਼ਸਰ ਦਫ਼ਤਰੀਂ ਬੈਠੇ ਹਨ, ਮੁਲਾਜ਼ਮ ਹੜਤਾਲਾਂ 'ਤੇ ਹਨ। ਪਿਛਲੇ ਇੱਕ ਮਹੀਨੇ ਤੋਂ ਸੂਬਾ ਸਰਕਾਰ ਦਾ ਕੰਮ ਕਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੈ, ਪੰਜਾਬ ਸਿਵਲ ਸਕੱਤਰੇਤ 'ਚ ਸੁੰਨਸਾਨ ਛਾਈ ਹੋਈ ਹੈ।

ਕਾਟੋ-ਕਲੇਸ਼ ਨਵਜੋਤ ਸਿੰਘ ਸਿੱਧੂ ਅਤੇ ਕੈਪਟਨ ਅਮਰਿੰਦਰ ਸਿੰਘ ਦਰਮਿਆਨ ਕਾਫੀ ਵਧਿਆ ਹੈ। ਕੈਪਟਨ ਅਮਰਿੰਦਰ ਸਿੰਘ, ਨਵਜੋਤ ਸਿੰਘ ਸਿੱਧੂ ਨੂੰ ਜੋ ਗਾਂਧੀ ਪਰਿਵਾਰ ਦਾ ਚਹੇਤਾ ਹੈ, ਸੂਬਾ ਕਾਂਗਰਸ ਪ੍ਰਧਾਨ ਮੰਨਣ ਲਈ ਤਿਆਰ ਨਹੀਂ, ਜਦਕਿ ਨਵਜੋਤ ਸਿੰਘ ਸਿੱਧੂ ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਦੀ ਕੁਰਸੀ ਖੋਹਣ ਦੇ ਯਤਨ ਵਿੱਚ ਹੈ। ਕਾਂਗਰਸ ਹਾਈ ਕਮਾਨ ਨੇ ਕੈਪਟਨ ਨੂੰ ਸਾਧੀ ਰੱਖਣ ਲਈ ਸਾਫ਼ ਕਰ ਦਿੱਤਾ ਹੋਇਆ ਹੈ ਕਿ ਅਗਲੀਆਂ 2022 ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ 'ਚ ਲੜੀਆਂ ਜਾਣਗੀਆਂ ਤੇ ਨਵਜੋਤ ਸਿੰਘ ਸਿੱਧੂ ਕਾਂਗਰਸ ਪ੍ਰਧਾਨ ਹੋਣਗੇ। ਪਰ ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਸਿੱਧੂ ਦੇ ਨਾਲ ਚਾਰ ਕਾਰਜ਼ਕਾਰੀ ਪ੍ਰਧਾਨ ਬਣਾ ਦਿੱਤੇ ਗਏ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਨਵਜੋਤ ਸਿੰਘ ਸਿੱਧੂ ਉਤੇ ਕਾਂਗਰਸ ਹਾਈ ਕਮਾਨ ਯਕੀਨ ਨਹੀਂ ਕਰਦੀ ਜੋ ਉਸਦੇ ਪੈਰਾਂ 'ਚ ਬੇੜੀਆਂ ਪਹਿਲਾਂ ਹੀ ਜੜ੍ਹ ਦਿੱਤੀਆਂ ਗਈਆਂ ਹਨ?

ਇਸ ਫ਼ੈਸਲੇ ਨਾਲ ਪੰਜਾਬ ਕਾਂਗਰਸ ਬੁਰੀ ਤਰ੍ਹਾਂ ਦੋ-ਫਾੜ ਹੋਈ ਦਿਖਦੀ ਹੈ। ਜਿਥੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਵਜੋਂ ਜੀਅ ਆਇਆਂ ਆਖਣ ਲਈ ਦੌੜ ਲੱਗੀ ਹੋਈ ਹੈ, ਉਹਨਾ ਨੂੰ ਥਾਂ-ਥਾਂ ਵਿਧਾਇਕੀ ਟਿਕਟਾਂ ਪ੍ਰਾਪਤ ਕਰਨ ਦੇ ਚਾਹਵਾਨਾਂ ਵਲੋਂ ਹਾਰਾਂ ਨਾਲ ਲੱਦਿਆ ਜਾ ਰਿਹਾ ਹੈ। ਕਈ ਥਾਵੀਂ ਸਾਬਕਾ ਵਿਧਾਇਕ ਇਸ ਚਾਹਤ ਵਿੱਚ ਕਿ ਅਗਲੀ ਟਿਕਟ ਉਹਨਾ ਨੂੰ ਮਿਲੇਗੀ, ਆਪਣੀ ਤਾਕਤ ਵਿਖਾ ਰਹੇ ਹਨ, ਇੱਕ-ਦੂਜੇ ਵਿਰੁੱਧ ਨਾਹਰੇਬਾਜੀ ਕਰ ਰਹੇ ਹਨ। ਇਸ ਕਿਸਮ ਦੀ ਘਟਨਾ ਸ਼ਹੀਦ ਭਗਤ ਸਿੰਘ ਦੇ ਜਨਮ ਅਸਥਾਨ ਖਟਕੜ ਕਲਾਂ ਵਿਖੇ ਵੇਖਣ ਨੂੰ ਮਿਲੀ ਜਿਥੇ ਨਵਜੋਤ ਸਿੰਘ ਸਿੱਧੂ ਦੇ ਸਵਾਗਤ ਤੋਂ ਪਹਿਲਾਂ ਹੀ ਦੋ ਗਰੁੱਪ ਆਪਸ 'ਚ ਖਹਿਬੜ ਪਏ। ਅਸਲ ਵਿੱਚ ਤਾਂ ਟਿਕਟਾਂ ਦੇ ਚਾਹਵਾਨ ਦੋਹਾਂ ਖੇਮਿਆਂ 'ਚ ਹਾਜ਼ਰੀ ਲੁਆ ਰਹੇ ਹਨ। ਨਵਜੋਤ ਸਿੰਘ ਸਿੱਧੂ ਜਿਥੇ ਵਿਧਾਇਕਾਂ, ਮੰਤਰੀਆਂ ਕੋਲ ਜਾਕੇ ਆਪਣੇ ਹਾਜ਼ਰੀ ਲੁਆ ਰਹੇ ਹਨ, ਸਮਰੱਥਨ ਇਕੱਠਾ ਕਰ ਰਹੇ ਹਨ, ਉਥੇ ਕੈਪਟਨ ਅਮਰਿੰਦਰ ਸਿੰਘ ਜਿਹਨਾ ਨੇ ਹੁਣ ਤੱਕ ਵੀ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਨਹੀਂ ਕਬੂਲਿਆ, ਇਹ ਸੁਨੇਹਾ ਦੇ ਰਹੇ ਹਨ ਕਿ ਪੰਜਾਬ ਵਿੱਚ ਕਾਂਗਰਸ ਦਾ ਅਸਲ ਨੇਤਾ ''ਕੈਪਟਨ ਅਮਰਿੰਦਰ ਸਿੰਘ'' ਹੈ।

ਕਾਂਗਰਸ ਦੇ ਇਸ ਕਾਟੋ-ਕਲੇਸ਼ ਅਤੇ ਕਾਂਗਰਸ ਹਾਈ ਕਮਾਨ ਵਲੋਂ ਗਲਤ ਢੰਗ ਨਾਲ ਮਸਲੇ ਦੇ ਹੱਲ ਨਾਲ ਨਿਪਟਣ ਨੇ ਪੰਜਾਬ ਕਾਂਗਰਸ ਦਾ ਵੱਡਾ ਨੁਕਸਾਨ ਕੀਤਾ ਹੈ। ਕਾਂਗਰਸ ਦੋ ਧੜਿਆਂ 'ਚ ਵੰਡੀ ਗਈ ਹੈ ਅਤੇ ਇਸਦਾ ਲਾਭ ਵਿਰੋਧੀ ਪਾਰਟੀਆਂ ਨੂੰ ਹੋਏਗਾ। ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਪੰਜਾਬ 'ਚ ਅਗਲੀਆਂ ਚੋਣਾਂ 'ਚ ਇਸ ਸਥਿਤੀ ਵਿੱਚ ਕੋਈ ਵੀ ਸਿਆਸੀ ਪਾਰਟੀ ਬਹੁਮਤ ਪ੍ਰਾਪਤ ਨਹੀਂ ਕਰ ਸਕੇਗੀ। ਭਾਜਪਾ ਦਾ ਭਵਿੱਖ ਤਾਂ ਕਿਸਾਨੀ ਕਾਨੂੰਨਾਂ ਕਾਰਨ ਪਹਿਲਾਂ ਹੀ ਦਾਅ ਤੇ ਲੱਗਿਆ ਹੋਇਆ ਹੈ। ਬਾਦਲ ਅਕਾਲੀ-ਬਸਪਾ ਗੱਠਜੋੜ ਨੂੰ ਲੋਕਾਂ ਖ਼ਾਸ ਕਰਕੇ ਪਿੰਡਾਂ ਦੇ ਕਿਸਾਨਾਂ ਤੇ ਪੇਂਡੂਆਂ ਪ੍ਰਵਾਨ ਨਹੀਂ ਕੀਤਾ ਅਤੇ ਲੋਕ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਮਾਮਲੇ ਤੇ ਰੇਤ ਖਣਣ, ਨਸ਼ਿਆਂ ਦੇ ਰਾਜ ਨੂੰ ਭੁੱਲ ਨਹੀਂ ਸਕੇ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕਿਸਾਨੀ ਕਾਨੂੰਨਾਂ 'ਚ ਅਪਨਾਈ ਦੋਹਰੀ ਪਹੁੰਚ ਵੀ ਉਹਨਾ ਦੇ ਪਿੰਡਾਂ 'ਚ ਪੈਰ ਨਹੀਂ ਲੱਗਣ ਦੇ ਰਹੀ। ਆਮ ਆਦਮੀ ਪਾਰਟੀ ਦਾ ਕਾਡਰ ਪੰਜਾਬ ਦੇ ਧੁਰ ਅੰਦਰ ਸਥਾਪਤ ਨਹੀਂ ਹੋ ਸਕਿਆ ਅਤੇ ਆਮ ਆਦਮੀ ਪਾਰਟੀ ਦੇ ਦਿੱਲੀ ਨੇਤਾਵਾਂ ਦੀ ਪੰਜਾਬ ਮਸਲਿਆਂ ਪ੍ਰਤੀ ਦੂਹਰੀ ਪਹੁੰਚ ਵੀ ''ਆਪ'' ਨੂੰ ਲੋਕਾਂ 'ਚ ਜੜ੍ਹਾਂ ਨਹੀਂ ਦੇ ਰਹੀ। ਖੱਬੀਆਂ ਧਿਰਾਂ ਆਪਣੀ ਸਾਰਥਿਕ ਭੂਮਿਕਾ ਨਿਭਾਉਣ 'ਚ ਪਿੱਛੇ ਰਹੀਆਂ ਹਨ ਅਤੇ ਲੋਕ ਅਧਾਰ ਨਹੀਂ ਬਣਾ ਰਹੀਆਂ।

ਕਾਂਗਰਸ ਹਾਈ ਕਮਾਨ ਵਲੋਂ ਕਾਂਗਰਸ ਦੀ ਇਸ ਪਾਲਿਸੀ ਤਹਿਤ ਕਿ ਨਵਿਆਂ ਨੂੰ ਸਾਹਮਣੇ ਲਿਆਉਣ ਅਤੇ ਲੋਕਾਂ ਨੂੰ ਨਵੇਂ ਨਵੇਂ ਨਾਹਰੇ ਦੇਕੇ ਭੁਚਲਾ ਲਵੋ ਅਤੇ ਕੋਈ ਨੇਤਾ ਆਪਣੇ ਬਰਾਬਰ ਨਾ ਹੋਣ ਦਿਓ ਤਹਿਤ ਨਵਜੋਤ ਸਿੰਘ ਸਿੱਧੂ ਸਾਹਮਣੇ ਲਿਆਂਦਾ ਗਿਆ ਹੈ। ਪਰ ਉਸਦਾ ਪੈਂਡਾ ਬਿਖੜਾ ਹੈ। ਕੀ ਸਿੱਧੂ ਸਾਰਿਆਂ ਨੂੰ ਨਾਲ ਲੈਕੇ ਚੱਲ ਸਕੇਗਾ? ਕੀ ਉਹਨਾ ਨੂੰ ਵੀ ਨਾਲ ਲਏਗਾ, ਜਿਹਨਾ ਨੂੰ ਉਹ ਛੱਜ 'ਚ ਪਾਕੇ ਛੱਟਿਆ ਕਰਦਾ ਸੀ? ਬਿਨ੍ਹਾਂ ਸ਼ੱਕ ਉਹ ਚੰਗਾ ਬੁਲਾਰਾ ਹੈ, ਪਰ ਉਸਦਾ ਸਿਆਸੀ ਤਜ਼ਰਬਾ ਕੀ ਐਡਾ ਹੈ ਕਿ ਉਹ ''ਚੰਗੇ-ਮਾੜੇ'' ਵਰਕਰ-ਨੇਤਾ, ਉਪਰਲੇ-ਹੇਠਲੇ ਹਰ ਕਾਂਗਰਸੀ ਨਾਲ ਸਾਂਝ ਪਾਉਣ 'ਚ ਕਾਮਯਾਬ ਹੋਏਗਾ? ਇਸ ਤੋਂ ਵੀ ਵੱਡੀ ਗੱਲ ਇਹ ਕਿ ਕੀ ਉਹ ਕੈਪਟਨ ਅਮਰਿੰਦਰ ਸਿੰਘ ਦੇ ਉਹ ਤਿਰਛੇ ਬਾਣ ਝੱਲ ਸਕੇਗਾ, ਜਿਹੜੇ ਨੇੜ-ਭਵਿੱਖ 'ਚ ਉਹ ਆਪਣੀ ਹੋਂਦ ਨੂੰ ਬਚਾਉਣ ਲਈ ਛੱਡਣਗੇ? ਚਣੌਤੀਆਂ ਨਵਜੋਤ ਸਿੰਘ ਸਿੱਧੂ ਅੱਗੇ ਵੱਡੀਆਂ ਹਨ ਅਤੇ ਸਭ ਤੋਂ ਵੱਡੀ ਚਣੌਤੀ ਅਮਰਿੰਦਰ ਸਿੰਘ ਦਾ ਵਿਸ਼ਵਾਸ਼ ਜਿੱਤਣ ਦੀ ਹੈ। ਕਾਂਗਰਸ ਪ੍ਰਧਾਨ ਬਨਣ ਤੋਂ ਪਹਿਲਾਂ ਉਹਨਾ ਨੇ ਜਿਹੜੇ ਮੁੱਦੇ ਚੁੱਕੇ ਹਨ ਅਤੇ ਪੰਜਾਬ ਦੇ ਲੋਕਾਂ ਦੇ ਚਹੇਤੇ ਬਣੇ ਹਨ। ਕੀ ਉਹ ਕੈਪਟਨ ਅਮਰਿੰਦਰ ਸਿੰਘ ਨਾਲ ਛੱਤੀ ਦਾ ਅੰਕੜਾ ਹੋਣ ਕਾਰਨ ਇਹਨਾ ਮੁੱਦਿਆਂ ਨੂੰ ਕੈਪਟਨ ਸਰਕਾਰ ਤੋਂ ਹੱਲ ਕਰਵਾ ਸਕਣਗੇ? ਜੇਕਰ ਬੇਅਦਬੀ ਵਾਲਾ ਮੁੱਦਾ, ਨਸ਼ਿਆਂ ਅਤੇ ਰੇਤ ਮਾਫੀਆ ਵਾਲਾ ਮੁੱਦਾ ਆਉਣ ਵਾਲੇ ਸਮੇਂ 'ਚ ਜਿਉਂ ਦਾ ਤਿਉਂ ਬਣਿਆ ਰਿਹਾ ਤਾਂ ਸਿੱਧੂ ਦਾ ਰਾਹ ਕਿਹੜਾ ਹੋਏਗਾ? ਅੱਜ ਹੀ ਖਟਕੜ ਕਲਾਂ ਵਿਖੇ ਇਕੱਤਰ ਹੋਏ ਸੈਂਕੜੇ ਲੋਕ ਤੇ ਕਿਸਾਨ ਨਵਜੋਤ ਸਿੰਘ ਸਿੱਧੂ ਤੋਂ 2017 'ਚ ਕੀਤੇ ਵਾਅਦਿਆਂ ਦੀ ਪੂਰਤੀ ਲਈ ਸਵਾਲ ਕਰਨ ਲੱਗੇ। ਜਵਾਬ ਨਾ ਮਿਲਣ ਕਾਰਨ ਹੰਗਾਮਾ ਹੋ ਗਿਆ ਅਤੇ ਲੋਕਾਂ ਨੇ ਖਟਕੜ ਕਲਾਂ ਵਿਖੇ ਸੜਕ ਜਾਮ ਕਰ ਦਿੱਤੀ।

ਬਿਨ੍ਹਾਂ ਸ਼ੱਕ ਪੰਜਾਬ ਦੀ ਕਾਂਗਰਸ 'ਚ ਕਾਟੋ-ਕਲੇਸ਼ ਨਵਾਂ ਨਹੀਂ ਹੈ। ਸਥਾਪਿਤ ਲੀਡਰਸ਼ਿਪ ਵਿਰੁੱਧ ਘੁਸਰ-ਮੁਸਰ ਹੋਣਾ ਆਮ ਗੱਲ ਹੈ। ਪਰ ਜਿਸ ਢੰਗ ਨਾਲ ਚੋਣਾਂ ਤੋਂ ਪਹਿਲਾਂ ਜੋ ਖਿਲਾਰਾ ਪਾਇਆ ਗਿਆ ਹੈ, ਉਸ ਨਾਲ ਕਾਂਗਰਸ ਨੂੰ ਸਿੱਧਾ ਨੁਕਸਾਨ ਹੋਇਆ ਹੈ। ਭਾਵੇਂ ਕਿ ਕਾਂਗਰਸ ਹਾਈ ਕਮਾਨ ਨੇ ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਹਿੰਦੂਆਂ ਦਾ ਸੰਤੁਲਨ ਬਣਾਕੇ ਮਾਝਾ, ਮਾਲਵਾ, ਦੁਆਬਾ ਦੇ ਪ੍ਰਤੀਨਿਧੀਆਂ ਸੰਗਤ ਸਿੰਘ ਗਿਲਜੀਆਂ, ਸੁਖਵਿੰਦਰ ਸਿੰਘ ਡੈਨੀ, ਪਵਨ ਕੁਮਾਰ ਗੋਇਲ ਅਤੇ ਕੁਲਜੀਤ ਸਿੰਘ ਨਾਗਰਾ ਨੂੰ ਪ੍ਰਤੀਨਿਧਤਾ ਦਿੱਤੀ ਹੈ, ਅਤੇ ਇਹ ਚਾਰੋਂ ਰਾਹੁਲ ਗਾਂਧੀ ਟੀਮ ਦੇ ਮੈਂਬਰ ਹਨ, ਪਰ ਇਸ ਨਾਲ ਟਕਸਾਲੀ ਕਾਂਗਰਸੀਆਂ 'ਚ ਇਹ ਪ੍ਰਭਾਵ ਗਿਆ ਹੈ ਕਿ ਕਾਂਗਰਸ ਪਾਰਟੀ ਦੇ ਅਹੁਦੇ ਲੈਣ ਲਈ ਟਕਸਾਲੀ ਕਾਂਗਰਸੀ ਹੋਣਾ ਜ਼ਰੂਰੀ ਨਹੀਂ, ਜਿਹੜਾ ਦੇਰ ਸਵੇਰ ਕਾਂਗਰਸ ਵਿਚੋਂ ਇਹਨਾ ਲੋਕਾਂ ਦੇ ਦੂਰ ਜਾਣ ਤੇ ਹੋਰ ਪਾਰਟੀਆਂ 'ਚ ਸ਼ਾਮਲ ਹੋਣ ਦਾ ਕਾਰਨ ਬਣੇਗਾ। ਸਿੱਧੂ ਦੇ ਪ੍ਰਧਾਨ ਬਣਨ ਨਾਲ ਪੁਰਾਣੇ ਕਾਂਗਰਸੀਆਂ ਪਰਿਵਾਰਾਂ 'ਚ ਬਗਾਵਤ ਦੀ ਅੱਗ ਧੁੱਖਣ ਲੱਗ ਪਈ ਹੈ।






ਗੁਰਮੀਤ ਪਲਾਹੀ
91-98158-02070

ਮੌਜੂਦਾ ਹਾਲਤਾਂ ਵਿੱਚ ਕਾਂਗਰਸ ਦੀ ਹਾਲਤ ਹਾ-ਸੋਹੀਣੀ ਬਣ ਚੁੱਕੀ ਹੈ। ਕਾਂਗਰਸ ਹਾਈ ਕਮਾਨ ਜਿਸਨੇ ਸਿਆਸੀ ਧੁਰੰਤਰਾਂ ਨੂੰ ਲੜਾਕੇ ਆਪਣਾ ਉੱਲੂ ਸਿੱਧਾ ਕਰਨ ਦਾ ਯਤਨ ਕੀਤਾ ਹੈ, ਸ਼ਾਇਦ ਉਸਨੂੰ ਇਸ ਗੱਲ ਦਾ ਅਹਿਸਾਸ ਥੋੜ੍ਹੇ ਸਮੇਂ ਬਾਅਦ ਹੋ ਜਾਏ ਤੇ ਉਹਨਾ ਨੂੰ ਹੱਥ ਦੀਆਂ ਦਿੱਤੀਆਂ ਦੰਦਾਂ ਨਾਲ ਖੋਲ੍ਹਣੀਆਂ ਪੈਣ। ਗੁੱਟਬਾਜੀ ਕਾਰਨ ਪੰਜਾਬ 'ਚ ਹੀ ਨਹੀਂ ਮੱਧ ਪ੍ਰਦੇਸ਼ ਵਿੱਚ ਆਪਣੀ ਗੱਦੀ ਗੁਆ ਚੁੱਕੀ ਹੈ। ਰਾਜਸਥਾਨ 'ਚ ਗੁੱਟਬੰਦੀ ਸੁਝਾਅ ਨਹੀਂ ਸਕੀ। ਛੱਤੀਸਗੜ੍ਹ ਵਿੱਚ ਵੀ ਹਾਲਤ ਇਹੋ ਹੈ।

ਇਹ ਵੱਡਾ ਸੱਚ ਹੈ ਕਾਂਗਰਸ ਦੇ ਇਸ ਕਾਟੋ-ਕਲੇਸ਼ ਕਾਰਨ ਨਵਜੋਤ ਸਿੰਘ ਸਿੱਧੂ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਵਾਨ ਨਹੀਂ ਕਰਨਾ ਅਤੇ ਅਗਲੇ 6 ਜਾਂ 8 ਮਹੀਨੇ ਉਸਨੇ ਹਾਈ ਕਮਾਨ ਦੀ ਪ੍ਰਵਾਹ ਨਾ ਕਰਕੇ ਪੰਜਾਬ ਵਜਾਰਤ ਚਲਾਉਣੀ ਹੈ, ਕਿਉਂਕਿ ਕਾਂਗਰਸ ਹਾਈ ਕਮਾਨ ਕਦੇ ਇਹ ਗਵਾਰਾ ਨਹੀਂ ਕਰੇਗੀ ਕਿ ਸਿੱਧੂ ਨਾਲ ਖੜੇ ਦੋ ਦਰਜਨ ਵਿਧਾਇਕਾਂ ਦੀ ਹਿਮਾਇਤ ਕੈਪਟਨ ਵਜਾਰਤ ਤੋਂ ਵਾਪਿਸ ਲੈ ਕੇ ਪੰਜਾਬ 'ਚ ਕਾਂਗਰਸ ਹਕੂਮਤ ਦਾ ਖ਼ਾਤਮਾ ਕਰ ਲਏ। ਕੈਪਟਨ ਅਮਰਿੰਦਰ ਸਿੰਘ ਇੱਕ ਸੂਝਵਾਨ, ਤਜ਼ਰਬੇਦਾਰ ਸਿਆਸਦਾਨ ਦੇ ਤੌਰ 'ਤੇ ਵਿਰੋਧੀ ਗਰੁੱਪ ਨੂੰ ਨੁਕਰੇ ਲਾਉਣ ਲਈ ਹਰ ਢੰਗ ਵਰਤੇਗਾ। ਇਹ ਵੱਖਰੀ ਗੱਲ ਹੈ ਕਿ ਇਸ ਸਭ ਕੁਝ ਦੇ ਨਾਲ ਉਹ ਅੱਗੋਂ ਸਰਕਾਰ ਬਣਾ ਸਕੇ ਜਾਂ ਨਾ। ਉਹ ਵਿਧਾਇਕਾਂ ਨੂੰ ਲਾਲਚ ਦੇਕੇ, ਸਹੂਲਤਾਂ ਦੇਕੇ (ਜਿਵੇਂ ਕਿ ਅੱਜ ਹੀ 21 ਚਹੇਤੇ ਵਿਧਾਇਕਾਂ ਨੂੰ ਨਵੀਆਂ ਕਾਰਾਂ ਅਲਾਟ ਕੀਤੀਆਂ ਗਈਆਂ ਹਨ) ਉਹ ਆਪਣੇ ਨਾਲ ਕਰੇਗਾ ਅਤੇ ਵੱਡੀ ਗਿਣਤੀ 'ਚ ਆਪਣੇ ਸਮਰੱਥਕਾਂ ਨੂੰ ਟਿਕਟਾਂ ਦੁਆ ਕੇ ਜਿਤਾਉਣ ਲਈ ਉਹ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰੇਗਾ ਅਤੇ ਆਪਣੇ ਵਿਰੋਧੀ ਧੜੇ ਦੇ ਲੋਕਾਂ ਨੂੰ ਹਰਾਉਣ 'ਚ ਭੂਮਿਕਾ ਨਿਭਾਉਣ ਤੋਂ ਗੁਰੇਜ਼ ਵੀ ਨਹੀਂ ਕਰੇਗਾ।

ਇਹ ਅਫ਼ਵਾਹਾਂ ਵੀ ਹਨ ਕਿ ਕੈਪਟਨ ਆਪਣੀ ਵੱਖਰੀ ਪਾਰਟੀ ਬਣਾ ਲੈਣਗੇ, ਕਿਸਾਨਾਂ ਤੋਂ ਮਦਦ ਲੈਕੇ ਚੋਣ ਲੜਨਗੇ ਜਾਂ ਕਿਸਾਨਾਂ ਦੇ ਮਸਲੇ ਕੇਂਦਰ ਤੋਂ ਹੱਲ ਕਰਵਾਕੇ ਉਹ ਭਾਜਪਾ ਵਲੋਂ ਸਿੱਖ ਚਿਹਰਾ ਬਣਕੇ ਮੁੱਖ ਮੰਤਰੀ ਬਣ ਜਾਣਗੇ। ਇਹ ਕਿਆਸ ਅਰਾਈਆਂ ਸਮੇਂ ਤੋਂ ਪਹਿਲਾਂ ਦੀਆਂ ਹਨ। ਇਸ ਵੇਲੇ ਤਾਂ ਕਾਂਗਰਸ ਪਾਰਟੀ ਨੂੰ ਜਿਹੜਾ ਨੁਕਸਾਨ ਅਨਾੜੀ ਕਾਂਗਰਸ ਹਾਈ ਕਮਾਨ ਕਾਰਨ ਝਲਣਾ ਪਿਆ ਹੈ, ਉਸਨੂੰ ਠੀਕ ਕਰਨਾ, ਲੀਹੇ ਲਿਆਉਣਾ ਸ਼ਾਇਦ ਅਮਰਿੰਦਰ ਸਿੰਘ ਦਾ ਅਜੰਡਾ ਹੋਏਗਾ। ਕਾਂਗਰਸ ਦੀ ਇਸ ਅੰਦਰੂਨੀ ਲੜਾਈ ਨੇ ਪੰਜਾਬੀਆਂ ਨੂੰ ਪ੍ਰੇਸ਼ਾਨ ਕੀਤਾ ਹੈ। ਉਹਨਾ ਦੀ ਇਹ ਪ੍ਰੇਸ਼ਾਨੀ ਉਂਜ ਲੰਮੇ ਸਮੇਂ ਤੋਂ ਇਸ ਕਰਕੇ ਵੀ ਹੈ ਕਿ ਪੰਜਾਬੀ, ਸਿਆਸੀ ਲੋਕਾਂ ਤੋਂ ਮੂੰਹ ਵੱਟ ਰਹੇ ਹਨ, ਕਿਉਂਕਿ ਸਿਆਸੀ ਲੋਕ ਸਵਾਰਥੀ ਹੋ ਗਏ ਹਨ ਤੇ ਉਹਨਾ ਦੀ ਬਾਂਹ ਨਹੀਂ ਫੜ ਰਹੇ। ਉਹਨਾ ਦੀ ਪੀੜ ਨਹੀਂ ਸਮਝਦੇ। ਉਹਨਾ ਨੂੰ ਰਿਆਇਤਾਂ ਦੇ ਕੇ ਜਾਂ ਧਰਮ, ਜਾਤ ਦੇ ਨਾਮ ਤੇ ਵੰਡ, ਤਕਸੀਮ ਦੀ ਸਿਆਸਤ ਕਰਕੇ ਗੁੰਮਰਾਹ ਕਰ ਰਹੇ ਹਨ।

# ਜੁਲਾਈ ਮਹੀਨੇ ਦੇ ਕਾਸ਼ੀਰਾਮ/ ਬਹੁਜਨ ਮੂਵਮੈਂਟ ਦੇ ਇਤਿਹਾਸਕ ਤੱਥ, ਹਰ ਰੋਜ਼ ਸਾਹਿਬ ਸ਼੍ਰੀ ਕਾਸ਼ੀਰਾਮ ਜੀ ਭਾਰਤ ਵਾਸੀਆਂ ਨੂੰ ਕੀ ਕਿਹਾ



ਅਮਨਦੀਪ ਸਿੱਧੂ
94657-54037

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

**26 ਜੁਲਾਈ 1997** ਨੂੰ ਉੱਤਰ ਪ੍ਰਦੇਸ਼, ਕਾਨਪੁਰ ਵਿਖੇ ਸ਼ਾਹੂ ਮੇਲਾ ਆਯੋਜਿਤ ਕੀਤਾ ਗਿਆ ਨੂੰ ਸੰਬੋਧਨ ਕੀਤਾ।

**ਭਾਸ਼ਣ:** ਅਗਲੇ ਪੰਜ ਸਾਲ ਸਾਡੇ ਸੰਘਰਸ਼ ਦੇ ਮਹੱਤਵਪੂਰਨ ਸਾਲ ਹੈ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**26 ਜੁਲਾਈ 1997** ਨੂੰ ਉੱਤਰ ਪ੍ਰਦੇਸ਼, ਲਖਨਊ ਵਿਖੇ ਹਿੱਸੇਦਾਰੀ ਭਵਨ, 9.64 ਕਰੋੜ ਦੀ ਲਾਗਤ ਨਾਲ ਜਨਤਾ ਨੂੰ ਸਮਰਪਿਤ ਕੀਤਾ ਗਿਆ।

**ਭਾਸ਼ਣ:** ਦਲਿਤਾਂ ਅਤੇ ਸ਼ੋਸ਼ਿਤ ਦੇ ਨਵੇਂ ਸ਼ੰਘਰਸ਼ ਦੀ ਸ਼ੁਰੂਆਤ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ।

**27 ਜੁਲਾਈ 1997** ਨੂੰ ਉੱਤਰ ਪ੍ਰਦੇਸ਼, ਕਾਨਪੁਰ ਵਿਖੇ ਸ਼ਾਹੂ ਮੇਲੇ ਨੂੰ ਸੰਬੋਧਨ ਕੀਤਾ।

**ਭਾਸ਼ਣ:** ਸ਼ਾਹੂ ਮੇਲੇ ਚ ਪਹੁੰਚੇ ਪੂਰੇ ਦੇਸ਼ ਚ ਸਮਾਜਿਕ ਪਰਿਵਰਤਨ ਦਾ ਸੰਦੇਸ਼। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**27 ਜੁਲਾਈ 1997** ਨੂੰ ਉੱਤਰ ਪ੍ਰਦੇਸ਼, ਕਾਨਪੁਰ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕਰਦੇ ਹੋਏ।

**ਭਾਸ਼ਣ:** ਮਾਇਆਵਤੀ ਸਰਕਾਰ ਦੇ ਖਿਲਾਫ ਸ਼ਾਜਿਸ ਰੱਚ ਰਹੇ ਹੈ ਰਮੇਸ਼ ਭੰਡਾਰੀ। : - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**27 ਜੁਲਾਈ 1997** ਨੂੰ ਉੱਤਰ ਪ੍ਰਦੇਸ਼, ਕਾਨਪੁਰ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕਰਦੇ ਹੋਏ।

**ਭਾਸ਼ਣ:** ਚਾਹਤ ਦੇ ਅਨੁਸਾਰ ਸਾਨੂੰ ਆਪਣੀ ਤਾਕਤ ਬਣਾਨੀ ਹੋਵੇਗੀ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**28 ਜੁਲਾਈ 1986** ਨੂੰ ਘਾਟਮਪੁਰ ਵਿਖੇ ਵਿਸ਼ਾਲ ਜਨਸਭਾ ਨੂੰ ਸੰ-ਬੋਧਨ ਕੀਤਾ।

**ਭਾਸ਼ਣ:** ਬਹੁਜਨ ਸਮਾਜ ਆਪਣੇ ਵੋਟ ਦੀ ਸੁਰੱਖਿਆ ਕਰਨੇ ਲਈ ਅੱਗੇ ਆਏ, ਤਾ ਕਿ ਆਪਣੇ ਸਹੀ ਪ੍ਰਤੀਨਿਧੀ ਭੇਜ ਸਕੇ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**30 ਜੁਲਾਈ 1996** ਨੂੰ ਉੱਤਰ ਪ੍ਰਦੇਸ਼, ਲਖਨਊ ਵਿਖੇ ਮਜ਼ਬੂਤ ਸਮਾਜ ਰੈਲੀ ਨੂੰ ਸੰਬੋਧਨ ਕੀਤਾ।

ਸਾਡੇ ਸੰਘਰਸ਼ ਦਾ ਲਕਸ਼ ਇਨਸਾਫ ਦਿਲਾਏਗਾ।

**ਭਾਸ਼ਣ:** ਰਾਜਨੀਤਿਕ ਲੋਕਤੰਤਰ ਸਮਾਜਿਕ ਲੋਕਤੰਤਰ ਤੋਂ ਬਿਨਾਂ ਸਫਲ ਨਹੀਂ ਹੈ। : - ਸਾਹਿਬ ਸ਼੍ਰੀ ਕਾਂਸ਼ੀਰਾਮ ਜੀ

**30 ਜੁਲਾਈ, 1997** ਨੂੰ ਸੰਸਦ ਭਵਨ ਦਿੱਲੀ, ਪਾਰਲੀਮੈਂਟ ਵਿਖੇ ਸੰਬੋਧਨ ਕੀਤਾ।

**ਭਾਸ਼ਣ:** ਸੰਘਰਸ਼ ਦੇ ਲਈ ਆਤਮਨਿਰਭਰ ਹੋਣਾ ਅਤਿ ਜ਼ਰੂਰੀ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ।

**31 ਜੁਲਾਈ 1992** ਨੂੰ ਉੱਤਰ ਪ੍ਰਦੇਸ਼, ਬਰਾਨਸੀ ਵਿਖੇ ਬਸਪਾ ਵਰਕਰਾਂ ਸੰਮੇਲਨ ਦੌਰਾਨ ਉਨ੍ਹਾਂ ਨੇ ਸੰਬੋਧਨ ਕੀਤਾ।

****

# ਹਜ਼ਾਰਾਂ ਕਿਤਾਬਾਂ ਨੂੰ ਪੜ੍ਹਨ ਵਾਲੇ ਅੰਬੇਡਕਰ ਨੇ ਇੱਕ ਕਿਤਾਬ ਕਿਉਂ ਸਾੜ੍ਹੀ?



ਸੰਤੋਖ ਸਿੰਘ ਜੱਸੀ
91-70876–19800

**ਅੱਜ** ਵਿਸ਼ਵ ਜਾਣੂੰ ਹੈ ਕਿ ਬਾਬਾ ਸਾਹਿਬ ਦੁਨੀਆਂ ਦੇ ਸਭ ਤੋਂ ਵੱਧ ਪੜ੍ਹੇ ਲੋਕਾਂ ਵਿੱਚੋਂ ਹਨ। ਉਹਨਾਂ ਦੀ ਨਿੱਜੀ ਲਾਇਬ੍ਰੇਰੀ ਵਿਚ 36 ਹਜ਼ਾਰਾਂ ਤੋਂ 50 ਹਜ਼ਾਰ ਕਿਤਾਬਾਂ ਸਨ। ਉਹ ਚਾਹੇ ਵਿਦੇਸ਼ ਵਿੱਚ ਰਹੇ ਜਾਂ ਦੇਸ਼ ਵਿੱਚ ਉਹ ਕਿਤਾਬਾਂ ਖਰੀਦਣ, ਪੜ੍ਹਨ ਤੇ ਲਿਖਣ ਦੀ ਰੁਚੀ ਉਹਨਾਂ ਦੀ ਜ਼ਿੰਦਗੀ ਦੇ ਆਖਰੀ ਦਿਨ ਤੱਕ ਰਹੀ।

ਪੁਸਤਕਾਂ ਨੂੰ ਹੱਦੋਂ ਵੱਧ ਪਿਆਰ ਕਰਨ ਵਾਲੇ ਐਡੇ ਵੱਡੇ ਇਨਸਾਨ ਨੇ ਜ਼ਿੰਦਗੀ ਵਿੱਚ ਸਿਰਫ ਇੱਕ ਕਿਤਾਬ/ਗ੍ਰੰਥ ''ਮਨੂੰ ਸਿਮਰਤੀ'' ਹੀ ਕਿਉਂ ਸਾੜ੍ਹੀ। ਇਸ ਦੀ ਕੀ ਵਜ੍ਹਾ ਹੋ ਸਕਦੀ ਹੈ? ਐਨੇ ਗਿਆਨਵਾਨ ਇਨਸਾਨ ਦੁਆਰਾ ਅਜਿਹਾ ਕਰਨਾ ਸਮਝਣ ਦਾ ਵੱਡਾ ਵਿਸ਼ਾ ਹੈ। ਕਿਉਂਕਿ ਉਸਨੇ ਪੁਸਤਕਾਂ ਰੱਖਣ ਲਈ ਰਾਜ ਗ੍ਰਹਿ ਵਰਗਾ ਵਿਸ਼ਾਲ ਭਵਨ ਬਣਾਇਆ ਸੀ। ਮਨੂੰ ਸਿਮਰਤੀ, ਜੋ ਸੰਸਕ੍ਰਿਤ ਭਾਸ਼ਾ ਵਿੱਚ ਹੈ। ਜਿਸ ਨੂੰ ਬਾਬਾ ਸਾਹਿਬ ਨੇ ਪੜ੍ਹਿਆ, ਘੋਖਿਆ ਤੇ ਸਮਝਿਆ ਕਿ ਇਹ ਧਾਰਮਿਕ ਪੁਸਤਕ ਨਹੀਂ ਸਗੋਂ ਅਛੂਤਾਂ ਤੇ ਔਰਤਾਂ ਲਈ ਜ਼ੰਜੀਰਾਂ ਵਿਚ ਜਕੜਨ ਵਾਲੇ ਕਾਨੂੰਨ ਦੀ ਕਿਤਾਬ ਹੈ।

ਜਿਸ ਦੇ ਲਾਗੂ ਹੋਣ ਨਾਲ ਦੇਸ਼ ਗੈਰ-ਬਰਾਬਰੀ ਵਾਲੀ ਵਿਵਸਥਾ ਵਿੱਚ ਚਲਾ ਗਿਆ। ਮਨੁੱਖ-ਮਨੁੱਖ ਦਾ ਵੈਰੀ ਹੋ ਗਿਆ। ਇਸ ਪੁਸਤਕ ਦੇ ਲਾਗੂ ਹੋਣ ਨਾਲ ਇੱਕ ਮਨੁੱਖ ਨੂੰ ਸਰਵਸ੍ਰੇਸ਼ਟ ਐਲਾਨ ਕਰ ਦਿੱਤਾ। ਜਿਸ ਨੂੰ ਬ੍ਰਾਹਮਣ ਦੱਸਿਆ ਗਿਆ ਜੋ ਸਾਰੇ ਸਮਾਜ ਤੇ ਰਾਜ ਕਰੇਗਾ। ਉਸ ਦਾ ਕਿਹਾ, ਇੱਕ ਰੱਬੀ ਹੁਕਮ ਵਾਂਗ ਮੰਨਣ ਲਈ ਬਾਕੀ ਵੈਸ਼, ਕਸ਼ੱਤਰੀ ਤੇ ਸ਼ੂਦਰ ਵਰਗ ਪਾਬੰਦ ਹੋਣਗੇ। ਦੂਜਾ ਵੈਸ਼ ਵਰਗ ਵਪਾਰ ਕਰੇਗਾ, ਕਸ਼ੱਤਰੀ ਲੜਾਈ-ਝਗੜਾ ਭਾਵ ਦੂਜੇ ਦੇਸ਼ਾਂ ਨਾਲ ਜੰਗ ਕਰੇਗਾ ਤੇ ਤਿੰਨ ਵਰਗਾਂ ਦੀ ਸੇਵਾ ਸ਼ੂਦਰ ਵਰਗ ਕਰੇਗਾ ਤੇ ਸ਼ੂਦਰਾਂ (ਅਛੂਤਾਂ) ਦੇ ਦਿਲ ਦਿਮਾਗ ਵਿੱਚ ਪਾ ਦਿੱਤਾ ਗਿਆ ਕਿ ਤੁਹਾਡਾ ਇਹ ਹਾਲ ਤੁਹਾਡੇ ਪਿਛਲੇ ਜਨਮਾਂ ਵਿੱਚ ਕੀਤੇ ਪਾਪਾਂ ਦੇ ਕਾਰਨ ਹੈ। ਹੁਣ ਦੀ ਸੇਵਾ ਤੁਹਾਨੂੰ ਸਵਰਗ ਵਿੱਚ ਵਾਸਾ ਕਰਵਾਏਗੀ। ਮਨੂੰ ਸਿਮਰਿਤੀ ਲਿਖਣ ਵਾਲਾ ਇਕ ਮਨੁੱਖ ਸੁਮਿਤ ਭਾਰਗਵ ਜਿਸ ਨੇ ਕਿਹਾ ਕਿ ਇਹ ਜੋ ਮੈਂ ਲਿਖ ਰਿਹਾ ਹਾਂ ਉਹ ਦੈਵੀ ਸ਼ਕਤੀ ਮੇਰੇ ਕੋਲੋਂ ਲਿਖਵਾ ਰਹੀ ਹੈ। ਬਾਬਾ ਸਾਹਿਬ ਨੇ ਆਪਣੀਆਂ ਲਿਖਤਾਂ ਵਿੱਚ ਦੱਸਿਆ ਕਿ ਇਹ ਗ੍ਰੰਥ 170 ਤੋਂ 150 ਬੀ. ਸੀ. ਦਰਮਿਆਨ ਦੀ ਰਚਨਾ ਹੈ। ਇਹ ਰਚਨਾ ਸ਼ੂਦਰਾਂ ਅਤੇ ਔਰਤਾਂ ਦੇ ਵਿਰੁੱਧ ਲਿਖੀ ਗਈ ਹੈ। ਮਨੂੰ ਨੇ ਜਾਤਪਾਤ (ਚਤੁਰਵਰਣ) ਦੇ ਵਿੱਚਾਰ ਨੂੰ ਦਾਰਸ਼ਨਿਕ, ਧਾਰਮਿਕ, ਪਵਿੱਤਰ-ਰੱਬੀ, ਕਾਨੂੰਨੀ ਸਜ਼ਾਯੋਗ ਬਣਾ ਦਿੱਤਾ। ਮਨੂੰ ਨੇ ਇੱਕ ਆਮ ਆਦਮੀ ਦੁਆਰਾ ਗਿਆਨ ਪ੍ਰਾਪਤੀ ਨੂੰ ਸਜਾਯੋਗ ਬਣਾ ਦਿੱਤਾ। ਜਿਸ ਕਾਰਨ ਅਨਪੜ੍ਹਤਾ ਅਤੇ ਅਗਿਆਨਤਾ ਦਾ ਜਨਮ ਹੋਇਆ। ਔਰਤ ਕਿਸੇ ਵੀ ਪ੍ਰਸਥਿਤੀ ਵਿੱਚ ਆਜ਼ਾਦ ਨਹੀਂ ਹੋਵੇਗੀ।

ਬਾਬਾ ਸਾਹਿਬ ਨੇ ਸਾਰੀ ਛਾਣਬੀਣ ਕਰਕੇ, ਚੀਰ ਫਾੜ ਕਰਦਿਆਂ ਲਿਖਿਆ ਕਿ ਇਸ ਪੁਸਤਕ ਮੁਤਾਬਿਕ ਹੀ




ਉਕਤ ਦੱਸੇ ਚਾਰ ਵਰਨ ਹੋਂਦ ਵਿੱਚ ਆਏ। ਜੋ ਭਾਰਤ ਦੇ ਪਤਨ ਦਾ ਮੂਲ ਕਾਰਨ ਹੈ। ਇਸ ਪੁਸਤਕ ਨੇ ਹੀ ਤਰਕ-ਦਲੀਲ ਜਿਹੀ ਆਜ਼ਾਦ ਸੋਚ ਨੂੰ ਤਾਲੇ ਲਾਏ ਹਨ। ਬਾਬਾ ਸਾਹਿਬ ਦੀ ਇਹ ਸੋਚ ਰਹੀ ਕਿ ਮਨੂੰ ਸਿਮਰਤੀ ਤੋਂ ਇਲਾਵਾ ਹੋਰ ਅਨੇਕਾ ਗ੍ਰੰਥ, ਸਿਮਰਤੀਆਂ ਹਨ ਜੋ ਮਨੁੱਖਤਾ ਦੀਆਂ ਵੈਰੀ ਹਨ। ਇਸ ਕਰਕੇ ਬਾਬਾ ਸਾਹਿਬ ਨੇ 25 ਦਸੰਬਰ 1927 ਨੂੰ ਇੱਕ ਟੋਆ ਪੁੱਟ ਕੇ ਮਨੂੰ ਸਮਰਿਤੀ ਨੂੰ ਸਾੜ੍ਹ ਸੁੱਟਿਆ।

ਭਾਰਤ ਦੇ ਇਤਿਹਾਸ ਵਿੱਚ ਇਹ ਵੱਡੀ ਖਬਰ ਸੀ। ਉੱਚ ਜਾਤੀ ਦੇ ਲੋਕ ਭੈਅ ਭੀਤ ਹੋ ਗਏ ਕਿ ਡਾ. ਅੰਬੇਡਕਰ ਕਾਫਰ ਹੈ। ਜਿਸ ਨੇ ਸਾਡੀਆਂ ਮਾਨਤਾਵਾਂ ਵਾਲਾ ਗ੍ਰੰਥ ਸਾੜ ਸੁੱਟਿਆ। ਪਰ ਦੂਜੇ ਪਾਸੇ ਅਖੌਤੀ ਅਛੂਤ ਸਮਾਜ ਮੰਨਦਾ ਸੀ ਕਿ ਇਹ ਹੀ ਵਿੱਧ-ਮਾਤਾ ਹੈ, ਜਿਸ ਨੇ ਸਾਡੇ ਜਿਉਣ ਦੇ ਹੱਕ ਹਜ਼ਾਰਾਂ ਸਾਲਾਂ ਤੋਂ ਖੋਹੇ ਹੋਏ ਹਨ। ਸਾਡੇ ਨਾਲ ਘਟੀਆ ਤੋਂ ਘਟੀਆ ਵਿਵਹਾਰ ਕੀਤਾ ਜਾਂਦਾ ਰਿਹਾ। ਜਿਸ ਨੇ ਸਾਡੀ ਜ਼ਿੰਦਗੀ ਵਿੱਚ ਜ਼ਹਿਰ ਘੋਲ਼ਿਆ ਹੋਇਆ ਹੈ। ਇਸ ਨੂੰ ਸਾੜ ਕੇ ਬਾਬਾ ਸਾਹਿਬ ਨੇ ਬਰਾਬਰਤਾ ਲਈ ਮਹਾਨ ਕੰਮ ਕੀਤਾ।

ਬਾਬਾ ਸਾਹਿਬ ਲਿਖਦੇ ਹਨ ਕਿ ਇਸ ਦੇ 12 ਅਧਿਆਏ ਹਨ ਅਤੇ 25 ਹਜ਼ਾਰ ਤੋਂ ਵੀ ਵੱਧ ਸਲੋਕ ਹਨ। ਉਹਨਾਂ ਕਿਹਾ ਕਿ ਉਹ ਕਿਹੜਾ ਗ੍ਰੰਥ ਹੈ, ਜਿਸ ਵਿੱਚ ਕੋਈ ਵੀ ਗੱਲ ਕੰਮ ਦੀ ਨਾ ਹੋਵੇ। ਮਨੂੰ ਸਿਮਰਤੀ ਇਸ ਦਾ ਅਪਵਾਦ ਨਹੀਂ।

ਇਸੇ ਕਾਰਨ ਬਾਬਾ ਸਾਹਿਬ ਨੇ ਸੰਵਿਧਾਨ ਵਿੱਚ ਦਰਜ ਕੀਤਾ ਕਿ ਪਹਿਲਾਂ ਚੱਲ ਰਹੇ ਸਭ ਕਾਨੂੰਨ, ਪ੍ਰਥਾਵਾਂ ਅੱਜ ਤੋਂ ਖਤਮ ਹਨ। ਜੇਕਰ ਕੋਈ ਪੁਰਾਣੇ ਗ੍ਰੰਥਾਂ ਤੇ ਧਾਰਨਾਵਾਂ ਮੁਤਾਬਿਕ ਚੱਲਣ ਦੀ ਕੋਸ਼ਿਸ਼ ਕਰੇਗਾ ਤਾਂ ਉਹ ਕਾਨੂੰਨ ਦੀ ਨਜ਼ਰ ਵਿੱਚ ਸਜ਼ਾ ਦਾ ਹੱਕਦਾਰ ਹੋਵੇਗਾ। ਅੱਜ ਸੱਭਿਅਕ ਸਮਾਜ ਹੈ। ਭਾਰਤ ਦੇ ਹਰ ਨਾਗਰਿਕ ਨੂੰ ਬਰਾਬਰ ਅਧਿਕਾਰ ਹਨ।ਪਿੱਛੇ ਰਹਿ ਗਏ ਵਰਗਾਂ ਲਈ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ। ਜੇਕਰ ਮਨੂੰ ਸਿਮਰਤੀ ਦਾ ਪੂਰਾ ਖਾਕਾ ਪੇਸ਼ ਕਰਨਾ ਹੋਵੇ ਤੇ ਅੱਜ ਇਸ ਬਾਰੇ ਵਿਸਥਾਰ ਨਾਲ ਲਿਖਣਾ ਕਿਸੇ ਵੀ ਤਰ੍ਹਾਂ ਸੱਭਿਅਕ ਸਮਾਜ ਲਈ ਚੰਗਾ ਨਹੀਂ ਹੋਵੇਗਾ। ਕਿਉਂਕਿ ਇਸ ਵਿੱਚ ਨਫਰਤ, ਘਿਰਣਾ ਭਰਿਆ, ਗੈਰ-ਕੁਦਰਤੀ ਤੇ ਔਰਤਾਂ ਦੇ ਅੰਗਾਂ ਬਾਰੇ ਬਹੁਤ ਭੈੜਾ ਲਿਖਿਆ ਗਿਆ ਹੈ।

ਅਜਿਹੇ ਗੈਰ-ਕੁਦਰਤੀ, ਗੈਰਇਖਲਾਕੀ ਗੱਲਾਂ ਲਿਖੀਆਂ ਗਈਆਂ ਹਨ, ਜੋ ਕਦੇ ਵੀ ਸੰਭਵ ਨਹੀਂ। ਕਿਉਂਕਿ ਕੁਦਰਤ ਦੇ ਨਿਯਮਾਂ ਦਾ ਨਿਰਮਾਣ ਸਭ ਲਈ ਬਰਾਬਰ ਹੈ, ਪਰ ਮਨੂੰ ਸਿਮਰਤੀ ਇਸ ਵਰਤਾਰੇ ਦੇ ਬਿਲਕੁਲ ਉਲਟ ਰਚਨਾ ਹੈ। ਜਿਸ ਬਾਰੇ ਬਾਬਾ ਸਾਹਿਬ ਨੇ ਕਈ ਜਗ੍ਹਾ ਲਿਖਿਆ ਹੈ ਕਿ ਮਨੂੰ ਨੇ ਬਾਲ ਵਿਆਹ ਇਸ ਲਈ ਕਰਨ ਲਈ ਕਿਹਾ ਕਿ ਲੋਕ ਬੁੱਧ ਵੱਲ ਨਾ ਜਾਣ। ਉਹ ਲੋਕਾਂ ਨੂੰ ਬੁੱਧ ਧਰਮ ਵੱਲ ਜਾਣ ਤੋਂ ਰੋਕਣ ਲਈ ਹਰ ਤਰ੍ਹਾਂ ਦਾ ਪ੍ਰਬੰਧ ਕਰਦਾ ਹੈ। ਇਸੇ ਲਈ ਉਸਨੇ ਔਰਤਾਂ 'ਤੇ ਪਾਬੰਦੀਆਂ ਲਾਈਆਂ। ਉਸ ਨੇ ਔਰਤਾਂ ਦਾ ਇਹ ਕਹਿ ਕੇ ਅਪਮਾਨ ਕੀਤਾ ਹੈ ਕਿ ਔਰਤਾਂ ਅਧਿਆਤਮਕ ਸਮਰੱਥਾ ਪੱਖੋਂ ਬਾਂਝ ਹਨ, ਬੰਜਰ ਹਨ। ਔਰਤਾਂ ਨਾਲ ਜ਼ਾਲਮਾਨਾਂ ਵਰਤਾਰਾ ਹੈ, ਜਿਸ ਦੀ ਕੋਈ ਮਿਸਾਲ ਨਹੀਂ ਮਿਲਦੀ।

ਇਹਨਾਂ ਅਨੇਕਾਂ ਕਾਰਨਾਂ ਕਰਕੇ ਬਾਬਾ ਸਾਹਿਬ ਨੇ ਮਨੂੰ ਸਿਮਰਤੀ ਨਾਮੀ ਗ੍ਰੰਥ ਸਾੜ ਕੇ ਇਨਸਾਨੀਅਤ ਪਸੰਦ, ਔਰਤਾਂ ਦੇ ਹੱਕਾਂ ਦੇ ਸਮਰਥਕ ਤੇ ਮਨੁੱਖਤਾ ਦੇ ਨਾਇਕ ਹੋਣ ਦਾ ਸਬੂਤ ਦਿੱਤਾ। ਇਤਿਹਾਸ ਵਿੱਚ ਹਮੇਸ਼ਾ ਮਨੁੱਖਤਾ ਦੀ ਬਹਾਲੀ ਲਈ ਯਤਨ ਕਰਨ ਵਾਲਿਆਂ ਨੂੰ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਇਸ ਲਈ ਅੱਜ ਬਾਬਾ ਸਾਹਿਬ ਨੂੰ ਭਾਰਤ ਵਿੱਚ ਸਭ ਤੋਂ ਹਰਮਨ ਪਿਆਰਾ ਅਤੇ ਮਹਾਨ ਇਨਸਾਨ ਮੰਨਿਆਂ ਗਿਆ ਹੈ।



# ਮਹਾਨ ਤਪੱਸਵੀ, ਗਰੀਬ ਨਿਵਾਜ ਸ੍ਰੀ 108 ਸੰਤ ਗਰੀਬ ਦਾਸ ਜੀ

**ਉਦੋਂ** ਸ੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਪੰਜਾਬ ਦਾ ਦਫਤਰ ਸ੍ਰੀ ਗੁਰੂ ਰਵਿਦਾਸ ਮੰਦਰ ਚੱਕ ਹਕੀਮ (ਫਗਵਾੜਾ) ਵਿਖੇ ਹੁੰਦਾ ਸੀ, ਜਦੋਂ ਸੰਸਥਾ ਵੱਲੋਂ ਮਾਸਿਕ ਪੇਪਰ 'ਸਤਿ ਭਾਖੈ' ਕੱਢਣ ਦਾ ਫੈਸਲਾ ਲਿਆ ਅਤੇ ਇਸਨੂੰ ਰਿਲੀਜ਼ ਕਰਨ ਤੇ ਆਸ਼ੀਰਵਾਦ ਪ੍ਰਾਪਤ ਕਰਨ ਲਈ ਸ੍ਰੀ 108 ਸੰਤ ਗਰੀਬ ਦਾਸ ਜੀ ਗੱਦੀ ਨਸ਼ੀਨ ਸੱਚਖੰਡ ਬੱਲਾਂ (ਜਲੰਧਰ) ਤੇ ਸਹਿਮਤੀ ਹੋਈ। ਮਿੱਥੇ ਸਮੇਂ 'ਤੇ ਸ੍ਰੀ 108 ਸੰਤ ਗਰੀਬ ਦਾਸ ਜੀ ਨੇ ਸੰਸਥਾ ਦੇ ਸਮਾਗਮ ਵਿਚ ਸ਼ਿਰਕਤ ਕੀਤੀ ਅਤੇ ਆਪਣੇ ਕਰ-ਕਮਲਾਂ ਨਾਲ ਮਾਸਿਕ 'ਸਤਿ ਭਾਖੈ' ਰਿਲੀਜ਼ ਕੀਤੀ ਅਤੇ ਸਾਰੇ ਲੇਖਕ ਮੈਂਬਰਾਂ ਨੂੰ ਨਿੱਘਾ ਆਸ਼ੀਰਵਾਦ ਦਿੱਤਾ। ਇਹ ਪਹਿਲੀ ਵਾਰ ਸੀ ਜਦੋਂ ਮੈਂ ਇਹਨਾਂ ਦੇ ਦਰਸ਼ਨ ਕੀਤੇ ਅਤੇ ਆਸ਼ੀਰਵਾਦ ਪ੍ਰਾਪਤ ਕੀਤਾ। ਇਹਨਾਂ ਦੀ ਅਧਿਆਤਮਿਕਤਾ, ਵਿਦਵਤਾ ਤੇ ਰੂਹਾਨੀਅਤ ਦਾ ਗਹਿਰਾ ਪ੍ਰਭਾਵ ਮੇਰੇ 'ਤੇ ਪਿਆ ਤੇ ਫਿਰ ਜਦੋਂ ਮੈਂ ਪਹਿਲੀ ਵਾਰ 1997 ਵਿਚ ਡੇਰੇ ਸੱਚਖੰਡ ਬੱਲਾਂ ਵਿਖੇ ਗਿਆ ਤਾਂ ਉਦੋਂ ਡੇਰੇ ਬਾਰੇ ਅਤੇ ਡੇਰੇ ਦੇ ਮਹਾਨ ਮਹਾਂਪੁਰਸ਼ਾਂ ਬਾਰੇ ਗਿਆਨ ਪ੍ਰਾਪਤ ਹੋਇਆ।

ਸ੍ਰੀ 108 ਡੇਰਾ ਸੱਚਖੰਡ ਬੱਲਾਂ ਦੀ ਸਥਾਪਨਾ ਬ੍ਰਹਮਲੀਨ ਸ੍ਰੀ 108 ਸੁਆਮੀ ਸਰਵਣ ਦਾਸ ਜੀ ਨੇ ਆਪਣੇ ਕਰ-ਕਮਲਾਂ ਨਾਲ ਕੀਤੀ। 11 ਜੂਨ 1972 ਨੂੰ ਇਨ੍ਹਾਂ ਦੇ ਸੱਚਖੰਡ ਬਿਰਾਜਣ ਉਪਰੰਤ ਡੇਰੇ ਦੀ ਸੰਚਾਲਨਾ ਦੀ ਜ਼ਿੰਮੇਵਾਰੀ ਬ੍ਰਹਮਲੀਨ ਸ੍ਰੀ 108 ਸੰਤ ਹਰੀ ਦਾਸ ਜੀ ਨੇ ਸੰਭਾਲੀ। ਉਹ ਆਪਣੇ ਅੰਤਲੇ ਸਵਾਸ 6 ਫਰਵਰੀ 1982 ਤੱਕ ਡੇਰੇ ਦੀਆਂ ਸਾਰੀਆਂ ਸੇਵਾਵਾਂ ਨਿਭਾਉਂਦੇ ਰਹੇ। ਇਨ੍ਹਾਂ ਤੋਂ ਬਾਅਦ ਬ੍ਰਹਮਲੀਨ ਸ੍ਰੀ 108 ਸੰਤ ਗਰੀਬ ਦਾਸ ਜੀ ਨੇ ਡੇਰੇ ਦੀ ਵਾਗਡੋਰ ਸੰਭਾਲੀ ਅਤੇ 23 ਜੁਲਾਈ 1994 ਤੱਕ ਡੇਰੇ ਦੀ ਸੰਚਾਲਨਾ ਕੀਤੀ। ਇਨ੍ਹਾਂ ਤੋਂ ਬਾਅਦ ਮੌਜੂਦਾ ਗੱਦੀਨਸ਼ੀਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਡੇਰੇ ਦੀਆਂ ਸੇਵਾਵਾਂ ਬਹੁਤ ਹੀ ਵਧੀਆ ਤੇ ਸੁਚੱਜੇ ਢੰਗ ਨਾਲ ਨਿਭਾ ਰਹੇ ਹਨ।

ਮਹਾਨ ਤਪੱਸਵੀ ਬ੍ਰਹਮਲੀਨ ਸ੍ਰੀ 108 ਸੰਤ ਗਰੀਬ ਦਾਸ ਜੀ ਦਾ ਜਨਮ ਪਿਤਾ ਸਤਿਕਾਰਯੋਗ ਸ੍ਰੀ ਨਾਨਕ ਚੰਦ ਜੀ ਦੇ ਗ੍ਰਹਿ ਵਿਖੇ ਮਾਤਾ ਸਤਿਕਾਰਯੋਗ ਸ੍ਰੀਮਤੀ ਹਰ ਕੌਰ ਜੀ ਦੇ ਕੁੱਖੋਂ ਪਿੰਡ ਜਲਭੇ (ਜਲੰਧਰ) ਵਿਖੇ 1925 ਈਸਵੀ ਨੂੰ ਹੋਇਆ। ਆਪ ਛੇ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਛੇ ਮਹੀਨੇ ਦੀ ਉਮਰ ਵਿਚ ਹੀ ਪਿਤਾ ਜੀ ਦੀ ਮੌਤ ਹੋ ਜਾਣ ਕਾਰਨ ਇਨ੍ਹਾਂ ਦੀ ਪਰਵਰਿਸ਼ ਮਾਤਾ ਜੀ ਨੇ ਹੀ ਕੀਤੀ। ਆਪ ਜੀ ਦਾ ਪਰਿਵਾਰ ਧਾਰਮਿਕ ਪ੍ਰਵਿਰਤੀ ਦਾ ਹੋਣ ਕਰਕੇ ਇਸ ਦਾ ਆਪ ਜੀ ਦੀ ਵਿਦਵਤਾ 'ਤੇ ਗਹਿਰਾ ਪ੍ਰਭਾਵ ਪਿਆ। ਪਿੰਡ ਦੀਆਂ ਕਾਫੀ ਸੰਗਤਾਂ ਦਾ ਡੇਰਾ ਸੱਚਖੰਡ ਬੱਲਾਂ ਵਿਖੇ ਆਣ-ਜਾਣ ਰਹਿੰਦਾ ਸੀ ਤੇ ਆਪ ਜੀ ਵੀ ਸੰਗਤਾਂ ਨਾਲ ਡੇਰੇ ਜਾਂਦੇ ਤੇ ਸੁਆਮੀ ਸਰਵਣ ਦਾਸ ਜੀ ਪਾਸੋਂ ਨਿੱਘਾ ਆਸ਼ੀਰਵਾਦ ਪ੍ਰਾਪਤ ਕਰਦੇ। ਇਕ ਵਾਰ ਮਹਾਰਾਜ ਜੀ ਨੇ ਆਪ ਜੀ ਨੂੰ ਪੁੱਛਿਆ ਕਿ ਕਾਕਾ ਤੇਰਾ ਨਾਂ ਕੀ ਏ? ਤਾਂ ਆਪ ਜੀ ਨੇ ਕਿਹਾ, 'ਮੇਰਾ ਨਾਂ ਗਰੀਬੂ ਹੈ ਜੀ।' ਇਹ ਸੁਣ ਕੇ ਸੁਆਮੀ ਸਰਵਣ ਦਾਸ ਜੀ ਨੇ ਕਿਹਾ, 'ਹੇ ਬਾਲਕ! ਤੂੰ ਗਰੀਬ ਨਹੀਂ, ਤੂੰ ਗਰੀਬਾਂ ਦਾ ਮਾਲਕ ਏਂ। ਤੇਰੇ ਹਿਰਦੇ ਵਿਚ ਬਚਪਨ ਤੋਂ ਹੀ ਸਾਧੂਆਂ ਲਈ ਪਿਆਰ ਹੈ। ਤੂੰ ਇਕ ਦਿਨ ਮਹਾਨ ਸੰਤ ਬਣੇਗਾ ਅਤੇ ਜਿਸ ਤਰ੍ਹਾਂ ਤੂੰ ਸਾਡੇ ਦਰਸ਼ਨਾਂ ਨੂੰ ਆਉਂਦਾ ਹੈ, ਇਸੇ ਤਰ੍ਹਾਂ ਹੀ ਸੰਸਾਰ ਦੇ ਕੋਨੇ-ਕੋਨੇ ਤੋਂ ਦੁਨੀਆਂ ਤੇਰੇ ਦਰਸ਼ਨਾਂ ਨੂੰ ਆਇਆ ਕਰੇਗੀ ਤੇ ਚਰਨਾਂ ਦੀ ਧੂੜੀ ਮਸਤਕ ਨੂੰ ਲਗਾਇਆ ਕਰੇਗੀ।' ਸਭ ਸੰਗਤਾਂ ਇਹ ਸੁਣ ਕੇ ਹੈਰਾਨ ਅਤੇ ਖੁਸ਼ ਹੋਈਆਂ।

ਆਪ ਜੀ ਦਾ ਡੇਰਾ ਬੱਲਾਂ ਵਿਚ ਆਣ-ਜਾਣ ਬਣਿਆ ਰਹਿੰਦਾ। ਆਪ ਜੀ ਨੂੰ ਸਵਾਮੀ ਸਰਵਣ ਦਾਸ ਜੀ ਪਾਸੋਂ ਨਾਮ ਦੀ ਦਾਤ ਵੀ ਬਖਸ਼ਿਸ਼ ਹੋਈ। ਆਪ ਪਰਿਵਾਰਕ ਮੈਂਬਰਾਂ ਨਾਲ ਕੱਪੜਾ ਬੁਣਨ ਦੀ ਕਿਰਤ ਵੀ ਕਰਦੇ। ਆਪ ਜੀ 15 ਕੁ ਸਾਲ ਦੇ ਸਨ ਜਦੋਂ ਹੁਸ਼ਿਆਰਪੁਰ ਵਿਖੇ ਆਪ ਜੀ ਨੂੰ ਇਕ ਕੱਪੜਾ ਫੈਕਟਰੀ ਵਿਚ ਨੌਕਰੀ ਮਿਲ ਗਈ।

ਦਿਨ ਬੀਤਦੇ ਗਏ ਤੇ ਫਿਰ ਇਕ ਦਿਨ ਸੁਆਮੀ ਸਰਵਣ ਦਾਸ ਜੀ ਨੇ ਇਕ ਚਿੱਠੀ ਪਾ ਕੇ ਆਪ ਜੀ ਨੂੰ ਡੇਰੇ ਬੁਲਾਇਆ। ਮਿਲਣ ਉਪਰੰਤ ਜਦੋਂ ਘਰ ਜਾਣ ਲਈ ਆਪ ਜੀ ਨੇ ਮਹਾਰਾਜ ਜੀ ਪਾਸੋਂ ਇਜਾਜ਼ਤ ਮੰਗੀ ਤਾਂ ਉਨ੍ਹਾਂ ਕਿਹਾ ਕਿ ਗਰੀਬ ਦਾਸ ਤੂੰ ਇਨ੍ਹਾਂ ਦੁਨਿਆਵੀ ਧੰਦਿਆਂ ਤੋਂ ਕੀ ਲੈਣਾ। ਤੂੰ ਪ੍ਰਭੂ ਬੰਦਗੀ ਕਰ। ਇਸ ਉਪਰੰਤ ਆਪ ਜੀ ਨੇ ਪੱਕੇ ਤੌਰ 'ਤੇ ਘਰ-ਬਾਰ ਤਿਆਗ ਕੇ ਮਹਾਰਾਜ ਜੀ ਦੇ ਚਰਨਾਂ ਵਿਚ ਸਮਰਪਿਤ ਹੋ ਗਏ। ਡੇਰੇ ਵਿਚ ਇਨ੍ਹਾਂ ਦੀ ਡਿਊਟੀ ਦਵਾਈ ਦੇਣ ਤੇ ਲਗਾ ਦਿੱਤੀ ਕਿਉਂਕਿ ਆਪ ਹਿਕਮਤ ਦੇ ਮਾਹਿਰ ਸਨ। ਆਪ ਬਾਣੀ ਦੇ ਰਸੀਏ ਸਨ ਤੇ ਇਕ ਤਾਰਾ ਵਜਾਉਣ ਦੇ ਬਹੁਤ ਸ਼ੌਕੀਨ ਸਨ। ਮਹਾਰਾਜ ਜੀ ਨੇ ਜਿਸ ਵੀ ਸੇਵਾ ਤੇ ਆਪ ਜੀ ਦੀ ਜ਼ਿੰਮੇਵਾਰੀ ਲਗਾਈ, ਆਪ ਜੀ ਨੇ ਉਸਨੂੰ ਪੂਰੀ ਲਗਨ ਨਾਲ ਨਿਭਾਇਆ। ਇਸੇ ਕਰਕੇ ਸੁਆਮੀ ਸਰਵਣ ਦਾਸ ਜੀ ਆਪ ਜੀ ਤੋਂ ਬੇਹੱਦ ਖੁਸ਼ ਸਨ।



ਸੁਆਮੀ ਸਰਵਣ ਦਾਸ ਜੀ ਦੀ ਕਿਰਪਾ ਤੇ ਪ੍ਰੇਰਨਾ ਸਦਕੇ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਸੀਰ ਗੋਵਰਧਨਪੁਰ (ਵਾਰਾਣਸੀ) ਦੀ ਖੋਜ ਉਪਰੰਤ ਮੰਦਰ ਦਾ ਨੀਂਹ-ਪੱਥਰ ਸੰਤ ਹਰੀ ਦਾਸ ਜੀ ਨੇ 14 ਜੂਨ 1965 ਈਸਵੀ ਨੂੰ ਆਪਣੇ ਕਰ-ਕਮਲਾਂ ਨਾਲ ਰੱਖਿਆ, ਜਿਸ ਦੀ ਉਸਾਰੀ ਦਾ ਕਾਰਜ ਆਪ ਜੀ ਨੇ ਕਰਵਾਇਆ। ਆਪ ਜੀ ਨੇ ਮੰਦਰ ਵਿਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਬ੍ਰਹਮਲੀਨ ਸੰਤ ਸਰਵਣ ਦਾਸ ਜੀ ਦੀ ਮੂਰਤੀ ਸਥਾਪਤ ਕੀਤੀ।

ਸ੍ਰੀ 108 ਸੰਤ ਹਰੀ ਦਾਸ ਜੀ ਦੇ 6 ਫਰਵਰੀ 1982 ਨੂੰ ਬ੍ਰਹਮਲੀਨ ਹੋ ਜਾਣ ਉਪਰੰਤ ਆਪ ਜੀ ਨੂੰ ਡੇਰਾ ਸੱਚਖੰਡ ਬੱਲਾਂ ਦੇ ਗੱਦੀਨਸ਼ੀਨ ਬਣਾਇਆ ਗਿਆ। ਆਪ ਜੀ ਨੇ ਪਹਿਲਾਂ ਮਹਾਂਪੁਰਸ਼ਾਂ ਵੱਲੋਂ ਚਲਾਈਆਂ ਰਹੁ-ਰੀਤਾਂ ਨੂੰ ਬਰਕਰਾਰ ਰੱਖਦੇ ਹੋਏ ਪੂਜਨੀਕ ਸੰਤ ਨਿਰੰਜਣ ਦਾਸ ਜੀ ਅਤੇ ਸੰਤ ਰਾਮਾ ਨੰਦ ਜੀ ਦੇ ਸਹਿਯੋਗ ਨਾਲ ਡੇਰੇ ਦੀ ਸਾਂਭ-ਸੰਭਾਲ ਅਤੇ ਮਾਨਵਤਾ ਦੇ ਭਲੇ ਹਿਤ ਕਾਰਜ ਜਾਰੀ ਰੱਖੇ।

ਆਪ ਜੀ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਵਿਚਾਰਧਾਰਾ ਦਾ ਪੂਰੇ ਵਿਸ਼ਵ ਵਿਚ ਪ੍ਰਚਾਰ ਕੀਤਾ। ਆਪ ਜੀ ਨੇ ਸਤਿਗੁਰਾਂ ਦੀ ਬਾਣੀ ਨੂੰ ਜਿੱਥੇ ਆਪਣੇ ਹਿਰਦੇ ਵਿਚ ਵਸਾ ਕੇ ਉਸ ਤੇ ਅਮਲ ਕੀਤਾ, ਉੱਥੇ ਸੰਗਤਾਂ ਨੂੰ ਵੀ ਇਸ ਸੱਚ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਆਪ ਜੀ ਨੇ ਨਿਰਭਉ ਹੋ ਕੇ ਭੁੱਲੀ-ਭਟਕੀ ਲੋਕਾਈ ਦੀ ਬਾਂਹ ਫੜੀ ਤੇ ਰਵਿਦਾਸੀਆ ਕੌਮ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਕਾਰਜ ਕੀਤੇ।

ਆਪ ਜੀ ਨੇ ਮਾਨਵਤਾ ਦੇ ਭਲੇ ਹਿੱਤ 22 ਅਗਸਤ 1982 ਨੂੰ ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਕਠਾਰ ਦਾ ਨੀਂਹ-ਪੱਥਰ ਰੱਖਿਆ ਜਿਸਦਾ 1 ਜਨਵਰੀ 1984 ਨੂੰ ਉਦਘਾਟਨ ਕਰਕੇ ਲੋਕਾਂ ਦੀ ਸੇਵਾ ਲਈ ਖੋਲ੍ਹਿਆ। ਇਹ ਉਦੋਂ 100 ਬੈੱਡ ਦਾ ਹਸਪਤਾਲ ਅੱਜ 250 ਬੈੱਡ ਦਾ ਹੋ ਗਿਆ ਹੈ, ਜਿਸਨੂੰ ਮੌਜੂਦਾ ਗੱਦੀਨਸ਼ੀਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਬਾਖੂਬੀ ਚਲਾ ਰਹੇ ਹਨ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਹਿੱਤ 23 ਜਨਵਰੀ 1991 ਨੂੰ 'ਬੇਗਮਪੁਰਾ' ਵੀਕਲੀ ਪੇਪਰ ਦੇ ਅਦਾਰੇ ਦਾ ਨੀਂਹ-ਪੱਥਰ ਮੁਹੱਲਾ ਸੁੰਦਰ ਨਗਰ, ਜਲੰਧਰ ਵਿਖੇ ਰੱਖਿਆ ਅਤੇ ਇਸ ਅਖ਼ਬਾਰ ਦਾ ਪਹਿਲਾ ਅੰਕ 15 ਅਗਸਤ 1991 ਨੂੰ ਰਿਲੀਜ਼ ਕੀਤਾ। ਰਵਿਦਾਸੀਆ ਕੌਮ ਦੇ ਇਤਿਹਾਸ ਨੂੰ ਸੰਭਾਲਣ ਤੇ ਸੰਗਤਾਂ ਤੱਕ ਪਹੁੰਚਾਉਣ ਵਿਚ ਇਸ ਦਾ ਵੱਡਾ ਯੋਗਦਾਨ ਹੈ। ਇਹ ਵੀਕਲੀ ਅਖ਼ਬਾਰ ਅੱਜ ਵੀ 'ਬੇਗਮਪੁਰਾ ਸ਼ਹਿਰ' ਦੇ ਨਾਂ ਹੇਠ ਸੰਗਤਾਂ ਵਿਚ ਪ੍ਰਕਾਸ਼ ਵੰਡ ਰਿਹਾ ਹੈ।

ਆਪ 6 ਵਾਰ ਇੰਗਲੈਂਡ ਤੇ 2 ਵਾਰ ਅਮਰੀਕਾ, ਕੈਨੇਡਾ ਵਿਚ ਬਾਣੀ ਦੇ ਪ੍ਰਚਾਰ-ਪ੍ਰਸਾਰ ਵਾਸਤੇ ਗਏ। ਇਨ੍ਹਾਂ ਯਾਤਰਾਵਾਂ ਵਿਚ ਕੀਰਤਨ ਦੇ ਧਨੀ, ਮਹਾਨ ਵਿਦਵਾਨ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਨੇ ਬਾਖੂਬੀ ਸਾਥ ਨਿਭਾਇਆ। ਬ੍ਰਹਮ ਗਿਆਨੀ ਸੰਤ ਮਹਾਂਪੁਰਸ਼ ਘਟ-ਘਟ ਦੀ ਜਾਣਦੇ ਹਨ, ਸ਼ਾਇਦ ਇਸੇ ਕਰਕੇ ਆਪ ਜੀ ਨੇ ਆਪਣੀ ਇੰਗਲੈਂਡ ਫੇਰੀ ਦੌਰਾਨ 26 ਨਵੰਬਰ 1993 ਈਸਵੀ ਨੂੰ ਕਹਿ ਦਿੱਤਾ ਸੀ ਕਿ ਅਸੀਂ ਹੁਣ ਮੁੜ ਇੰਗਲੈਂਡ ਨਹੀਂ ਆਉਣਾ। ਆਪ ਜੀ ਨੇ ਰਵਿਦਾਸੀਆ ਕੌਮ ਲਈ ਅਨੇਕਾਂ ਮੀਲ-ਪੱਥਰ ਸਥਾਪਤ ਕੀਤੇ। ਆਪ ਜੀ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਨਮ ਸਥਾਨ ਮੰਦਰ 'ਤੇ 7 ਫੁਟਾ ਸੋਨੇ ਦਾ ਕਲਸ ਸੁਸ਼ੋਭਿਤ ਕਰਵਾਇਆ, ਜਿਸ ਦਾ ਉਦਘਾਟਨ 7 ਅਪ੍ਰੈਲ 1994 ਨੂੰ ਕੌਮ ਦ ਹੀਰੇ ਬਸਪਾ ਮੁਖੀ ਸਾਹਿਬ ਕਾਂਸ਼ੀ ਰਾਮ ਜੀ ਤੋਂ ਕਰਵਾਇਆ। ਇਹ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

ਆਪ ਜੀ ਨੇ ਪਿੰਡ ਬੱਲਾਂ ਦੇ ਮੁੱਖ ਮਾਰਗ 'ਤੇ ਇਕ ਯਾਦਗਾਰੀ ਗੇਟ ਸਤਿਗੁਰਾਂ ਦੀ ਯਾਦ ਵਿਚ ਬਣਵਾਇਆ, ਜਿਸਦਾ ਉਦਘਾਟਨ 11 ਜੂਨ 1994 ਨੂੰ ਬਰਸੀ ਸਮਾਗਮ ਮੌਕੇ ਕੀਤਾ ਗਿਆ। ਆਪ ਜੀ ਨੇ ਡੇਰੇ ਵਿਚ ਰਿਹਾਇਸ਼ੀ ਕਮਰਿਆਂ ਦੀ ਉਸਾਰੀ ਕਰਵਾਈ, ਜਿਹਨਾਂ ਵਿਚ 26 ਛੋਟੇ ਤੇ 4 ਵੱਡੇ ਕਮਰੇ ਹਨ ਜੋ ਸੰਗਤਾਂ ਦੀ ਵਿਸ਼ੇਸ਼ ਤੌਰ 'ਤੇ ਵਿਦੇਸ਼ ਦੀਆਂ ਸੰਗਤਾਂ ਦੀ ਸੁਵਿਧਾ ਲਈ ਵਰਤੇ ਜਾਂਦੇ ਹਨ। ਡੇਰੇ ਦਾ ਦਫਤਰ ਵੀ ਇਸੇ ਹੀ ਇਮਾਰਤ ਵਿਚ ਚਲਦਾ ਹੈ। ਵਿਸ਼ਵ ਸ਼ਾਂਤੀ ਅਤੇ ਸਰਬੱਤ ਦੇ ਭਲੇ ਲਈ ਸੰਪਟ ਪਾਠ ਦੀ ਪ੍ਰੇਰਨਾ ਵੀ ਆਪ ਜੀ ਨੇ ਹੀ ਚਾਲੂ ਕੀਤੀ ਸੀ।


**ਸਤਪਾਲ ਸਾਹਲੋਂ**
(ਪ੍ਰਧਾਨ), ਸ੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਰਜਿ. ਪੰਜਾਬ
98156-55071


ਆਪ ਕਹਿਣ ਅਤੇ ਕਰਨੀ ਦੇ ਮਾਲਕ ਸਨ। ਆਪ ਬਹੁਤ ਹੀ ਮਿਠ-ਬੋਲੜੇ, ਮਿਲਣਸਾਰ ਪ੍ਰਵਿਰਤੀ ਦੇ ਮਾਲਕ ਸਨ ਤੇ ਹਮੇਸ਼ਾ ਸਾਦਾ ਜੀਵਨ ਜਿਊਣ ਦੇ ਆਦੀ ਸਨ। ਆਪ ਨੇ ਸੇਵਾ ਤੇ ਸਿਮਰਨ ਨੂੰ ਹੀ ਆਪਣਾ ਧਰਮ ਸਮਝਿਆ। ਆਪ ਅਕਸਰ ਘੱਟ ਬੋਲਦੇ ਸਨ, ਇਸ ਸਬੰਧੀ ਉਹ ਕਿਹਾ ਕਰਦੇ ਸਨ ਕਿ ਮਹਾਰਾਜ ਜੀ ਨੇ ਮੇਰੀਆਂ ਦੋ ਹੀ ਡਿਊਟੀਆਂ ਲਗਾਈਆ ਹਨ- ਇਕ ਸਮਾਜ ਸੇਵਾ ਕਰਨੀ ਤੇ ਦੂਜਾ ਭਜਨ ਬੰਦਗੀ ਕਰਨੀ। ਇਹਨਾਂ ਦੋਹਾਂ ਵਿਚ ਬਹੁਤਾ ਬੋਲਣ ਦੀ ਲੋੜ ਹੀ ਨਹੀਂ ਪੈਂਦੀ।

ਆਪ ਜੀ ਨੇ ਰਵਿਦਾਸੀਆ ਕੌਮ ਦੀ ਚੜ੍ਹਦੀ ਕਲਾ ਲਈ ਅਨੇਕਾਂ ਕਾਰਜ ਕੀਤੇ। ਆਪ ਪੂਰਨ ਸੰਤ ਸਨ ਜਿਨ੍ਹਾਂ ਨੇ ਦੁਖੀਆਂ ਦੇ ਦਰਦ ਨੂੰ ਸਮਝਦਿਆਂ ਉਨ੍ਹਾਂ ਦੇ ਦਰਦ ਨੂੰ ਵੰਡਾਇਆ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਨਾਲ ਜੁੜ ਕੇ ਜੀਵਨ ਸਫਲਾ ਕਰਨ ਦਾ ਉਪਦੇਸ਼ ਦਿੱਤਾ। ਆਪ ਜੀ ਨੇ ਸਮਾਜ ਸੇਵਾ ਵਿਚ ਆ ਰਹੀਆਂ ਕਠਿਨਾਈਆਂ ਨੂੰ ਦਰਕਿਨਾਰ ਕਰਦੇ ਹੋਏ ਸਮਾਜ ਸੇਵੀ ਕਾਰਜ ਪਹਿਲ ਦੇ ਆਧਾਰ 'ਤੇ ਕੀਤੇ।

ਆਪ ਜੀ ਨੇ ਸਭਨਾਂ ਨੂੰ ਗਰੀਬ ਲੋੜਵੰਦਾਂ ਦੀ ਮਦਦ ਕਰਨ ਲਈ ਪ੍ਰੇਰਿਆ। ਆਪ ਜੀ ਨੇ ਅਨੇਕਾਂ ਸੰਗਤਾਂ ਨੂੰ ਨਾਮ ਦੀ ਬਖਸ਼ਿਸ਼ ਕਰਕੇ ਉਨ੍ਹਾਂ ਦੇ ਜੀਵਨ ਵਿਚ ਖੁਸ਼ਹਾਲੀ ਲਿਆਂਦੀ। ਆਪ ਜੀ ਦੀ ਇੱਛਾ ਸੀ ਕਿ ਸਾਡਾ ਸਮਾਜ ਸਮਾਜਿਕ ਕੁਰੀਤੀਆਂ ਤੋਂ ਬਚ ਕੇ ਰਹੇ ਅਤੇ ਆਪਣੇ ਆਪ ਨੂੰ ਪ੍ਰਗਤੀ ਦੇ ਰਸਤੇ 'ਤੇ ਤੋਰੇ। ਆਪ ਜੀ ਨੇ ਨਸ਼ਿਆਂ ਤੋਂ ਰਹਿਤ ਰਹਿਣ ਅਤੇ ਬੱਚਿਆਂ ਨੂੰ ਪੜ੍ਹਾਈ ਵੱਲ ਜੋੜਨ ਦੀ ਪ੍ਰੇਰਨਾ ਦਿੱਤੀ। ਆਪ ਜੀ ਨੇ ਸਭ ਧਰਮਾਂ ਦਾ ਸਤਿਕਾਰ ਕਰਨ ਅਤੇ ਆਪਸੀ ਭਾਈਚਾਰਕ ਸਾਂਝ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਆਪ ਜੀ ਨੇ ਸਮੁੱਚੀ ਲੋਕਾਈ ਨੂੰ ਵਹਿਮਾਂ-ਭਰਮਾਂ ਤੋਂ ਦੂਰ ਰਹਿ ਕੇ ਪਰਮਾਰਥ ਦੇ ਰਸਤੇ 'ਤੇ ਚੱਲ ਕੇ ਕਲਿਆਣਕਾਰੀ ਜੀਵਨ ਜਿਊਣ ਲਈ ਪ੍ਰੇਰਿਆ।

ਆਪ ਬ੍ਰਹਮਗਿਆਨੀ ਮਹਾਂਪੁਰਸ਼ ਸਨ ਤੇ ਉਨ੍ਹਾਂ ਨੂੰ ਆਪਣਾ ਆਖਰੀ ਸਮਾਂ ਨਜ਼ਦੀਕ ਜਾਪ ਰਿਹਾ ਸੀ, ਇਸ ਕਰਕੇ ਹੀ ਕੁਝ ਦਿਨ ਪਹਿਲਾਂ ਇਹ ਆਖ ਦਿੱਤਾ ਸੀ ਕਿ ਮਹਾਰਾਜ ਜੀ ਨੇ ਮੇਰੀਆਂ ਜੋ ਡਿਊਟੀਆਂ ਲਗਾਈਆਂ ਸਨ, ਉਹ ਸਭ ਪੂਰੀਆਂ ਕਰ ਦਿੱਤੀਆਂ ਹਨ। 22 ਜੁਲਾਈ 1994 ਈਸਵੀ ਨੂੰ ਆਪ ਜੀ ਨੇ ਡੇਰੇ ਵਿਖੇ ਰੱਬੀ ਬਾਣੀ ਦੇ ਜਾਪ ਆਰੰਭ ਕਰਵਾਏ। ਸਿਹਤ ਠੀਕ ਨਾ ਹੋਣ ਕਰਕੇ ਆਪ ਟੈਗੋਰ ਹਸਪਤਾਲ ਦਵਾਈ ਲੈਣ ਗਏ, ਜਿੱਥੇ ਡਾਕਟਰ ਸਾਹਿਬ ਨੇ ਆਪ ਜੀ ਨੂੰ ਦਾਖਲ ਕਰ ਲਿਆ। ਆਪ 23 ਜੁਲਾਈ 1994 ਨੂੰ ਬਾਅਦ ਦੁਪਹਿਰ 2 ਵੱਜ ਕੇ 55 ਮਿੰਟ ਤੇ ਸੱਚਖੰਡ ਜਾ ਬਿਰਾਜੇ। 25 ਜੁਲਾਈ 1994 ਨੂੰ ਲੱਖਾਂ ਸੰਗਤਾਂ ਅਤੇ ਸੰਤ-ਮਹਾਂਪੁਰਸ਼ਾਂ ਦੀ ਹਾਜ਼ਰੀ ਵਿਚ ਡੇਰੇ ਵਿਚ ਹੀ ਆਪ ਜੀ ਦੇ ਪੰਜ ਭੂਤਕ ਸਰੀਰ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਮਹਾਨ ਬ੍ਰਹਮਗਿਆਨੀ ਗਰੀਬ ਨਿਵਾਜ ਸੰਤ ਨੂੰ ਰਵਿਦਾਸੀਆ ਕੌਮ ਰਹਿੰਦੀ ਦੁਨੀਆਂ ਤੱਕ ਯਾਦ ਕਰਦੀ ਰਹੇਗੀ।


# ਸਮਾਜ ਸੇਵਕ ਮਾਸਟਰ ਲਛਮਣ ਦਾਸ ਵਰਮਾ




ਮੇਜਰ ਸਿੰਘ ਨਾਭਾ
91-94635-53962



**ਅਧਿਆਪਕ** ਕੌਮ ਦਾ ਨਿਰਮਾਤਾ ਹੈ।ਅੱਜ ਦੇ ਬੱਚੇ ਰਾਸ਼ਟਰ ਦੇ ਕੱਲ੍ਹ ਦੇ ਨੇਤਾ ਬਣਨਗੇ। ਬੱਚਿਆਂ ਨੂੰ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ। ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏ ਅਨੇਕਾਂ ਗੁਣਾਂ ਦੇ ਮਾਲਕ ਸ੍ਰੀ ਲਛਮਣ ਦਾਸ ਬਤੌਰ ਸੈਂਟਰ ਹੈਡ ਟੀਚਰ ਸਰਕਾਰੀ ਪ੍ਰਾਇਮਰੀ ਸਕੂਲ ਛੱਜੂਭੱਟ (ਪਟਿਆਲਾ) ਤੋਂ 31 ਮਾਰਚ 2009 ਨੂੰ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿੰਡ ਚੰਦਰਾਲਾ ਢੀਂਡਸਾ ਵਿਖੇ ਪਿਤਾ ਸ੍ਰੀ ਰੁਲਦੂ ਰਾਮ ਦੇ ਘਰ 2 ਮਾਰਚ 1951 ਨੂੰ ਮਾਤਾ ਸ੍ਰੀਮਤੀ ਸਾਂਤੀ ਦੇਵੀ ਦੀ ਕੁੱਖ ਤੋਂ ਹੋਇਆ। ਉਨ੍ਹਾਂ ਦੇ ਪਿਤਾ ਸੁਨਿਆਰੇ ਦਾ ਕੰਮ ਕਰਦੇ ਸੀ। ਉਨ੍ਹਾਂ ਨੇ 1967 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਸ.ਹ.ਸ. ਚੌਂਦਾ (ਸੰਗਰੂਰ) ਤੋਂ ਪਾਸ ਕੀਤੀ। ਉਨ੍ਹਾਂ ਨੇ ਅਧਿਆਪਕ ਬਣਨ ਦਾ ਸੁਪਨਾ ਲੈ ਕੇ ਆਰ.ਐਸ.ਜੈਨ ਸਕੂਲ ਨਾਭਾ ਤੋਂ ਦੋ ਸਾਲਾ ਜੇ.ਬੀ.ਟੀ. ਦੀ ਟ੍ਰੇਨਿੰਗ 1969 ਵਿੱਚ ਕਰ ਲਈ। ਉਨ੍ਹਾਂ 1970 'ਚ ਗਿਆਨੀ ਪਾਸ ਕਰ ਲਈ। ਉਨ੍ਹਾਂ ਦੀ ਪਹਿਲੀ ਨਿਯੁਕਤੀ ਐਡਹਾਕ ਤੌਰ ਤੇ ਬਤੌਰ ਜੇ.ਬੀ.ਟੀ. ਅਧਿਆਪਕ ਸ.ਪ੍ਰ.ਸ. ਨਿਆਮਤਪੁਰ (ਬਲਾਕ ਭੁਨਰਹੇੜੀ) ਜ਼ਿਲ੍ਹਾ ਪਟਿਆਲਾ ਵਿਖੇ 18 ਅਕਤੂਬਰ 1972 ਨੂੰ ਸੇਵਾ ਆਰੰਭ ਕੀਤੀ। ਉਨ੍ਹਾਂ ਨੇ ਸ.ਪ੍ਰ.ਸ. ਫਰਾਂਸਵਾਲਾ ਵਿਖੇ, ਸ.ਮਿ.ਸ. ਜੱਸੋਮਾਜਰਾ ਵਿਖੇ ਵੀ ਸੇਵਾ ਨਿਭਾਈ।ਉਨ੍ਹਾਂ ਨੇ ਬਤੌਰ ਪੰਜਾਬੀ ਟੀਚਰ ਸ.ਮਿ.ਸ. ਮੁਕੰਦਪੁਰ ਵਿਖੇ 25 ਜਨਵਰੀ 1974 ਤੋਂ 28 ਮਈ 1975 ਤੱਕ ਸੇਵਾ ਨਿਭਾਈ।

ਸ੍ਰੀ ਲਛਮਣ ਦਾਸ ਦਾ ਵਿਆਹ 13 ਅਕਤੂਬਰ 1975 ਵਿੱਚ ਸ੍ਰੀਮਤੀ ਕ੍ਰਿਸ਼ਨਾਵਤੀ ਪਿੰਡ ਜੰਡਾਲੀ (ਲੁਧਿਆਣਾ) ਨਾਲ ਹੋ ਗਿਆ। ਉਨ੍ਹਾਂ ਦੀ ਰੈਗੂਲਰ ਨਿਯੁਕਤੀ ਬਤੌਰ ਜੇ.ਬੀ.ਟੀ. ਟੀਚਰ ਬਲਾਕ ਭਾਦਸੋਂ-1 ਦੇ ਸ.ਪ੍ਰ.ਸ. ਬਿਸ਼ਨਗੜ੍ਹ ਹੋਣ ਉਪਰੰਤ 29 ਮਈ 1975 ਨੂੰ ਉਨ੍ਹਾਂ ਨੇ ਸਕੂਲ'ਚ ਹਾਜ਼ਰੀ ਦੇ ਕੇ ਸੇਵਾ ਆਰੰਭ ਕੀਤੀ। ਉਨ੍ਹਾਂ ਆਪਣੀ ਪਤਨੀ ਨਾਲ ਇਸ ਸਕੂਲ 'ਚ ਤਕਰੀਬਨ 20 ਸਾਲ ਇਕੱਠੇ ਸੇਵਾ ਨਿਭਾਈ। ਉਨ੍ਹਾਂ ਨੇ ਤਰੱਕੀ ਲੈ ਕੇ ਸ.ਪ੍ਰ.ਸ. ਮਲ੍ਹੇਵਾਲ ਵਿਖੇ ਬਤੌਰ ਹੈਡ ਟੀਚਰ 27 ਮਈ 1998 ਨੂੰ ਆ ਕੇ ਸੇਵਾ ਨਿਭਾਈ। ਉਨ੍ਹਾਂ ਨੇ 8 ਜੁਲਾਈ 1999 ਤੋਂ 4 ਜੂਨ 2007 ਤੱਕ ਤਕਰੀਬਨ 8 ਸਾਲ ਘਣੀਵਾਲ ਸਕੂਲ 'ਚ ਸੇਵਾ ਨਿਭਾਈ। ਉਨ੍ਹਾਂ ਨੇ 4 ਜੂਨ 2007 ਨੂੰ ਤਰੱਕੀ ਲੈ ਕੇ ਬਤੌਰ ਸੈਂਟਰ ਹੈਡ ਟੀਚਰ ਬਣ ਕੇ ਸ.ਪ੍ਰ.ਸ. ਛੱਜੂਭੱਟ ਬਲਾਕ ਭਾਦਸੋਂ-1 ਵਿਖੇ ਚਲੇ ਗਏ।ਇਥੇ ਉਨ੍ਹਾਂ ਆਪਣੀ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਇਆ ਅਤੇ ਸੈਂਟਰ ਦੇ ਅਧਿਆਪਕਾਂ ਨਾਲ ਵਧੀਆ ਸਬੰਧ ਰਹੇ। ਇਥੋਂ ਹੀ ਉਨ੍ਹਾਂ ਨੇ ਵੱਖ-ਵੱਖ ਸਕੂਲਾਂ 'ਚ ਤਕਰੀਬਨ 36 ਸਾਲ ਈਮਾਨਦਾਰੀ ਨਾਲ ਬੇਦਾਗ ਸੇਵਾ ਨਿਭਾਉਣ ਉਪਰੰਤ ਇਥੋਂ ਹੀ 31 ਮਾਰਚ 2009 ਨੂੰ ਸੇਵਾ ਮੁਕਤੀ ਪ੍ਰਾਪਤ ਕੀਤੀ। ਉਨ੍ਹਾਂ ਨੇ ਆਪਣੇ ਅਧਿਆਪਨ ਸਫਰ ਦੌਰਾਣ ਸਕੂਲ ਦੀਆਂ ਹੋਰ ਵਾਧੂ ਡਿਊਟੀਆਂ ਨੂੰ ਹਮੇਸ਼ਾਂ ਇਮਾਨਦਾਰੀ ਨਾਲ ਖਿੜੇ ਮੱਥੇ ਨਿਭਾਇਆ ਹੈ। ਇੱਕ ਨੇਕ ਵਿਲੱਖਣ ਸਖ਼ਸ਼ੀਅਤ ਹੋਣ ਦੇ ਨਾਤੇ ਉਹ ਅਧਿਆਪਕ, ਵਿਦਿਆਰਥੀ ਅਤੇ ਸਮਾਜ ਲਈ ਰੋਲ ਮਾਡਲ ਹਨ। ਉਹ ਮਿੱਠਬੋਲੜੇ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ। ਉਨ੍ਹਾਂ ਦੀ ਪਤਨੀ ਸ੍ਰੀਮਤੀ ਕ੍ਰਿਸ਼ਨਾਵਤੀ ਨੇ ਆਪਣੀ ਬੇਟੀ ਅਨੀਤਾ ਰਾਣੀ ਅਤੇ ਬੇਟੇ ਧਰਮਿੰਦਰ ਕੁਮਾਰ ਦਾ ਵਧੀਆ ਢੰਗ ਨਾਲ ਪਾਲਣ ਪੋਸ਼ਣ ਕੀਤਾ। ਬੇਟੀ ਵਿਆਹ ਉਪਰੰਤ ਸਰਹਿੰਦ ਵਿਖੇ ਆਪਣੇ ਪਤੀ ਸ੍ਰੀ ਰਜਿੰਦਰ ਸਿੰਘ ਨਾਲ ਸੁੱਖੀ ਜੀਵਨ ਬਤੀਤ ਕਰ ਰਹੀ ਹੈ। ਬੇਟੇ ਦਾ ਵਿਆਹ ਭਾਦਸੋਂ ਨਿਵਾਸੀ ਸ੍ਰੀ ਭਿੰਦਰਪਾਲ ਦੀ ਪੁੱਤਰੀ ਮਿਨਾਕਸ਼ੀ ਵਰਮਾ ਨਾਲ ਹੋਇਆ।ਪੋਤੇ ਅਵਿਸ਼ੇਕ ਵਰਮਾ ਅਤੇ ਸੌਰਵ ਵਰਮਾ ਪੜ੍ਹਾਈ ਕਰ ਰਹੇ ਹਨ।ਬੇਟਾ ਆਪਣਾ ਕਾਰੋਬਾਰ ਕਰ ਰਿਹਾ ਹੈ।



ਸ੍ਰੀ ਲਛਮਣ ਦਾਸ ਧਾਰਮਿਕ ਬਿਰਤੀ ਵਾਲੇ ਇਨਸਾਨ ਹੋਣ ਕਰਕੇ ਪ੍ਰਮਾਤਮਾ ਤੇ ਭਰੋਸਾ ਰੱਖਣ ਵਾਲੇ ਹਨ। ਸੇਵਾ ਮੁਕਤੀ ਉਪਰੰਤ ਉਹ ਸਮਾਜ ਸੇਵਾ, ਲੋਕ ਭਲਾਈ ਦੇ ਕੰਮ, ਲੋੜਵੰਦਾਂ ਦੀ ਮਦਦ ਕਰਨ ਵਰਗੇ ਕੰਮ ਕਰ ਰਹੇ ਹਨ।ਸਹਿਰ ਦੀਆਂ ਖੂਲੀਆਂ ਦੇ ਖਤਰੇ ਵਾਲੇ ਟੁੱਟੇ ਢੱਕਣ ਲਗਵਾਉਣੇ, ਟੋਏ ਪੂਰਨ ਦੀ ਸੇਵਾ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ।ਉਹ ਹਰ ਪ੍ਰਕਾਰ ਦੀ ਬਵਾਸੀਰ ਦੀ ਦਵਾਈ ਮੁਫਤ ਦਿੰਦੇ ਹਨ ਜੇਕਰ ਕੋਈ ਪੈਸੇ ਦੇਣਾ ਚਾਹੁੰਦਾ ਹੈ ਤਾਂ ਆਪਣੇ ਪਿੰਡ ਦੇ ਮੰਦਰ ਦੀ ਕਮੇਟੀ ਦੀ ਪਰਚੀ ਦਾਨ ਵਜੋਂ ਕੱਟ ਦਿੰਦੇ ਹਨ। ਇੱਕਠਾ ਹੋਇਆ ਪੈਸਾ ਮੰਦਰ ਕਮੇਟੀ ਨੂੰ ਦਿੰਦੇ ਰਹਿੰਦੇ ਹਨ। ਉਹ ਆਪਣੀ ਸਿਹਤ ਪ੍ਰਤੀ ਹਮੇਸ਼ਾਂ ਜਾਗਰੂਕ ਰਹਿੰਦੇ ਹਨ, ਤਾਹੀਉਂ ਏਧਰ ਉਧਰ ਜਾਣ ਲਈ ਜਿਆਦਾ ਸਾਈਕਲ ਦੀ ਵਰਤੋਂ ਕਰਦੇ ਹਨ। ਉਹ ਆਪਣੇ ਖਾਲੀ ਪਏ ਪਲਾਟ 'ਚ ਸਬਜ਼ੀਆਂ ਆਦਿ ਬੀਜ ਕੇ ਵਾਧੂ ਸਮਾਂ ਬਤੀਤ ਕਰਨ 'ਚ ਮਸਰੂਫ ਰਹਿੰਦੇ ਹਨ। ਅੱਜਕਲ੍ਹ ਉਹ ਆਪਣੇ ਪਰਿਵਾਰ ਨਾਲ 1991 ਤੇ ਕਰਤਾਰ ਕਲੋਨੀ ਨਾਭਾ ਵਿਖੇ ਰਹਿ ਰਹੇ ਹਨ। ਪਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਕਲਾ ਅਤੇ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਦਾ ਬਲ ਬਖਸ਼ੇ।

# ਇਸ ਹਫਤੇ ਦਾ ਕਵੀ / ਗੁਰਭਜਨ ਗਿੱਲ



ਤ੍ਰੈਲੋਚਨ ਲੋਚੀ
+91 98142 53315

**ਗੁਰਭਜਨ ਸਿੰਘ ਗਿੱਲ** ਦਾ ਜਨਮ 2 ਮਈ 1953 ਨੂੰ ਗੁਰਦਾਸਪੁਰ ਜ਼ਿਲੇ ਦੀ ਡੇਰਾ ਬਾਬਾ ਨਾਨਕ ਤਹਿਸੀਲ ਦੇ ਪਿੰਡ ਬਸੰਤ ਕੋਟ (ਨੇੜੇ ਧਿਆਨਪੁਰ )ਵਿਖੇ ਪਿਤਾ ਸਰਦਾਰ ਹਰਨਾਮ ਸਿੰਘ ਗਿੱਲ ਅਤੇ ਮਾਤਾ ਤੇਜ ਕੌਰ ਦੇ ਘਰ ਹੋਇਆ। ਵੱਡੀ ਭੈਣ ਪਰਿੰਸੀਪਲ ਮਨਜੀਤ ਕੌਰ ਵੜੈਚ, ਵੱਡੇ ਵੀਰਾਂ ਪਰਿੰਸੀਪਲ ਜਸਵੰਤ ਸਿੰਘ ਗਿੱਲ ਤੇ ਪ੍ਰੋ: ਸੁਖਵੰਤ ਸਿੰਘ ਗਿੱਲ ਦਾ ਨਿੱਕਾ ਵੀਰ ਗੁਰਭਜਨ ਗਿੱਲ ਸਮਰੱਥ ਤੇ ਲਗਾਤਾਰ ਕਿਰਿਆਸ਼ੀਲ ਪੰਜਾਬੀ ਕਵੀ, ਸਾਹਿਤਕ ਟਿੱਪਣੀਕਾਰ, ਵਿਗਿਆਨ ਸਾਹਿੱਤ ਸੰਪਾਦਕ ਅਤੇ ਖੇਡਾਂ ਦੇ ਖੇਤਰ ਵਿੱਚ ਬਹੁਤ ਹੀ ਸਰਗਰਮ ਸਭਿਆਚਾਰਕ ਸ਼ਖਸੀਅਤ ਹੈ। ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਵੱਲੋਂ ਪੰਜਾਬੀ ਭਵਨ ਵਿੱਚ ਉਹ 1980 ਤੋਂ ਲਗਾਤਾਰ ਸਰਗਰਮ ਹਨ। ਇਸ ਸੰਸਥਾ ਦੇ ਉਹ 2010 ਤੋਂ 2014 ਤੀਕ ਪ੍ਰਧਾਨ ਰਹੇ। ਪ੍ਰੋ: ਮੋਹਨ ਸਿੰਘ ਫਾਊਂਡੇਸ਼ਨ ਦੇ 1978 ਤੋਂ ਕਾਰਜਸ਼ੀਲ ਅਹੁਦੇਦਾਰ ਰਹੇ ਹਨ। ਕਿਲਾ ਰਾਏਪੁਰ, ਗੁੱਜਰਵਾਲ (ਲੁਧਿਆਣਾ) ਤੇ ਕੋਟਲਾ ਸ਼ਾਹੀਆ (ਗੁਰਦਾਸਪੁਰ) ਵਿੱਚ ਹੁੰਦੀਆਂ ਕਮਲਜੀਤ ਖੇਡਾਂ ਦੇ ਪ੍ਰਬੰਧ ਚ ਵੱਖ ਵੱਖ ਸਮੇਂ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਚ 30 ਅਪ੍ਰੈਲ 1983 ਤੋਂ 31 ਮਈ 2013 ਤੀਕ ਸੀਨੀਅਰ ਸੰਪਾਦਕ ਰਹੇ। ਇਸ ਤੋਂ ਪਹਿਲਾਂ ਗੁਰੂ ਨਾਨਕ ਨੈਸ਼ਨਲ ਕਾਲਿਜ ਦੋਰਾਹਾ ਤੇ ਲਾਜਪਤ ਰਾਏ ਮੈਮੋਰੀਅਲ ਕਾਲਿਜ ਜਗਰਾਉਂ (ਲੁਧਿਆਣਾ) ਵਿੱਚ 6 ਸਾਲ ਤੋਂ ਵੱਧ ਸਮਾਂ ਪੜਾਇਆ। ਪੰਜਾਬ ਖੇਤੀ ਯੂਨੀ-ਵਰਸਿਟੀ ਤੋਂ ਸੇਵਾ ਮੁਕਤ ਹੋ ਕੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ (ਬਠਿੰਡਾ) ਵਿੱਚ ਵੀ ਕੁਝ ਸਮਾਂ ਡਾਇਰੈਕਟਰ (ਯੋਜਨਾ ਤੇ ਵਿਕਾਸ) ਰਹੇ। ਉਹਨਾਂ ਦੀਆਂ ਕਾਵਿ ਰਚਨਾਵਾਂ ਹਨ:



ਸ਼ੀਸ਼ਾ ਝੂਠ ਬੋਲਦਾ ਹੈ (ਕਾਵਿ ਸੰਗ੍ਰਹਿ), ਹਰ ਧੁਖਦਾ ਪਿੰਡ ਮੇਰਾ ਹੈ (ਗਜ਼ਲਾਂ), ਸੁਰਖ਼ ਸਮੁੰਦਰ, ਦੋ ਹਰਫ਼ ਰਸੀਦੀ (ਗ਼ਜ਼ਲਾਂ), ਅਗਨ ਕਥਾ( ਕਾਵਿ ਸੰਗ੍ਰਹਿ), ਮਨ ਦੇ ਬੂਹੇ ਬਾਰੀਆਂ (ਗ਼ਜ਼ਲਾਂ), ਧਰਤੀ ਨਾਦ (ਕਾਵਿ ਸੰਗ੍ਰਹਿ), ਖ਼ੈਰ ਪੰਜਾਂ ਪਾਣੀਆਂ ਦੀ (ਹਿੰਦ ਪਾਕ ਰਿਸ਼ਤਿਆਂ ਬਾਰੇ ਕਵਿਤਾਵਾਂ), ਫੁੱਲਾਂ ਦੀ ਝਾਂਜਰ (ਗੀਤ ਸੰਗ੍ਰਹਿ), ਪਾਰਦਰਸ਼ੀ (ਕਾਵਿ ਸੰਗ੍ਰਹਿ), ਮੋਰਪੰਖ (ਗ਼ਜ਼ਲਾਂ), ਮਨ ਤੰਦੂਰ ਤੇ ਚਰਖ਼ੜੀ (ਕਾਵਿ ਸੰਗ੍ਰਹਿ), ਤਾਰਿਆਂ ਦੇ ਨਾਲ ਗੱਲਾਂ ਕਰਦਿਆਂ (ਸੁਲੱਖਣ ਸਰਹੱਦੀ ਵੱਲੋਂ ਸੰਪਾਦਿਤ ਚੋਣਵੀਆਂ ਗ਼ਜ਼ਲਾਂ), ਗੁਲਨਾਰ (ਗ਼ਜ਼ਲਾਂ), ਮਿਰਗਾਵਲੀ ਤੇ ਸੁਰਤਾਲ (ਗ਼ਜ਼ਲਾਂ) ਤੋਂ ਇਲਾਵਾ ਪੱਤੇ ਪੱਤੇ ਲਿਖੀ ਇਬਾਰਤ, (ਕੁਦਰਤ ਬਾਰੇ 103 ਰੁਬਾਈਆਂ ) ਤੇਜ ਪ੍ਰਤਾਪ ਸਿੰਘ ਸੰਧੂ ਦੇ ਫੋਟੋ ਚਿਤਰਾਂ ਸਮੇਤ ਕੌਫੀ ਟੇਬਲ ਕਿਤਾਬ) ਛਪ ਚੁੱਕੀਆਂ ਹਨ।

ਵਾਤਾਵਰਣ ਬਾਰੇ ਇਕਲੌਤੀ ਵਾਰਤਕ ਪੁਸਤਕ: ਕੈਮਰੇ ਦੀ ਅੱਖ ਬੋਲਦੀ 1999 ਚ ਛਪੀ ਸੀ ਜੋ ਪਹਿਲਾਂ ਰੋਜ਼ਾਨਾ ਅਖ਼ਬਾਰ ਅਜੀਤ ਚ ਲਗਾਤਾਰ ਤਿੰਨ ਸਾਲ ਛਪੇ ਲੇਖਾਂ ਤੇ ਸ: ਤੇਜ ਪ੍ਰਤਾਪ ਸਿੰਘ ਸੰਧੂ ਜੀ ਦੇ ਫੋਟੋ ਚਿਤਰਾਂ ਨਾਲ ਸੁਸੱਜਿਤ ਹੈ। ਇਸ ਨੂੰ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਇੰਦਰ ਕੁਮਾਰ ਗੁਜਰਾਲ, ਕਰਤਾਰ ਸਿੰਘ ਦੁੱਗਲ ਤੇ ਸ: ਬਰਜਿੰਦਰ ਸਿੰਘ ਹਮਦਰਦ ਜੀ ਨੇ ਜਲੰਧਰ ਚ ਲੋਕ ਅਰਪਨ ਕੀਤਾ ਸੀ।

ਗੁਰਭਜਨ ਗਿੱਲ ਦੇ ਗ਼ਜ਼ਲ ਸੰਗ੍ਰਹਿ ਗੁਲਨਾਰ, ਮਿਰਗਾਵਲੀ, ਰਾਵੀ ਤੇ ਸੰ-ਧੂਰਦਾਨੀ (ਰੁਬਾਈ ਸੰਗ੍ਰਹਿ) ਦਾ ਪ੍ਰਕਾਸ਼ਕ ਸੰਗਮ ਪਬਲੀਕੇਸ਼ਨ ਸਮਾਣਾ ਹੈ ਜਦ ਕਿ ਹਰ ਧੁਖ਼ਦਾ ਪਿੰਡ ਮੇਰਾ ਹੈ, ਸੁਰਖ਼ ਸਮੁੰਦਰ ਤੇ ਦੋ ਹਰਫ਼ ਰਸੀਦੀ ਨੂੰ ਸਾਹਿੱਤ ਕਲਾ ਪ੍ਰਕਾਸ਼ਨ ਲੁਧਿਆਣਾ ਤੇ ਤਾਰਿਆਂ ਦੇ ਨਾਲ ਗੱਲਾਂ ਕਰਦਿਆਂ ਨੂੰ ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ ਨੇ ਛਾਪਿਆ ਹੈ। ਰਾਵੀ ਦੇ ਦੂਜੇ ਸੰਸਕਰਨ ਸਮੇਤ ਬਾਕੀ ਸਭ ਪੁਸਤਕਾਂ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਿਤ ਕੀਤੀਆਂ ਹਨ। ਵਰਤਮਾਨ ਸਮੇਂ ਆਪ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਟਰਸਟ ਬੱਸੀਆਂ -ਰਾਏਕੋਟ (ਲੁਧਿਆਣਾ) ਅਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਵੀ ਚੇਅਰਮੈਨ ਹਨ। ਪ੍ਰੋ: ਗੁਰਭਜਨ ਸਿੰਘ ਗਿੱਲ ਪਿਛਲੇ 50 ਸਾਲ ਤੋਂ ਪਰਿਵਾਰ ਸਮੇਤ 113 ਐੱਫ ਸ਼ਹੀਦ ਭਗਤ ਸਿੰਘ ਨਗਰ ਪੱਖੋ ਵਾਲ ਰੋਡ ਲੁਧਿਆਣਾ ਵਿੱਚ ਰਹਿੰਦੇ ਹਨ।

## ਗੁਰਭਜਨ ਗਿੱਲ ਦੀਆਂ ਕੁਝ ਗ਼ਜ਼ਲਾਂ

ਸਾਰੀ ਰਾਤ ਗੁਜ਼ਾਰ ਲਈ ਹੈ, ਅੰਬਰੋਂ ਤਾਰੇ ਤੋੜਦਿਆਂ।
ਰਹਿੰਦੀ ਉਮਰ ਬਿਤਾਵਾਂਗਾ ਹੁਣ, ਟੁੱਟੇ ਟੁਕੜੇ ਜੋੜਦਿਆਂ।

ਮੇਰਾ ਦਿਲ ਦਰਿਆ ਨਹੀਂ ਮੰਨਦਾ, ਕੰਢੇ ਲੱਗੀਆਂ ਰੋਕਾਂ ਨੂੰ,
ਬਹੁਤ ਵਰਜਿਆ, ਇਹ ਨਹੀਂ ਟਲ਼ਦਾ ਆਪਣੀ ਮਿੱਟੀ ਰੋੜਦਿਆਂ ।

ਗਿਆਨ ਪੋਟਲੀ ਲੈ ਕੇ ਫਿਰਦਾਂ, ਹੋਕਾ ਵੀ ਕੋਈ ਸੁਣਦਾ ਨਾ,
ਜੀਅ ਕਰਦਾ ਏ, ਚੌਂਕ-ਚੁਰਸਤੇ, ਭਰਮੀ ਭਾਂਡਾ ਫੋੜ ਦਿਆਂ।

ਵਾਗ ਤੁੜਾਈ ਅੱਥਰੇ ਘੋੜੇ,ਇਹ ਨਾ ਮੇਰੇ ਕਾਬੂ ਵਿੱਚ,
ਮੇਰੇ ਹੱਥੋਂ ਨਿਕਲ ਗਿਆ ਹੈ, ਵਕਤ ਕਿਵੇਂ ਮੈਂ ਮੋੜ ਦਿਆਂ।

ਤੁਰ ਜਾ ਤੂੰ ਬੇਅਕਲਾ ਏਥੋਂ, ਬਾਗ ਦੇ ਕਾਬਿਲ ਲੱਗਦਾ ਨਹੀਂ,
ਆਖ ਰਿਹਾ ਏ, ਮੈਨੂੰ ਉਹ ਹੀ, ਡੋਡੀ ਸਿਖ਼ਰ ਮਰੋੜਦਿਆਂ।

ਕੂੜ-ਬਾਜ਼ਾਰ ਦੇ ਕਾਇਦੇ ਵੱਖਰੇ, ਪੜ ਲੈ, ਪਰ ਇਹ ਮੰਨਦਾ ਨਾ,
ਤੇਰੇ ਸੱਚ ਨੂੰ ਕਿਹੜਾ ਸਮਝੂ, ਮਰ ਚੱਲਿਆ ਮੈਂ ਹੋੜਦਿਆਂ।

ਜਿਹੜੀ ਦੌੜ ' ਚ ਮੈਂ ਨਹੀਂ ਸ਼ਾਮਿਲ, ਕਹਿੰਦੇ ਨੇ ਤੂੰ ਹਾਰ ਗਿਆ,
ਚਾਰ ਚੁਫ਼ੇਰੇ ਸ਼ੋਰ ਮਚਾਇਆ, ਜੇਤੂ ਚੂਹੇ-ਦੌੜ ਦਿਆਂ।

ਸ਼ਬਦ ਕੋਲੋਂ ਦਰਦ, ਜਿੰਨਾ ਅਣਕਿਹਾ ਸੀ ਰਹਿ ਗਿਆ।
ਇੱਕ ਅੱਥਰ ਅੱਖ ਦਾ, ਸਾਰੀ ਕਹਾਣੀ ਕਹਿ ਗਿਆ।

ਲੱਗ ਰਿਹੈ,ਤੂੰ ਯਾਦ ਮੈਨੂੰ, ਕੀਤਾ ਹੋਵੇਗਾ ਜ਼ਰੂਰ,
ਮਹਿਕ ਦਾ ਬੁੱਲਾ ਵੀ ਤਾਹੀਉਂ, ਨਾਲ ਮੇਰੇ ਖਹਿ ਗਿਆ।

ਇਸ ਤਰੈਹਾਂ ਮਿਲਿਆ ਟਿਕਾਅ ਕੁਝ, ਬੋਲ ਕੇ ਕਿੰਦਾਂ ਕਹਾਂ,
ਕੰਬਦੀ ਟਾਹਣੀ ਤੇ ਆਕੇ, ਜਿਉਂ ਪਰਿੰਦਾ ਬਹਿ ਗਿਆ।

ਤੇਜ਼ ਬਾਰਿਸ਼ ਸੀ,ਗੜੇ ਵੀ, ਚਮਕਦੀ ਬਿਜਲੀ,ਤੂਫ਼ਾਨ,
ਵੇਖ ਲੈ ਤੇਰੇ ਸਹਾਰੇ, ਦਰਦ ਕਿੰਨੇ ਸਹਿ ਗਿਆ।

ਪਰਬਤਾਂ ਦੇ ਸਿਖ਼ਰ ਪਿਘਲੇ, ਭਰ ਗਿਆ ਨਦੀਆਂ ਚ ਨੀਰ,
ਭਾਫ਼ ਬਣ ਤੁਰਿਆ ਸੀ ਜਿੱਥੋਂ ਸਾਗਰਾਂ ਵੱਲ ਵਹਿ ਗਿਆ।

ਭਰਮ ਸੀ ਮੈਨੂੰ ਕਿ ਸੂਰਜ ਬੱਦਲੀਆਂ ਨੇ ਫੜ ਲਿਆ,
ਉਹ ਤਾਂ ਜਿੱਧਰ ਕੱਲੈਹ ਗਿਆ ਸੀ, ਓਸ ਪਾਸੇ ਲਹਿ ਗਿਆ।

ਮੈਂ ਕਦੇ ਵੀ, ਹੋਰ ਹੱਥੋਂ, ਹਾਰਿਆ ਨਹੀਂ,ਅੱਜ ਤੀਕ,
ਹਾਰ ਜਾਵੇਂ ਨਾ ਕਿਤੇ ਤੂੰ, ਆਪ ਹੀ ਮੈ ਢਹਿ ਗਿਆ।

ਸਾਥੋਂ ਦੂਰ ਦੂਰ ਹੋਰ ਦੂਰ ਦੂਰ ਜਾ ਕੇ ਬਹਿਣਾ।
ਏਦਾਂ ਗ਼ਮਾਂ ਦਾ ਪਹਾੜ ਤੇਰੇ ਦਿਲ ਤੋਂ ਨਹੀਂ ਲਹਿਣਾ।

ਏਸ ਬਸਤੀ 'ਚ ਦੱਸ ਤੇਰੀ ਕਿਸ ਨੂੰ ਸ਼ਨਾਸ,
ਤੈਨੂੰ ਮੇਰੇ ਤੋਂ ਬਗੈਰ ਕਿਸੇ ਆਪਣਾ ਨਹੀਂ ਕਹਿਣਾ।

ਰੂਹ ਨੂੰ ਜੰਦਰੇ ਨਾ ਮਾਰ, ਏਦਾਂ ਕਹਿਰ ਨਾ ਗੁਜ਼ਾਰ,
ਕਿੰਜ ਦੱਸਾਂ ਕਿੰਨਾ ਔਖਾ ਤੇਰਾ ਚੁੱਪ ਚੁੱਪ ਰਹਿਣਾ।

ਜਿਵੇਂ ਤਪਦੀ ਕੜਾਹੀ ਵਿੱਚ ਭੁੱਜਦੇ ਨੇ ਦਾਣੇ,
ਦਿਲ ਤਪਦਾ ਤੰਦੂਰ ਹੈ ਮੁਹਾਲ ਸੇਕ ਸਹਿਣਾ।

ਕਦੇ ਟਿੱਬਿਆਂ ਤੇ ਟਿਕੇ ਨਾ ਮੁਹੱਬਤਾਂ ਦਾ ਨੀਰ,
ਐਵੇਂ ਰੋਕ ਨਾ, ਨੀਵਾਣ ਵੱਲ ਇਹਨੇ ਸਦਾ ਵਹਿਣਾ।

ਤਪੇ ਸਮੇਂ ਦੀ ਕੁਠਾਲੀ ਆ ਜਾ ਘੁਲ਼ ਮਿਲ ਜਾਈਏ ,
ਕਦੇ ਪਿਘਲ਼ੇ ਬਗੈਰ ਸੋਨਾ ਬਣਦਾ ਨਹੀਂ ਗਹਿਣਾ।

ਬਾਹਰ ਜਗਦੇ ਚਿਰਾਗ, ਤਾਂ ਵੀ ਮਨਾਂ' ਚ ਹਨੇਰ,
ਬਾਹਰ ਡੱਬੀ ਵਿੱਚੋਂ ਆ ਕੇ ਪੈਣਾ ਤੀਲੀ ਵਾਂਗ ਖਹਿਣਾ।

ਰਿਸ਼ਤਾ ਤਾਂ ਵਿਸ਼ਵਾਸ ਦਾ ਨਾਂ ਹੈ, ਨਹੀਂ ਨਿਭਦਾ ਇਕਰਾਰ ਦੇ ਨਾਲ।
ਸ਼ਰਤਨਾਮਿਆਂ ਦਾ ਤਾਂ ਨਾਤਾ ਹੁੰਦੈ ਵਣਜ ਵਪਾਰ ਦੇ ਨਾਲ।

ਇੱਕ ਦੂਜੇ ਦੀ ਰੂਹ ਦਾ ਹਾਣੀ, ਬਣਕੇ ਹੀ ਫੁੱਲ ਫ਼ਲ ਤੇ ਪਹੁੰਚੇ,
ਮਨ ਦਾ ਮੇਲ ਸੁਮੇਲ ਬਣੇ ਜਦ, ਘਰ ਮਹਿਕੇ ਮਹਿਕਾਰ ਦੇ ਨਾਲ।

ਸ਼ੀਸ਼ੇ ਤੋਂ ਵੀ ਹੁੰਦੇ ਕੋਮਲ, ਰੱਖਿਓ ਬਹੁਤ ਸੰਭਾਲ ਕੇ ਵੀਰੋ,
ਟੁਕੜੇ ਹੋ ਨਾ ਖਿੱਲਰਨ ਕਿਧਰੇ, ਬੇ ਲੋੜੇ ਤਕਰਾਰ ਦੇ ਨਾਲ।

ਸਿਰ ਸੋਹਣੀ ਦਸਤਾਰ ਤੇ ਲੀੜੇ, ਚਮਕ ਰਹੇ ਚਿਹਰੇ ਵੀ ਸੋਹਣੇ,
ਸ਼ੀਸ਼ਾ ਨਹੀਂ ਹਾਂ, ਮੈਂ ਤਾਂ ਸਭ ਨੂੰ ਪਰਖਾਂਗਾ ਕਿਰਦਾਰ ਦੇ ਨਾਲ।

ਜੇਕਰ ਮੱਥੇ ਅੰਦਰ ਜਗਦੀ ਜੋਤ ਨਿਰੰਤਰ ਮਘਦੀ ਨਹੀਂ ਤਾਂ,
ਸਾਂਝ ਕਦੇ ਵੀ ਪੈਂਦੀ ਨਹੀਂਓਂ, ਸੂਹੀ ਸੁਰਖ਼ ਬਹਾਰ ਦੇ ਨਾਲ।

ਲੋਹੇ ਨੂੰ ਜੇ ਕਿਰਪਾ ਵਾਲੀ ਪਾਣ ਚੜ ਕਿਰਪਾਨ ਕਹਾਵੇ,
ਜਬਰ ਜ਼ੁਲਮ ਦਾ ਸਾਕ ਸਦੀਵੀ, ਹੁੰਦਾ ਹੈ ਤਲਵਾਰ ਦੇ ਨਾਲ।

ਨਾਈਲਨ ਵਾਲੀਆਂ ਨਰਮ ਜੁਰਾਬਾਂ, ਸਭ ਪੈਰਾਂ ਨੂੰ ਪੁੱਗਦੀਆਂ ਨੇ,
ਪਰ ਇਨੈਹਾਂ ਦਾ ਨਾਮ ਜੁੜੇ ਨਾ, ਭੁੱਲ ਕੇ ਵੀ ਦਸਤਾਰ ਦੇ ਨਾਲ।

ਇਹ ਕਰਿਸ਼ਮਾ ਫਿਰ ਦੋਬਾਰਾ ਹੋ ਗਿਆ ਹੈ।
ਦੀਦ ਕੀਹ? ਜੰਨਤ ਨਜ਼ਾਰਾ ਹੋ ਗਿਆ ਹੈ।

ਤਨ ਬਦਨ ਵਿੱਚ ਮਹਿਕ ਤੇਰੀ ਰਮ ਗਈ ਏ,
ਮਿਲਣ ਦਾ ਕਿੰਨਾ ਸਹਾਰਾ ਹੋ ਗਿਆ ਹੈ।

ਨੀਂਦ ਅੰਦਰ ਜਿਸ ਤਰਾਂ ਸੀ ਖ਼ਵਾਬ ਤੇਰਾ,
ਦਰਸ ਉਹ ਸਾਰੇ ਦਾ ਸਾਰਾ ਹੋ ਗਿਆ ਹੈ।

ਵੇਲ ਵਾਂਗੂੰ ਆਸਰੇ ਬਿਨ ਡਿੱਗ ਪਿਆ ਸਾਂ,
ਤਰਲ ਮਨ ਕਿੰਨਾ ਵਿਚਾਰਾ ਹੋ ਗਿਆ ਹੈ।

ਏਸ ਵਿੱਚ ਮੇਰਾ ਤਾਂ ਇੱਕ ਹੀ ਅੱਥਰੂ ਹੈ,
ਕਿਉਂ ਸਮੁੰਦਰ ਹੋਰ ਖ਼ਾਰਾ ਹੋ ਗਿਆ ਹੈ।

ਹੋਰ ਅੱਗੇ ਤੁਰਨ ਔਖਾ, ਸੀ ਤੇਰੇ ਬਿਨ ,
ਮਹਿਕ ਤੇਰੀ ਦਾ ਹੁੰਗਾਰਾ ਹੋ ਗਿਆ ਹੈ।

ਦਰਦ ਲੱਦੇ ਕਾਫ਼ਲੇ ਹੁਣ ਲੈ ਤੁਰਾਂਗਾ,
ਸਾਥ ਤੇਰੇ ਦਾ ਇਸ਼ਾਰਾ ਹੋ ਗਿਆ ਹੈ।

ਇਹ ਕਰਿਸ਼ਮਾ ਫਿਰ ਦੋਬਾਰਾ ਹੋ ਗਿਆ ਹੈ।
ਦੀਦ ਕੀਹ? ਜੰਨਤ ਨਜ਼ਾਰਾ ਹੋ ਗਿਆ ਹੈ।

ਤਨ ਬਦਨ ਵਿੱਚ ਮਹਿਕ ਤੇਰੀ ਰਮ ਗਈ ਏ,
ਮਿਲਣ ਦਾ ਕਿੰਨਾ ਸਹਾਰਾ ਹੋ ਗਿਆ ਹੈ।

ਨੀਂਦ ਅੰਦਰ ਜਿਸ ਤਰੈਹਾਂ ਸੀ ਖ਼ਵਾਬ ਤੇਰਾ,
ਦਰਸ ਉਹ ਸਾਰੇ ਦਾ ਸਾਰਾ ਹੋ ਗਿਆ ਹੈ।

ਵੇਲ ਵਾਂਗੂੰ ਆਸਰੇ ਬਿਨ ਡਿੱਗ ਪਿਆ ਸਾਂ,
ਤਰਲ ਮਨ ਕਿੰਨਾ ਵਿਚਾਰਾ ਹੋ ਗਿਆ ਹੈ।

ਏਸ ਵਿੱਚ ਮੇਰਾ ਤਾਂ ਇੱਕ ਹੀ ਅੱਥਰੂ ਹੈ,
ਕਿਉਂ ਸਮੁੰਦਰ ਹੋਰ ਖ਼ਾਰਾ ਹੋ ਗਿਆ ਹੈ।

ਹੋਰ ਅੱਗੇ ਤੁਰਨ ਔਖਾ,ਸੀ ਤੇਰੇ ਬਿਨ ,
ਮਹਿਕ ਤੇਰੀ ਦਾ ਹੁੰਗਾਰਾ ਹੋ ਗਿਆ ਹੈ।

ਦਰਦ ਲੱਦੇ ਕਾਫ਼ਲੇ ਹੁਣ ਲੈ ਤੁਰਾਂਗਾ,
ਸਾਥ ਤੇਰੇ ਦਾ ਇਸ਼ਾਰਾ ਹੋ ਗਿਆ ਹੈ।

ਅਨਘੜ ਪੱਥਰ ਵਾਂਗ ਪਿਆ ਸਾਂ, ਮੈਂ ਵੀ ਹੀਰਾ ਬਣਨਾ ਚਾਹਿਆ।
ਖ਼ੁਦ ਨੂੰ ਆਪ ਤਰਾਸ਼ ਨਾ ਸਕਿਆ, ਕਲਾਕਾਰ ਨਾ ਛਿੱਲਿਆ ਲਾਹਿਆ।

ਹੀਰਾ ਜਨਮ ਗੁਆਚ ਗਿਆ ਹੈ, ਐਵੇਂ ਮਿੱਟੀ ਘੱਟਾ ਫੱਕਦੇ,
ਧਰਤ ਆਕਾਸ਼, ਪਾਤਾਲ ਬੜਾ ਕੁਝ, ਅੱਖ ਪਲਕਾਰੇ ਅੰਦਰ ਗਾਹਿਆ।

ਜੇ ਨਾ ਬੀਬੀ ਪੂਣੀਆਂ ਵੱਟਦੀ, ਰੂੰ ਦੇ ਗੋਹੜੇ ਉੱਡ ਪੁੱਡ ਜਾਂਦੇ,
ਇਹ ਜਿਹੜੀ ਸੁਣਦੀ ਏ ਘੂਕਰ, ਲੱਗਦੈ ਮਾਂ ਨੇ ਚਰਖ਼ਾ ਡਾਹਿਆ।

ਇਹ ਨਾ ਦੱਸਿਆ ਜਾਣ ਵਾਲਿਆਂ, ਦਿਲ ਦੀ ਨਰਮ ਸਲੇਟ ਦੇ ਉੱਤੇ,
ਪਹਿਲਾਂ ਹਰਫ਼ ਮੁਹੱਬਤ ਲਿਖ ਕੇ, ਇਕ ਦਮ ਉਸ ਨੂੰ ਕਿਉਂ ਤੂੰ ਢਾਹਿਆ।

ਹੇ ਜ਼ਿੰਦਗੀ ਤੂੰ ਕੈਸੀ ਦਾਤੀ, ਬਿਨ ਮੰਗਿਆਂ ਤੋਂ ਦੇਵੇਂ ਦਾਤਾਂ,
ਜੇ ਮੰਗੀਏ ਤਾਂ ਝੋਲੀ ਪਾਵੇਂ, ਕਿੰਨਾ ਤੂੰ ਵੱਖਰ ਅਣਚਾਹਿਆ।

ਧਰਤ ਬੇਰਹਿਮ ਤੇਜ਼ਾਬੀ ਅੰਦਰ, ਇੱਕ ਵੀ ਸੁਪਨਾ ਪੁੰਗਰਿਆ ਨਾ,
ਮੇਰੇ ਪਿਉ-ਦਾਦੇ ਨੇ ਮੁੜੈਹਕਾ, ਕਈ ਸਦੀਆਂ ਤੋਂ ਇਸ ਵਿਚ ਵਾਹਿਆ।

ਸ਼ਬਦ ਪੋਟਲੀ ਦੇ ਵਿਚ ਬੰਨਿਆ, ਕੁਝ ਵੀ ਇਸ 'ਚੋਂ ਮੇਰਾ ਨਹੀਂ ਹੈ,
ਇਹ ਤਾਂ ਕਰਜ਼ ਖੜੈਹਾ ਸੀ ਸਿਰ 'ਤੇ ਕਿਸ਼ਤਾਂ ਕਰਕੇ ਮਗਰੋਂ ਲਾਹਿਆ।

# ਰਾਜ ਲਾਲੀ ਬਟਾਲਾ ਦਾ ਗ਼ਜ਼ਲ ਸੰਗ੍ਰਹਿ "ਲਾਲੀ" ਮਨੁੱਖਤਾ ਦੇ ਦਰਦ ਦੀ ਦਾਸਤਾਨ

**ਰਾਜ ਲਾਲੀ ਬਟਾਲਾ** ਦਾ ਗ਼ਜ਼ਲ ਸੰਗ੍ਰਹਿ "ਲਾਲੀ" ਮਨੁੱਖਤਾ ਦੇ ਦਰਦਾਂ ਦੀ ਦਾਸਤਾਨ ਹੈ। ਭਾਵੇਂ ਰਾਜ ਲਾਲੀ ਬਟਾਲਾ ਦਾ ਇਹ ਪਲੇਠਾ ਗ਼ਜ਼ਲ ਸੰਗ੍ਰਹਿ ਹੈ ਪਰੰਤੂ ਗ਼ਜ਼ਲਾਂ ਪੜਨ ਤੋਂ ਇਉਂ ਮਹਿਸੂਸ ਹੋ ਰਿਹਾ ਹੈ ਜਿਵੇਂ ਇਕ ਹੰਢੇ ਵਰਤੇ ਗ਼ਜ਼ਲ ਦੇ ਮਾਹਿਰ ਦੀਆਂ ਗ਼ਜ਼ਲਾਂ ਹਨ। ਗ਼ਜ਼ਲਗੋ ਨੇ ਇਨਸਾਨੀਅਤ ਨੂੰ ਸਮਾਜ ਵਿਚ ਵਿਚਰਦਿਆਂ ਆ ਰਹੀਆਂ ਅੜਚਣਾਂ, ਮੁਸ਼ਕਲਾਂ, ਸਮੱਸਿਆਵਾਂ ਅਤੇ ਤਕਲੀਫ਼ਾਂ ਦਾ ਬੜੇ ਹੀ ਸੰਜੀਦਾ ਢੰਗ ਨਾਲ ਗ਼ਜ਼ਲ ਦੇ ਨਿਯਮਾਂ ਅਨੁਸਾਰ ਪ੍ਰਗਟਾਵਾ ਕਰਦਿਆਂ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਆਮ ਤੌਰ 'ਤੇ ਗ਼ਜ਼ਲਾਂ ਨੂੰ ਗ਼ਜ਼ਲਗੋ ਬਹੁਤੇ ਰੁਮਾਂਸਵਾਦ ਵਿਚ ਲਪੇਟ ਕੇ ਪੇਸ਼ ਕਰਦੇ ਹਨ। ਪਰੰਤੂ ਰਾਜ ਲਾਲੀ ਬਟਾਲਾ ਦੀਆਂ ਬਹੁਤੀਆਂ ਗ਼ਜ਼ਲਾਂ ਸਮਾਜਿਕ ਸਰੋਕਾਰਾਂ ਦੀਆਂ ਬਾਤਾਂ ਪਾਉਂਦੀਆਂ ਹਨ। ਜੇਕਰ ਕਿਸੇ ਗ਼ਜ਼ਲ ਵਿਚ ਉਹਨਾਂ ਨੇ ਰੋਮਾਂਸਵਾਦ ਦੀ ਗੱਲ ਕੀਤੀ ਹੈ ਤਾਂ ਉਸਦੇ ਨਾਲ ਹੀ ਮਾਨਵਤਾ ਦੇ ਦਰਦ ਦੀ ਤਰਜ਼ਮਾਨੀ ਵੀ ਕੀਤੀ ਹੈ। ਪਰਿਵਾਰਾਂ ਦੇ ਆਪਸੀ ਸੰਬੰਧਾਂ ਵਿਚ ਆ ਰਹੀ ਖਟਾਸ ਅਤੇ ਉਸ ਤੋਂ ਉਤਪੰਨ ਹੋਣ ਵਾਲੇ ਦੁਖਾਂਤ ਦਾ ਵੀ ਜ਼ਿਕਰ ਕੀਤਾ ਹੈ। ਨੌਜਵਾਨਾ ਵੱਲੋਂ ਆਪਣੇ ਮਾਪਿਆਂ ਦੀ ਅਣਗਹਿਲੀ ਅਤੇ ਮਾਪਿਆਂ ਦੇ ਅਜਿਹੇ ਵਿਵਹਾਰ ਹੋਣ ਕਰਕੇ ਅਹਿਸਾਸਾਂ ਨੂੰ ਵੀ ਆਪਣੀਆਂ ਗ਼ਜ਼ਲਾਂ ਦੇ ਵਿਸ਼ੇ ਬਣਾਇਆ ਹੈ। ਗ਼ਜ਼ਲਗੋ ਨੇ ਆਪਣੀਆਂ ਗ਼ਜ਼ਲਾਂ ਵਿਚ ਬੱਚਿਆਂ ਦੇ ਪਰਵਾਸ ਵਿਚ ਜਾਣ ਨਾਲ ਮਾਪਿਆਂ ਦੇ ਦਿਲਾਂ ਵਿਚ ਜੋ ਵਾਪਰਦੀ ਹੈ। ਉਸ ਦਾ ਪ੍ਰਗਟਾਵਾ ਕਰਦਿਆਂ ਲਿਖਿਆ ਹੈ ਕਿ ਮਾਵਾਂ ਪੁੱਤਰਾਂ ਦੇ ਵਿਛੋੜੇ ਦਾ ਸੰਤਾਪ ਹੰਢਾਉਂਦੀਆਂ ਝੋਰੇ ਵਿਚ ਹੀ ਰਹਿੰਦੀਆਂ ਹਨ। ਗ਼ਜ਼ਲਗੋ ਇਛਰਾਂ ਦਾ ਜ਼ਿਕਰ ਕਰਕੇ ਇਤਿਹਾਸ ਵਿਚ ਵਾਪਰੀਆਂ ਘਟਨਾਵਾਂ ਨੂੰ ਵੀ ਯਾਦ ਕਰਵਾਉਂਦਾ ਹੋਇਆ ਕਹਿੰਦਾ ਹੈ ਇਛਰਾਂ ਵਰਗੀਆਂ ਮਾਵਾਂ ਆਪਣੇ ਘਰ ਵਿਚ ਹੀ ਬਿਰਹਾ ਦੇ ਦੁੱਖ ਵਿਚ ਹੀ ਰੁਲ ਜਾਂਦੀਆਂ ਹਨ। ਨੌਜਵਾਨਾਂ ਦੀ ਬੇਰੁਜ਼ਗਾਰੀ ਦੇ ਸੰਤਾਪ ਦਾ ਜ਼ਿਕਰ ਵੀ ਅਸਿੱਧੇ ਤੌਰ 'ਤੇ ਕਰਦਾ ਲਾਲੀ ਲਿਖਦਾ ਹੈ ਕਿ ਉਹ ਆਪਣੇ ਦੇਸ਼ ਵਿਚ ਰੋਜ਼ੀ ਰੋਟੀ ਦਾ ਸਾਧਨ ਨਾ ਹੋਣ ਕਰਕੇ ਪ੍ਰਦੇਸਾਂ ਵਿਚ ਜਾਂਦੇ ਹਨ-


ਪਰਦੇਸਾਂ ਵਿਚ ਪੂਰਨ ਪੁੱਤ ਭਟਕਣ ਰੋਜ਼ੀ ਰੋਟੀ ਖ਼ਾਤਿਰ।
ਪਿੱਛੇ ਦੇਸ਼ 'ਚ ਰੁਲ ਗਈਆਂ ਨੇ ਇਛਰਾ ਵਰਗੀਆਂ ਮਾਵਾਂ।
ਪੁੱਤ ਜਦੋਂ ਦੇ ਘਰ ਨੂੰ ਭੁੱਲੇ, ਮਾਵਾਂ ਜਾਵਣ ਹੰਝੂ ਕੇਰੀ।
ਦਿਲ ਪਰਦੇਸ਼ਾਂ ਦੇ ਵਿਚ ਬੇਸ਼ਕ ਲਗਦਾ ਹੈ, ਮੈਂ ਘਰ ਵਾਪਿਸ ਆਇਆ, ਤੇਰੇ ਕਰਕੇ।
ਜਿਸ ਘਰ ਅੰਦਰ ਹੋਰ ਬਣੇ ਘਰ, ਮੈਂ ਘਬਰਾਵਾਂ, ਓਥੇ ਅਕਸਰ।
ਪਿਆਰ ਮੁਹੱਬਤ ਮਮਤਾ ਮਿਲਦੀ, ਜਿੱਥੇ ਮਾਵਾਂ, ਓਥੇ ਅਕਸਰ।
ਪਿਤਾਵਾਂ ਤੋਂ ਨਾ ਇਹ ਪੁੱਛੋ ਕੇ ਮਮਤਾ ਚੀਜ਼ ਕੀ ਹੁੰਦੀ,
ਤੁਸੀਂ ਮਾਵਾਂ ਦੇ ਦਿਲ ਫੋਲੋ, ਗੁਜ਼ਾਰਿਸ਼ ਹੈ ਮੇਰੀ ਸਭ ਨੂੰ।
ਆਪਣੇ ਹੀ ਘਰ ਦੇ ਅੰਦਰ, ਮੈਨੂੰ ਨਕਾਰਦੇ ਹਨ,
ਨੁੱਕਰ 'ਚ ਜੀਅ ਰਿਹਾ ਹਾਂ, ਨੁੱਕਰ 'ਚ ਮਰ ਰਿਹਾ ਹਾਂ।
ਹੈ ਘਰਾਂ ਅੰਦਰ ਹਕੂਮਤ ਨੇਰ ਦੀ,
ਜਜ਼ਬਿਆਂ ਦਾ ਦੀਪ ਕੋਈ ਬਾਲ ਫਿਰ।

ਸਮਾਜ ਵਿਚ ਹਓਮੈ ਦੀ ਸਮਾਜਿਕ ਬੀਮਾਰੀ ਬਾਰੇ ਵੀ ਰਾਜ ਲਾਲੀ ਨੇ ਲਿਖਿਆ ਹੈ ਕਿ ਹਰ ਇਨਸਾਨ ਦੇ ਦਿਮਾਗ਼ ਵਿਚ ਹਓਮੈ ਦਾ ਭੂਤ ਸਵਾਰ ਹੋਇਆ ਪਿਆ ਹੈ, ਜਿਸਨੇ ਸਮਾਜਿਕਤਾ ਨੂੰ ਠੇਸ ਪਹੁੰਚਾਈ ਹੈ। ਦੂਜਿਆਂ ਤੋਂ ਜ਼ੋਰ ਜ਼ਬਰਦ-ਸਤੀ ਖੋਹ ਲੈਣ ਨੂੰ ਇਨਸਾਨ ਆਪਣਾ ਹੱਕ ਸਮਝਦਾ ਹੈ। ਜਿਤਨੀ ਦੇਰ ਇਨਸਾਨ ਨਫ਼ਰਤ ਅਤੇ ਹਓਮੈ ਤੋਂ ਛੁਟਕਾਰਾ ਨਹੀਂ ਪਾ ਲੈਂਦਾ ਉਤਨੀ ਦੇਰ ਸਮਾਜ ਵਿਚ ਆਪਸੀ ਪਿਆਰ ਅਤੇ ਸਦਭਾਵਨਾ ਪੈਦਾ ਨਹੀਂ ਹੋ ਸਕਦੀ-

ਹੂਕ ਨੂੰ ਜਦ ਤੋਂ ਮੇਰੇ ਵਿਚ ਵਾਸ ਲੱਭਾ, ਆਪਣੀ ਹਉਮੈ ਦਾ ਹੀ ਅਹਿਸਾਸ ਲੱਭਾ।
ਰਲ ਕੇ ਆਪਾਂ ਹੱਕ ਆਪਣਾ ਖੋਹ ਲਿਆ ਹੈ, ਇੱਲ ਦੇ ਇੱਕ ਆਲਣੇ 'ਚੋਂ ਮਾਸ ਲੱਭਾ।
ਨਫ਼ਰਤ ਹਊਮੈ ਭੁੱਲ ਭੁਲਾ ਕੇ, ਪਿਆਰ ਦੀ ਹਾਮੀ ਭਰ ਦਿੱਤੀ,
ਸਿਮਟਣ ਦੇ ਨਾ ਬਿੰਦੂ ਵਾਂਗਰ, ਦਾਇਰੇ ਵਾਂਗਰ ਫੈਲਣ ਦੇ।
ਇਹ ਤਾਂ ਹਉਮੈ ਦੇ ਕੋਲੋਂ ਮੁਨਾਸਿਬ ਨਾ ਸੀ,
ਪਿਆਰ ਕੋਲੋਂ ਜੋ ਦੀਪਕ ਜਗਾ ਹੋ ਗਿਆ।
ਨਫ਼ਰਤਾਂ ਦੇ ਸੇਕ ਤੋਂ ਜੋ ਅੱਕ ਚੁੱਕਾ,
ਯੱਖ ਠੰਢਾ ਸ਼ੀਤ ਹੋਣਾ ਲੋਚਦਾ ਹੈ।

ਸਮਾਜ ਵਿਚ ਸਮਾਜਿਕ ਨਾਬਰਾਬਰੀ ਦਾ ਜ਼ਿਕਰ ਕਰਦਿਆਂ ਰਾਜ ਲਾਲੀ ਕਹਿੰਦਾ ਹੈ ਕਿ ਉਤਨੀ ਦੇਰ ਲੋਕਾਈ ਦਾ ਭਲਾ ਨਹੀਂ ਹੋ ਸਕਦਾ ਜਿਤਨੀ ਦੇਰ ਸਮਾਜ ਵਿਚ ਸਾਰੇ ਵਰਗਾਂ ਦੇ ਲੋਕਾਂ ਨੂੰ ਇਕੋ ਜਹੇ ਮੌਕੇ ਨਹੀਂ ਮਿਲਦੇ। ਕੋਈ ਵੀ ਇਨਸਾਨ ਭੁੱਖਾ ਨਾ ਰਹੇ, ਸਗੋਂ ਸਾਰੇ ਇਕ ਦੂਜੇ ਦੇ ਪੂਰਕ ਬਣਨ। ਆਪਣੇ ਹੀ ਆਪਣਿਆਂ ਦਾ ਨੁਕਸਾਨ ਕਰੀ ਜਾ ਰਹੇ ਹਨ। ਜਿਤਨੀ ਦੇਰ ਅਸੀਂ ਇਕ ਦੂਜੇ ਦੇ ਹੱਕਾਂ 'ਤੇ ਕਾਬਜ਼ ਹੋਣ ਦੀ ਕੋਸ਼ਿਸ਼ ਕਰਦੇ ਰਹਾਂਗੇ, ਉਤਨੀ ਦੇਰ ਸਮਾਜ ਵਿਚ ਇਨਸਾਫ਼ ਨਹੀਂ ਮਿਲ ਸਕਦਾ। ਆਰਥਿਕ ਤੌਰ ਤੇ ਤਾਕਤਵਰ ਲੋਕ ਗ਼ਰੀਬ ਲੋਕਾਂ ਦਾ ਸ਼ੋਸ਼ਣ ਕਰਦੇ ਰਹਿਣਗੇ ਉਤਨੀ ਦੇਰ ਬਰਾਬਰਤਾ ਆ ਹੀ ਨਹੀਂ ਸਕਦੀ। ਗ਼ਜ਼ਲਗੋ ਇਹ ਵੀ ਪ੍ਰੇਰਨਾ ਕਰਦਾ ਹੈ ਕਿ ਇਨਸਾਨ ਨੂੰ ਇਕ ਦੂਜੇ ਤੋਂ ਡਰਨ ਦੀ ਲੋੜ ਨਹੀਂ ਸਗੋਂ ਮੇਲ ਮਿਲਾਪ ਵਧਾ ਕੇ ਇਕਮੁੱਠ ਹੋ ਕੇ ਆਪੋ ਆਪਣੇ ਹੱਕਾਂ ਲਈ ਲੜਨਾ ਸਿੱਖਣਾ ਚਾਹੀਦਾ ਹੈ। ਅਮੀਰ ਲੋਕ ਗ਼ਰੀਬਾਂ ਦੀ ਮਦਦ ਨਹੀਂ ਕਰਦੇ ਸਗੋਂ ਬੈਂਕਾਂ ਨੂੰ ਭਰ ਦਿੰਦੇ ਹਨ ਗ਼ਰੀਬ ਭੁੱਖੇ ਢਿੱਡ ਸੌਂਦਾ ਹੈ-




ਉਹ ਖੀਸੇ ਵਿੱਚ ਪਾ ਤਾਲਾ ਸਦਾ ਲੱਭਦਾ ਰਿਹਾ ਚਾਬੀ,
ਹੈ ਉਸਨੂੰ ਇਹ ਪਤਾ ਪੱਕਾ ਕਿ ਉਸਦਾ ਘਰ ਨਹੀਂ ਕੋਈ।
ਮਿਲੇ ਰੋਟੀ ਦੋ ਵੇਲੇ ਦੀ, ਕੋਈ ਭੁੱਖਾ ਨਹੀਂ ਸੌਂਵੇ,
ਸਿਵਾ ਇਸਦੇ ਮੇਰੀ ਚਾਹਤ, ਮੇਰੀ ਸੱਧਰ ਨਹੀਂ ਕੋਈ।
ਸ਼ਰੇ ਬਾਜ਼ਾਰ 'ਲਾਲੀ' ਮਾਰਿਆ ਰਲ ਕੇ ਖੁਦਾਵਾਂ ਨੇ,
ਕਿਤੋਂ ਇਨਸਾਫ਼ ਮਿਲ ਜਾਵੇ ਅਜੇਹਾ ਦਰ ਨਹੀਂ ਕੋਈ।
ਬਣ ਜਾਂਦਾ ਜੋ ਦਰਸ਼ਕ ਏਥੇ, ਨਾ ਜਿਤਦਾ ਨਾ ਹਰਦਾ ਬੰਦਾ।
ਮਾੜੇ ਦੀ ਇਹ ਬਾਤ ਨਾ ਪੁੱਛੇ, ਤਕੜੇ ਕੋਲੋਂ ਡਰਦਾ ਬੰਦਾ।
ਢਿੱਡ ਕਿਸੇ ਦਾ ਭਰ ਨਾ ਸਕਦਾ, ਬੈਂਕਾਂ ਨੂੰ ਹੈ ਭਰਦਾ ਬੰਦਾ।
ਮੇਰੇ ਨਾਲ ਦਗ਼ਾ ਜਿਸ ਕੀਤਾ, ਮੇਰਾ ਸੀ ਉਹ ਘਰ ਦਾ ਬੰਦਾ।

ਧਾਰਮਿਕ ਲੋਕਾਂ ਦੀ ਕਾਰਗੁਜ਼ਾਰੀ 'ਤੇ ਕਿੰਤੂ ਪਰੰਤੂ ਕਰਦਾ ਰਾਜ ਲਿਖਦਾ ਹੈ ਕਿ ਉਹਨਾਂ ਤੋਂ ਵੀ ਸਮਾਜ ਦਾ ਵਿਸ਼ਵਾਸ਼ ਉਠ ਗਿਆ ਹੈ।-

ਪੂਜਾ ਵੀ 'ਤੇ ਲੁੱਟਾਂ ਖੋਹਾਂ, ਕੀ ਕੀ ਕਾਰੇ ਕਰਦਾ ਬੰਦਾ।
ਸਭ ਕੁਝ ਏਥੇ ਰਹਿ ਜਾਣਾ ਪਰ, ਮੇਰੀ ਮੇਰੀ ਕਰਦਾ ਬੰਦਾ।
ਧਰਮਾਂ ਵਾਲੇ ਪੱਲੜੇ ਵਿਚ ਮੈਂ ਊਣਾ ਹਾਂ,
ਭੇਜੇ ਕਿਹੜਾ ਪੀਰ ਪੈਗੰਬਰ, ਸੋਚ ਰਿਹਾਂ।
ਕਤਲ ਕਰੇ ਜੋ ਮਾਨਵਤਾ ਦਾ, ਇਕ ਦਿਨ ਖੁਦ ਵੀ ਮਰਦਾ ਬੰਦਾ।
ਮਾੜਾ ਸੀ ਬੰਦਾ ਹੁਣ 'ਬਾਬਾ' ਹੈ ਬਣਿਆਂ,
ਮੰਦਿਰ, ਮਸਜਿਦ ਤੇ ਦਰਗਾਹਾਂ ਦੇ ਕਰਕੇ।
ਸ਼ਿਵਾਲੇ ਬਣ ਗਏ ਹਨ ਹਰ ਨਗਰ ਹਰ ਮੋੜ ਦੇ ਉਤੇ,
ਸਕੂਲਾਂ ਨੂੰ ਕਿਤੇ ਖੋਲੈਹੋ, ਗੁਜ਼ਾਰਿਸ਼ ਹੈ ਮੇਰੀ ਸਭ ਨੂੰ।

ਮਾਨਵਤਾ ਦੇ ਦਰਦਾਂ ਦੀ ਪੀੜ ਦਾ ਅਹਿਸਾਸ ਕਰਦਾ ਹੋਇਆ ਗ਼ਜ਼ਲਗੋ ਆਪਣੀਆਂ ਗ਼ਜ਼ਲਾਂ ਵਿਚ ਪੀੜ ਨੂੰ ਮੁੱਖ ਵਿਸ਼ਾ ਬਣਾਕੇ ਲਗਪਗ ਹਰ ਗ਼ਜ਼ਲ ਵਿਚ ਆਪਣੇ ਇਸ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਇਸ ਕਰਕੇ ਇਨਸਾਨ ਦੀਆਂ ਇਛਾਵਾਂ ਪੂਰੀਆਂ ਨਹੀਂ ਹੁੰਦੀਆਂ ਪਰੰਤੂ ਜੇ ਮੁਕੰਮਲ ਹੋ ਜਾਣ ਤਾਂ ਪੀੜ ਹੋਰ ਵੱ ਜਾਂਦੀ ਹੈ। ਇਨਸਾਨ ਸੰਤੁਸ਼ਟ ਨਹੀਂ ਹੋ ਰਿਹਾ-

ਆਪਣੇ ਪੈਰੀਂ ਜਿੰਨੇ ਦੁੱਖ ਹੰਡਾਈ ਬੈਠੇ ਲੋਕ,
ਸੀਨੇ ਦੇ ਵਿਚ ਓਨੇ ਦਰਦ ਛੁਪਾਈ ਬੈਠੇ ਲੋਕ।
ਪੀੜ ਪਰਾਹੁਣੀ ਕਦ ਤਕ ਮੇਰੇ ਨਾਲ ਰਹੇ,
ਖੁਦ ਹੀ ਜਦ ਮੈਂ ਖੁਦ ਤੋਂ ਨਾਬਰ, ਸੋਚ ਰਿਹਾਂ।
ਪੀੜ ਦੀ ਮੁਨਿਆਦ ਨਾਪਣ ਵਾਸਤੇ,
ਫੱਟ ਦਿਲ ਦੇ ਖੋਲਦਾ ਦਿਨ ਰਾਤ ਉਹ।
ਉਹ ਨਹੀਂ ਹਟਿਆ ਕਦੇ ਵੀ ਦਿਲ ਦੁਖਾਉਣੋਂ,
ਫਿਰ ਕਿਵੇਂ ਮਨ-ਜੀਤ ਹੋਣਾ ਲੋਚਦਾ ਹੈ।
ਪੂਰਾ ਸਾਗਰ ਪੀ ਕੇ ਵੀ ਹਾਲੇ ਤਿਰਹਾਏ ਹਨ,
ਮਾਰੂਥਲ ਦੀ ਪਿਆਸ ਜੋ ਹੋਠੀਂ ਲਾਈ ਬੈਠੇ ਲੋਕ।
ਘਰ ਵੰਡੇ ਹਨ ਜ਼ਰ ਵੰਡੇ ਹਨ ਵੰਡ ਲਏ ਹਨ ਸਾਕ,
ਪਾਣੀ ਉਤੇ ਵੀ ਹੁਣ ਲੀਕਾਂ ਪਾਈ ਬੈਠੇ ਲੋਕ।

ਪਿਆਰ ਮੁਹੱਬਤ ਬਾਰੇ ਵੀ ਗ਼ਜ਼ਲਗੋ ਦੀਆਂ ਗ਼ਜ਼ਲਾਂ ਦੇ ਕੁਝ ਸ਼ੇਅਰ ਹਨ-

ਖ਼ਜ਼ਾਨਾ ਮੁਹੱਬਤ ਦਾ ਸੀ ਕੋਲ ਮੇਰੇ, ਮੈਂ ਹੱਥੋਂ ਗਵਾਇਆ ਤੇਰੇ ਜਾਣ ਮਗਰੋਂ।
ਮੈਂ ਕਰਦਾ ਸੀ ਪੂਜਾ ਤੇਰੀ ਵਸਲ ਵੇਲੇ, ਮੈਂ ਤੈਨੂੰ ਧਿਆਇਆ ਤੇਰੇ ਜਾਣ ਮਗਰੋਂ।
ਇਸ਼ਕ ਐਸਾ ਰੋਗ ਹੈ ਜਿਸ ਦੀ ਖੁਦਾ, ਆਖ਼ਿਰੀ ਦਮ ਤਕ ਦਵਾ ਕੋਈ ਨਹੀਂ।
ਜਿੱਤਣ ਦੇ ਲਈ ਖੇਡ ਰਿਹਾਂ, ਕਾਹਤੋਂ ਬਾਜ਼ੀ ਹਰ ਜਾਵਾਂ।
ਠਾਕੁਰ ਕਹਿ ਜਾਂ ਠੋਕਰ ਮਾਰ, ਪੱਥਰ ਵਾਂਗਰ ਜਰ ਜਾਵਾਂ।
ਇਸ਼ਕ ਉਸ ਦੇ ਨੂੰ ਮੈਂ ਜੇ ਸਿਜਦਾ ਕਰਾਂ ਤਾਂ ਗ਼ਲਤ ਹੈ,
ਆਪਣੀ ਧੀ ਨੂੰ ਜੋ ਖੁਦ ਬਦਨਾਮ ਲਿਖ ਕੇ ਰੋ ਪਿਆ।
ਹਰ ਕੋਈ ਮਿਲਦਾ ਹੈ ਜੀਕਣ ਆਪਣਾ, ਭੀੜ ਵੇਲੇ ਆਪਣਾ ਕੋਈ ਨਹੀਂ।


ਉਜਾਗਰ ਸਿੰਘ
91-94178-13072

ਰਾਜ ਲਾਲੀ ਬਟਾਲਾ ਨੇ ਆਪਣੀਆਂ ਗ਼ਜ਼ਲਾਂ ਵਿਚ ਕੋਈ ਅਜਿਹਾ ਵਿਸ਼ਾ ਨਹੀਂ ਛੱਡਿਆ ਜਿਸਦਾ ਸੰਧ ਮਾਨ-ਵਤਾ ਦੀ ਬਿਹਤਰੀ ਨਾਲ ਹੋਵੇ ਪਰੰਤੂ ਲਿਖਿਆ ਨਾ ਹੋਵੇ। ਗ਼ਰੀਬੀ ਅਮੀਰੀ ਦੇ ਪਾੜੇ ਤੋਂ ਲੈ ਕੇ ਭਰਿਸ਼ਟਾਚਾਰ, ਬੇ ਔਲਾਦ, ਯਤੀਮ, ਇਸਤਰੀਆਂ ਦੀ ਤੈਰਾਸਦੀ, ਕਚਹਿਰੀਆਂ ਵਿਚ ਗਵਾਹਾਂ ਦਾ ਮੁਕਰਨਾ, ਦੁਕਾਨਦਾਰਾਂ ਦਾ ਘਟ ਤੋਲਣਾ, ਜ਼ਮੀਨੀ ਵਿਚ ਪਾਣੀ ਦਾ ਸਤਰ ਘਟਣਾ ਅਤੇ ਇਨਸਾਨੀ ਰਿਸ਼ਤਿਆਂ ਵਿਚ ਗਿਰਾਵਟ ਗ਼ਜ਼ਲਾਂ ਵਿਚ ਮੌਜੂਦ ਹਨ-

ਸਿਰ 'ਤੇ ਕਫਣ ਬੰਨੈਹ ਕੇ ਜਿਹੜਾ ਤੁਰਿਆ ਹੈ,
ਉਸਨੂੰ ਕਰ ਸਕਦਾ ਕੋਈ ਬਰਬਾਦ ਨਹੀਂ।
ਗੋਦ ਖਿਡਾ ਤੂੰ ਬਾਲਾਂ ਨੂੰ ਜੋ ਬੇਘਰ ਨੇ,
ਕੀ ਹੋਇਆ ਜੇ ਤੇਰੇ ਘਰ ਔਲਾਦ ਨਹੀਂ।
ਕੰਧਾਂ ਹੀ ਕੰਧਾਂ ਨੇ ਇਥੇ, ਦਮ ਘੁਟਦਾ ਹੈ ਘਰ ਅੰਦਰ।
ਦਿਲ ਕਰਦਾ ਹੈ ਕੰਧਾਂ ਦੇ ਅੰਦਰ ਰੋਸ਼ਨ ਦਾਨ ਬਣਾਵਾਂ।
ਲਾਲੀ ਤੇਰਾ ਸੱਚ ਅਦਾਲਤ ਦੇ ਅੰਦਰ,
ਹਰਿਆ ਝੂਠੇ ਚੰਦ ਗਵਾਹਾਂ ਦੇ ਕਰਕੇ।
ਸੱਚੇ ਵੀ ਹੁਣ ਝੂਠੇ ਲੱਗਣ, ਪਾਣੀ ਝੂਠ ਦਾ ਭਰਦੇ ਬੰਦੇ।
ਜਿਉਂਦੇ ਵੀ ਇਹ ਮਰਿਆਂ ਵਰਗੇ, ਬਰਫਾਂ ਜੀਕਣ ਖਰਦੇ ਬੰਦੇ।
ਚਾਂਦੀ ਦੀ ਜੁੱਤੀ ਖਾ ਕੇ ਹੀ, ਫ਼ਾਇਲ ਅੱਗੇ ਕਰਦੇ ਬੰਦੇ।
ਮਿਹਨਤ ਕਸ਼ ਲੋਕਾਂ ਦੇ ਹਿੱਸੇ, ਕੱਚੇ ਕੋਠੇ, ਢਾਰੇ ਵੇਖੇ।
ਅਗਰ ਜੀਵਨ ਦੇ ਵਿਚ ਇਕਸਾਰਤਾ ਹੋ ਦੇਖਣੀ ਚਾਹੁੰਦੇ,
ਖ਼ਰਾ ਤੋਲੋ, ਖ਼ਰਾ ਬੋਲੋ, ਗੁਜ਼ਾਰਿਸ ਹੈ ਮਰੀ ਸਭ ਨੂੰ।
ਖਾਲਾਂ ਦੇ ਵਿਚ ਥੋੜੈਹਾ ਪਾਣੀ ਰਹਿਣ ਦਿਓ,
ਧਰਤੀ ਜਾਇਆਂ ਨੂੰ ਵੀ ਕੁਝ ਧਰਵਾਸ ਰਹੇ।
ਨਦੀ ਦੀ ਪਿਆਸ ਅਣਮੁੱਕ ਹੈ, ਸਮੁੰਦਰ ਤਾਂ ਨਹੀਂ ਦੋਸ਼ੀ,
ਜੇ ਉਸਦੀ ਪੈੜ ਦੱਬੋ ਤਾਂ, ਨਿਕਲਦਾ ਹੋਰ ਹੀ ਕੁਝ ਹੈ।
ਜੀਣਾ ਹਰਾਮ ਕਰਨਾ ਤੇਰਾ ਹੈ ਵਾਰਸਾਂ ਨੇ, ਚੌਕਾਂ 'ਚ ਹੱਕ ਮੰਗਦੇ, ਜਿੰਨੇ ਤੂੰ ਲੋਕ ਮਾਰੇ।
ਸਦੀਆਂ ਤੋਂ ਹੋ ਰਿਹਾ ਹੈ ਔਰਤ ਦੇ ਨਾਲ ਐਸਾ, ਜਦ ਰਾਮ ਡੋਬਦਾ ਹੈ, ਸੀਤਾ ਨੂੰ ਕੌਣ ਤਾਰੇ। ਲੋੜਾਂ ਨੇ ਰਿਸ਼ਤਿਆਂ ਦਾ ਕੀਤਾ ਹੈ ਸੇਕ ਮੱਠਾ,ਮੈਂ ਬਰਫ਼ ਬਣ ਨਾ ਜਾਵਾਂ ਏਦਾਂ ਨਾ ਠਾਰ ਮੈਨੂੰ।
ਕਿਸੇ ਦਾ ਘਰ ਦਾ ਸੂਰਜ ਅੱਜ, ਸਿਆਸਤ ਦੀ ਬਲੀ ਚੜਿਆ,
ਹਨੈਹੇਰਾ ਉਸ ਘਰ ਲੇਕਿਨ ਭੜਕਦਾ ਹੋਰ ਹੀ ਕੁਝ ਹੈ।
ਕਬਰਾਂ ਵਿਚ ਆਰਾਮ ਜਿਹਾ ਏ, ਜੀਵਨ ਵਿਚ ਜੋ ਨਾਮ ਜਿਹਾ ਏ।
ਮੈਨੂੰ ਤਾਂ ਹੁਣ ਮਾਰ ਮੁਕਾਓ, ਸਾਹਾਂ ਦਾ ਬਸ ਨਾਮ ਜਿਹਾ ਏ।
ਸ਼ੀਸ਼ਿਆਂ ਦੇ ਕਰਕੇ ਟੁਕੜੇ ਲਾ ਲਏ ਸਰਦਲ ਤੇ ਉਸ,
ਅਕਸ ਟੁਕੜੇ ਹੁਣ ਵੀ ਉਸਦਾ ਪੂਰਾ ਹੀ ਦਿਖਲਾਉਣ ਕਿਉਂ?

ਲਾਲੀ ਗ਼ਜ਼ਲ ਸੰਗ੍ਰਹਿ ਵਿਚ 60 ਗ਼ਜ਼ਲਾਂ, 86 ਪੰਨੇ, 125 ਰੁਪਏ ਕੀਮਤ ਅਤੇ ਚੇਤਨਾ ਪੈਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਤ ਕੀਤਾ ਹੈ। ਭਵਿਖ ਵਿਚ ਰਾਜ ਲਾਲੀ ਬਟਾਲਾ ਤੋਂ ਹੋਰ ਵਧੀਆ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਤ ਕਰਵਾਉਣ ਦੀ ਆਸ ਹੈ।

# ਜੇਤੂ, ਜੋ ਹਾਰ ਗਿਆ!

ਇਸ ਦੌੜ 'ਚ
ਕੋਈ ਕਿਸੇ ਨੂੰ ਸੱਦਾ ਨਹੀਂ ਦਿੰਦਾ
ਨਾ ਰੈਫ਼ਰੀ ਸੀਟੀ ਮਾਰਦਾ ਹੈ।
ਤੁਹਾਡੀ ਮਰਜ਼ੀ ਹੈ, ਸ਼ਾਮਲ ਹੋਵੋ ਜਾਂ ਨਾ।
ਫ਼ਿਰ ਵੀ ਬੇਗਿਣਤ ਲੋਕ ਦੌੜ ਰਹੇ ਹਨ
ਇਸ ਦੌੜ 'ਚ।

ਬੜੇ ਜ਼ੋਰ-ਸ਼ੋਰ ਨਾਲ, ਮੈਂ,
ਇਹ ਦੌੜ ਸ਼ੁਰੂ ਕੀਤੀ
ਬਹੁਤ ਤੇਜ਼ ਦੌੜਿਆ ਮੈਂ
ਹਵਾ ਨਾਲ ਗੱਲਾਂ ਕਰਨ ਲੱਗਾ
ਕਿਤੇ ਅੱਗੇ ਨਿਕਲ ਗਿਆ ਸੀ-
ਆਪਣੇ ਸਾਥੀਆਂ ਨਾਲੋਂ
ਕਿਉਂਕਿ, ਜਿੱਤਣਾ ਚਾਹੁੰਦਾ ਸੀ, ਮੈਂ ਇਹ ਦੌੜ
।।

ਮੈਂ ਕਿਵੇਂ ਦੌੜਿਆ--
ਪੂਰਾ ਦਮ ਲਗਾ ਕੇ
ਬਿਨਾਂ ਵਕਤ ਗਵਾਏ
ਬਿਨਾਂ ਰੁਕੇ,ਬਿਨਾਂ ਝੁਕੇ
ਬਿਨਾਂ ਖਾਧੇ,ਬਿਨਾਂ ਪੀਤੇ
ਬਿਨਾਂ ਇਧਰ-ਉਧਰ,ਬਿਨਾਂ ਪਿੱਛੇ ਦੇਖੇ
ਜੋ ਕੁੱਝ ਕੋਲ ਸੀ, ਵਗਾਹ ਮਾਰਿਆ
ਤਾਂ ਜੋ, ਹੋਰ ਤੇਜ਼ ਦੌੜ ਸਕਾਂ।
ਨੰਗੇ ਧੜ ਦੌੜਿਆ ਸੀ ਮੈਂ
ਤਾਂਕਿ ਜਲਦੀ ਮੰਜ਼ਿਲ ਸਰ ਕਰ ਸਕਾਂ !
ਮੈਂ ਦੌੜਦਾ ਗਿਆ--
ਦੌੜਦਾ ਗਿਆ
ਦੌੜਦਾ ਗਿਆ।।

ਮੰਜ਼ਿਲ ਦਾ ਧੁੰਦਲਾ ਜਿਹਾ
ਅਕਸ ਦਿਖਾਈ ਦੇਣ ਲੱਗ ਪਿਆ
ਉਖੜੇ ਸਾਹ, ਲੜਖੜਾਉਂਦਾ ਸਰੀਰ
ਬੇਜ਼ਾਨ ਜਿਹਾ, ਹੈਰਾਨ ਜਿਹਾ
ਜੇਤੂ ਲੀਕ ਨੂੰ ਛੂਹ ਕੇ ਖੁਸ਼ ਸਾਂ।।

ਪਰ, ਇਹ ਕੀ?
ਕਿਸੇ ਨੇ ਵਧਾਈ ਨਾ ਦਿੱਤੀ!
ਖੁਸ਼ੀ ਜ਼ਾਹਰ ਨਾ ਕੀਤੀ!
ਥਾਪੀ ਨਾ ਦਿੱਤੀ!
ਗਲੇ 'ਚ ਮੈਡਲ ਨਾ ਪਾਇਆ!
ਕੋਈ ਝੰਡਾ ਉੱਚਾ ਨਾ ਹੋਇਆ!
ਕੋਈ 'ਜੈਕਾਰਾ' ਨਾ ਛੱਡਿਆ ਗਿਆ!
ਕਿਉਂਕਿ ਜੱਜ ਦਾ ਫ਼ੈਸਲਾ ਸੀ--
ਜਿੱਤ ਕੇ ਵੀ ਹਾਰ ਗਿਆ ਸੀ, ਮੈਂ।।

ਪੁੱਛਿਆ ਕਿਉਂ ?
ਜੱਜ ਨੇ ਕਿਹਾ--
ਅਕੱਲੇ ਕਿਉਂ ਆਏ ?
ਕਿੱਥੇ ਨੇ ਤੁਹਾਡੇ ਬਾਕੀ ਸਾਥੀ ?
ਕਿੱਥੇ ਆ ?
ਤੁਹਾਡਾ ਪਰੀਵਾਰ!
ਤੁਹਾਡਾ ਭਾਈਚਾਰਾ!
ਤੁਹਾਡਾ ਸਮਾਜ!
ਇਸ ਦੌੜ ਦਾ ਅਸੂਲ ਹੈ :
ਸਭ ਦਾ ਸਾਥ, ਸਭ ਦਾ ਵਿਕਾਸ।


ਕਿਉਂਕਿ, ਇਹ ਦੌੜ --
ਵਿਅਕਤੀਗਤ ਨਹੀਂ, ਸਮਾਜਿਕ ਹੈ।
ਜੇਤੂ, ਉਹ, ਜੋ ਕਾਫ਼ਲੇ ਨਾਲ ਪਹੁੰਚੇ ।।




ਉਪਰੋਂ, ਜੱਜ ਨੇ ਸਜ਼ਾ ਸੁਣਾ ਦਿੱਤੀ--
ਜਾਓ ! ਉਸੇ ਲੀਕ 'ਤੇ ਜਿੱਥੋਂ ਦੌੜੇ ਸੀ
ਤੇ ਦੱਸੋ, ਸਭ ਦੌੜਾਕਾਂ ਨੂੰ
ਕਿ ਉਹ, ਇਸ ਭੁਲੇਖੇ ਵਿਚ ਨਾ ਰਹਿਣ
ਕਿ ਉਹ, ਇਕੱਲੇ ਜਿੱਤ ਜਾਣਗੇ !
ਨਹੀਂ ਤਾਂ, ਉਨ੍ਹਾਂ ਦਾ ਹਾਲ
ਤੁਹਾਥੋਂ ਵੀ ਬੁਰਾ ਹੋਵੇਗਾ
ਕਿਉਂਕਿ, ਨਿਯਮ, ਦਿਨ-ਬ-ਦਿਨ
ਬਦਲੇ ਜਾ ਰਹੇ ਹਨ !

**- ਹਰਮੇਸ਼ ਜੱਸਲ**
**91-94644-83080**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ
ਕਲਿੱਕ ਕਰੋ:
www.deshdoaba.com
www.ambedkartimes.com




### ਪ੍ਰਿੰ.ਸਤਵੰਤ ਕੌਰ ਕਲੋਟੀ ਦੀ ਦੂਜੀ ਪੁਸਤਕ 'ਦਸ ਦਿਸ਼ਾਵਾਂ ਵਿਚੋਂ ਲੜੀਵਾਰ

# ਅਣਗੌਲ਼ੀਆਂ ਵਿਗਿਆਨਕ ਨਾਇਕਾਵਾਂ

## ਰਾਜੇਸ਼ਵਰੀ ਚੈਟਰਜੀ (Rajeshwari Chatterjee) (24 ਜਨਵਰੀ, 1922 ਤੋਂ 3 ਸਤੰਬਰ, 2010 ਤੱਕ)



ਪ੍ਰਿੰ. ਸਤਵੰਤ ਕੌਰ ਕਲੋਟੀ

**ਜਾਣ-ਪਹਿਚਾਣ:**

ਰਾਜੇਸ਼ਵਰੀ ਚੈਟਰਜੀ ਦਾ ਜਨਮ 24 ਜਨਵਰੀ, 1922 ਨੂੰ ਕਰਨਾਟਕ ਦੇ ਇੱਕ ਰੱਜੇ-ਪੁੱਜੇ ਪ੍ਰਗਤੀਸ਼ੀਲ ਪਰਿਵਾਰ ਵਿੱਚ ਹੋਇਆ। ਉਹ ਕਰਨਾਟਕ ਦੀ ਪਹਿਲੀ ਮਹਿਲਾ ਇੰਜੀਨੀਅਰ ਸੀ। ਉਹ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ, ਬੰਗਲੌਰ (IISc) ਦੀ ਫੈਕਲਟੀ ਮੈਂਬਰ ਬਣਨ ਵਾਲੀ ਪਹਿਲੀ ਮਹਿਲਾ ਸੀ। ਉਹ ਇਸ ਇੰਸਟੀਚਿਊਟ ਦੇ ਡਿਪਾਰਟਮੈਂਟ ਆਫ਼ ਇਲੈਕਟ੍ਰੀਕਲ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿੱਚ ਪਹਿਲਾਂ ਪ੍ਰੋਫ਼ੈਸਰ ਅਤੇ ਫਿਰ ਚੇਅਰਪਰਸਨ ਬਣੀ। ਉਹ ਬੀ.ਐਸਸੀ. ਆਨਰਜ਼ (B.Sc. Honours) ਅਤੇ ਐਮ.ਐਸਸੀ. ਮੈਥੇਮੈਟਿਕਸ (M.Sc. Mathematics), ਦੋਵਾਂ ਡਿਗਰੀਆਂ ਵਿੱਚ ਹੀ ਮੈਸੂਰ ਯੂਨੀਵਰਸਿਟੀ ਦੀ ਟਾੱਪਰ ਸੀ। ਉਸ ਨੂੰ ਭਾਰਤ ਸਰਕਾਰ ਵਲੋਂ ਵਿਦੇਸ਼ ਵਿੱਚ ਉਚੇਰੀ ਵਿੱਦਿਆ ਹਾਸਿਲ ਕਰਨ ਵਾਸਤੇ ਸਕਾਲਰਸ਼ਿਪ ਪ੍ਰਦਾਨ ਕੀਤਾ ਗਿਆ। ਇਸ ਉਪਰੰਤ ਉਸ ਨੇ ਯੂਨੀਵਰਸਿਟੀ ਆਫ਼ ਮਿਸ਼ੀਗਨ, ਐਨ ਆਰਬੋਰ, ਯੂ.ਐਸ.ਏ. ਤੋਂ ਇੰਜੀਨੀਅਰਿੰਗ ਵਿੱਚ ਐਮ.ਐਸਸੀ. ਅਤੇ ਫਿਰ ਪੀਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ। ਭਾਰਤ ਵਾਪਿਸ ਆ ਕੇ ਉਸ ਨੇ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਦੇ ਡਿਪਾਰਟਮੈਂਟ ਆਫ਼ ਇਲੈਕਟ੍ਰੀਕਲ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿੱਚ ਬਤੌਰ ਫੈਕਲਟੀ ਮੈਂਬਰ ਜੁਆਇਨ ਕਰ ਲਿਆ। ਉਸ ਨੇ ਲੱਗਭਗ 30 ਸਾਲ ਇਸ ਇੰਸਟੀਚਿਊਟ ਵਿੱਚ ਸੇਵਾਵਾਂ ਦਿੱਤੀਆਂ। ਮਾਈਕ੍ਰੋਵੇਵ ਅਤੇ ਐਂਟੀਨੇ ਦੇ ਖੇਤਰ ਵਿੱਚ ਉਸ ਨੇ ਅਹਿਮ ਖੋਜ-ਕਾਰਜ ਕੀਤੇ ਜਿਨ੍ਹਾਂ ਦੇ ਸਿੱਟੇ ਅੱਜ ਵੀ ਡਿਫੈਂਸ ਰੀਸਰਚ ਐਂਡ ਡਿਵੈਲਪਮੈਂਟ ਆਰਗੇਨਾਈਜੇਸ਼ਨ ਵਾਸਤੇ ਰੇਡਾਰ ਟੈਕਨਾਲੋਜੀ ਅਤੇ ਡਿਫੈਂਸ ਐਪਲੀਕੇਸ਼ਨਜ਼ ਵਿੱਚ ਲਾਹੇਵੰਦ ਸਿੱਧ ਹੋ ਰਹੇ ਹਨ। ਉਸ ਨੇ ਪੀਐੱਚ.ਡੀ. ਦੇ 20 ਵਿਦਿਆਰਥੀਆਂ ਨੂੰ ਗਾਈਡ ਕੀਤਾ, 100 ਤੋਂ ਵਧੇਰੇ ਖੋਜ ਪੱਤਰ ਲਿਖੇ ਅਤੇ 7 ਮਿਆਰੀ ਤਕਨੀਕੀ ਕਿਤਾਬਾਂ ਲਿਖੀਆਂ। ਉਸ ਨੂੰ ਜੇ.ਸੀ. ਬੋਸ ਮੈਮੋਰੀਅਲ ਐਵਾਰਡ, ਲਾਰਡ ਮਾਊਂਟਬੈਟਨ ਪ੍ਰਾਈਜ਼, ਰਾਮਲਾਲ ਵਧਵਾ ਐਵਾਰਡ ਅਤੇ ਵਾਟਰਜ਼ ਮੈਮੋਰੀਅਲ ਪ੍ਰਾਈਜ਼ ਸਮੇਤ ਹੋਰ ਬਹੁਤ ਸਾਰੇ ਸਨਮਾਨ ਹਾਸਿਲ ਹੋਏ। ਭਾਰਤ ਦੀ ਪਹਿਲੀ ਮਾਈਕ੍ਰੋਵੇਵ ਇੰਜੀਨੀਅਰਿੰਗ ਰੀਸਰਚ ਲੈਬੋਰੇਟਰੀ ਸਥਾਪਿਤ ਕਰਨ ਦਾ ਸਿਹਰਾ ਵੀ ਡਾ. ਰਾਜੇਸ਼ਵਰੀ ਚੈਟਰਜੀ ਅਤੇ ਉਸ ਦੇ ਪਤੀ ਸਿਸਿਰ ਕੁਮਾਰ ਚੈਟਰਜੀ ਨੂੰ ਜਾਂਦਾ ਹੈ ਜੋ ਕਿ ਉਸ ਦਾ ਕੁਲੀਗ ਵੀ ਸੀ। 3 ਸਤੰਬਰ, 2010 ਨੂੰ 88 ਸਾਲ ਦੀ ਉਮਰ ਵਿੱਚ ਉਸ ਦਾ ਦਿਹਾਂਤ ਹੋ ਗਿਆ।



# ਕਰਨਾਟਕ ਦੀ ਪਹਿਲੀ ਮਹਿਲਾ ਇੰਜੀਨੀਅਰ-ਰਾਜੇਸ਼ਵਰੀ ਚੈਟਰਜੀ

ਰਾਜੇਸ਼ਵਰੀ ਚੈਟਰਜੀ ਦਾ ਜਨਮ 24 ਜਨਵਰੀ, 1922 ਨੂੰ ਕਰਨਾਟਕ ਵਿੱਚ ਮੈਸੂਰ ਦੇ ਨੇੜੇ ਨੰਜਨਗੂਡ ਵਿਖੇ ਇੱਕ ਰੱਜੇ-ਪੁੱਜੇ ਪ੍ਰਗਤੀਸ਼ੀਲ ਪਰਿਵਾਰ ਵਿੱਚ ਹੋਇਆ। ਉਸਦੇ ਭਰੇ-ਪੂਰੇ ਤੇ ਫ਼ੈਲੇ ਹੋਏ ਪਰਿਵਾਰ ਵਿੱਚ ਸਾਰੇ ਹੀ ਚੰਗੇ ਪੜ੍ਹੇ-ਲਿਖੇ ਸਨ ਅਤੇ ਕੁੜੀਆਂ ਨੂੰ ਵੀ ਉਨ੍ਹਾਂ ਦੀ ਪਸੰਦ ਅਨੁਸਾਰ ਅੱਗੇ ਵਧਣ ਦਾ ਮੌਕਾ ਦਿੱਤਾ ਜਾਂਦਾ ਸੀ। ਰਾਜੇਸ਼ਵਰੀ ਦੇ ਪਿਤਾ ਸ਼੍ਰੀ ਬੀ.ਐਮ. ਸ਼ਿਵਰਾਮਈਆ ਇੱਕ ਵਕੀਲ ਸਨ ਅਤੇ ਉਸ ਦੇ ਪਿਤਾ ਦੇ ਵੱਡੇ ਭਰਾ ਪ੍ਰੋ. ਬੀ.ਐਮ. ਸ਼੍ਰੀਕੰਠਈਆ ਕੰਨੜ ਸਾਹਿਤ ਦਾ ਇੱਕ ਚਾਨਣ-ਮੁਨਾਰਾ ਸਨ। ਉਹ ਇੱਕ ਲੇਖਕ ਅਤੇ ਕੰਨੜ ਸਾਹਿਤ ਦੇ ਅਨੁਵਾਦਕ ਸਨ। ਰਾਜੇਸ਼ਵਰੀ ਦੀ ਨਾਨੀ ਕਮਲੰਮਾ ਦਾਸੱਪਾ ਇੱਕ ਸਮਾਜ ਸੁਧਾਰਕਾ ਸੀ। 1904 ਈ. ਵਿੱਚ ਉਸ ਦੇ ਪਤੀ ਦੀ ਕਪਿਲਾ ਨਦੀ ਵਿੱਚ ਡੁੱਬ ਜਾਣ ਨਾਲ ਮੌਤ ਹੋ ਗਈ ਸੀ ਅਤੇ ਉਹ ਲੱਗਭਗ 20 ਸਾਲ ਦੀ ਉਮਰ ਵਿੱਚ ਹੀ ਵਿਧਵਾ ਹੋ ਗਈ ਸੀ। ਉਸ ਦੇ ਪਿਤਾ ਆਪਣੇ ਪੂਰੇ ਪਰਿਵਾਰ ਨੂੰ ਲੈ ਕੇ ਮਦਰਾਸ ਆ ਗਏ ਸਨ ਤਾਂ ਕਿ ਉਨ੍ਹਾਂ ਦੀ ਬੇਟੀ ਅਗਲੀ ਪੜ੍ਹਾਈ ਜਾਰੀ ਰੱਖ ਸਕੇ। ਉਸ ਨੇ ਬੀ.ਏ. ਪਾਸ ਕੀਤੀ ਅਤੇ ਰਹਿੰਦੀ ਜ਼ਿੰਦਗੀ ਮਹਿਲਾ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਿੱਚ ਲਗਾ ਦਿੱਤੀ। ਉਸਨੇ ਬੰਗਲੌਰ ਵਿੱਚ 'ਮਹਿਲਾ ਸੇਵਾ ਸਮਾਜ' ਦੀ ਸਥਾਪਨਾ ਕੀਤੀ ਜਿਸ ਦੀ ਨੀਂਹ ਪਰਵਤੰਮਾ ਚੰਦਰਸ਼ੇਖਰ ਅਈਅਰ (ਜਸਟਿਸ ਚੰਦਰਸ਼ੇਖਰ ਅਈਅਰ ਦੀ ਪਤਨੀ) ਦੁਆਰਾ ਰੱਖੀ ਗਈ ਸੀ। ਉਸ ਨੇ ਆਪਣੀ ਦੋਹਤਰੀ ਰਾਜੇਸ਼ਵਰੀ, ਉਸ ਦੇ ਭਰਾ ਚੰਦਰਸ਼ੇਖਰ ਅਤੇ ਕਈ ਹੋਰ ਪਰਿਵਾਰਿਕ ਮੈਂਬਰਾਂ ਨੂੰ ਵਿਗਿਆਨ ਦੇ ਖੇਤਰ ਵਿੱਚ ਪੜ੍ਹਾਈ ਕਰਨ ਲਈ ਪ੍ਰੇਰਿਆ।

ਰਾਜੇਸ਼ਵਰੀ ਨੂੰ ਗਜ਼ਬ ਦੀ ਹਿੰਮਤ ਅਤੇ ਮਨੋਬਲ ਸ਼ਾਇਦ ਆਪਣੀ ਨਾਨੀ ਤੋਂ ਵਿਰਸੇ ਵਿੱਚ ਮਿਲੇ ਸਨ। ਉਸ ਨੇ ਆਪਣੀ ਮੁੱਢਲੀ ਸਿੱਖਿਆ ਆਪਣੀ ਨਾਨੀ ਦੁਆਰਾ ਬਸਵਨਗੁਡੀ, ਬੰਗਲੌਰ ਵਿਖੇ ਸਥਾਪਿਤ ਕੀਤੇ 'ਸਪੈਸ਼ਲ ਅੰਗਰੇਜ਼ੀ ਸਕੂਲ' ਜੋ 'ਮਹਿਲਾ ਸੇਵਾ ਸਮਾਜ' ਦੁਆਰਾ ਚਲਾਇਆ ਜਾਂਦਾ ਸੀ, ਤੋਂ ਹਾਸਿਲ ਕੀਤੀ। ਰਾਜੇਸ਼ਵਰੀ ਦੀਆਂ ਕਈ ਚਚੇਰੀਆਂ ਭੈਣਾਂ ਨੇ ਵੀ ਇਸੇ ਸਕੂਲ ਤੋਂ ਸਿੱਖਿਆ ਹਾਸਿਲ ਕੀਤੀ। ਸਕੂਲ ਦੀ ਪੜ੍ਹਾਈ ਪੂਰੀ ਹੋਣ ਉਪਰੰਤ ਅਗਲੇਰੀ ਪੜ੍ਹਾਈ ਲਈ ਪਹਿਲਾਂ ਉਸ ਨੇ ਇਤਿਹਾਸ ਵਿਸ਼ਾ ਚੁਣਿਆ ਕਿਉਂਕਿ ਉਸਨੂੰ ਇਤਿਹਾਸਿਕ ਘਟਨਾਵਾਂ ਬਾਰੇ ਪੜ੍ਹਨ-ਜਾਣਨ ਦਾ ਬਹੁਤ ਸ਼ੌਕ ਸੀ, ਪ੍ਰੰਤੂ ਵਿਗਿਆਨ ਅਤੇ ਹਿਸਾਬ ਪੜ੍ਹਨ ਵਿਚ ਵੀ ਉਸਦੀ ਕਾਫ਼ੀ ਰੁਚੀ ਸੀ। ਅਖ਼ੀਰ ਉਸ ਨੇ ਭੌਤਿਕ ਵਿਗਿਆਨ ਅਤੇ ਹਿਸਾਬ ਵਿਸ਼ੇ ਚੁਣ ਲਏ। ਉਸ ਨੇ ਸੈਂਟਰਲ ਕਾਲਜ ਆਫ਼ ਬੰਗਲੌਰ ਤੋਂ ਬੀ.ਐਸਸੀ. ਆਨਰਜ਼ ਦੀ ਡਿਗਰੀ ਹਾਸਿਲ ਕੀਤੀ। ਇਸ ਉਪਰੰਤ ਉਸ ਨੇ ਇੱਥੋਂ ਹੀ ਹਿਸਾਬ ਵਿਸ਼ੇ ਵਿੱਚ ਐਮ.ਐਸਸੀ. ਦੀ ਡਿਗਰੀ ਹਾਸਿਲ ਕੀਤੀ। ਪੜ੍ਹਾਈ ਵਿੱਚ ਉਸ ਦੀ ਲਗਨ ਅਤੇ ਗੰਭੀਰਤਾ ਇਸ ਹੱਦ ਤੱਕ ਸੀ ਕਿ ਉਸ ਨੇ ਇਨ੍ਹਾਂ ਦੋਵਾਂ ਡਿਗਰੀਆਂ ਵਿੱਚ ਹੀ ਮੈਸੂਰ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ।

ਐਮ.ਐਸਸੀ. ਕਰਨ ਉਪਰੰਤ ਉਹ ਡਾ. ਸੀ. ਵੀ. ਰਮਨ ਦੇ ਅਧੀਨ ਕੰਮ ਕਰਨ ਦੇ ਇਰਾਦੇ ਨਾਲ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਬੰਗਲੌਰ ਗਈ, ਜਿਸ ਦੇ ਉਹ ਡਾਇਰੈਕਟਰ ਸਨ। ਡਾ. ਰਮਨ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਰਾਜੇਸ਼ਵਰੀ ਕੋਲ ਭੌਤਿਕ ਵਿਗਿਆਨ ਵਿੱਚ ਕੋਈ ਡਿਗਰੀ ਨਹੀਂ ਸੀ। ਪ੍ਰੰਤੂ ਰਾਜੇਸ਼ਵਰੀ ਜਲਦੀ ਹਾਰ ਮੰਨਣ ਵਾਲਿਆਂ ਵਿੱਚੋਂ ਨਹੀਂ ਸੀ।1943 ਵਿੱਚ ਉਸ ਨੇ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਵਿਖੇ ਹੀ ਇਲੈਕਟ੍ਰੀਕਲ ਟੈਕਨਾਲੋਜੀ ਡਿਪਾਰਟਮੈਂਟ ਵਿੱਚ ਨੌਕਰੀ ਜੁਆਇਨ ਕਰ ਲਈ ਅਤੇ ਇਲੈਕਟ੍ਰੀਕਲ ਕਮਿਊਨੀਕੇਸ਼ਨ ਦੇ ਖੇਤਰ ਵਿੱਚ ਰੀਸਰਚ ਸਟੂਡੈਂਟ ਅਸਿਸਟੈਂਟ ਵਜੋਂ ਕੰਮ ਕਰਨ ਲੱਗੀ।

ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਡਾ. ਸੀ.ਵੀ. ਰਮਨ ਜੋ ਸੰਨ 1933-37 ਤੱਕ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ, ਬੰਗਲੌਰ ਦੇ ਡਾਇਰੈਕਟਰ ਰਹੇ, ਉਹ ਇਸ ਇੰਸਟੀਚਿਊਟ ਵਿੱਚ ਮਹਿਲਾਵਾਂ ਨੂੰ ਦਾਖ਼ਲਾ ਦੇਣ ਦੇ ਹੱਕ ਵਿੱਚ ਨਹੀਂ ਸਨ।ਜਦੋਂ ਕਮਲਾ ਸੋਹੋਨੀ ਬੀ.ਐਸਸੀ. ਦੀ ਡਿਗਰੀ ਵਿੱਚ ਮੁੰਬਈ ਯੂਨੀਵਰਸਿਟੀ ਵਿੱਚੋਂ ਪਹਿਲਾਂ ਸਥਾਨ ਹਾਸਿਲ ਕਰਨ ਉਪਰੰਤ ਐਮ.ਐਸਸੀ. ਵਿੱਚ ਦਾਖ਼ਲਾ ਲੈਣ ਵਾਸਤੇ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਵਿੱਚ ਗਈ ਤਾਂ ਉਸ ਨੂੰ ਵੀ ਡਾ. ਰਮਨ ਦੁਆਰਾ ਨਾਂਹ ਕਰ ਦਿੱਤੀ ਗਈ ਸੀ। ਡਾ. ਰਮਨ ਨੇ ਕਿਹਾ ਕਿ ਉਹ ਆਪਣੇ ਇੰਸਟੀਚਿਊਟ ਵਿੱਚ ਕਿਸੇ ਵੀ ਲੜਕੀ ਨੂੰ ਦਾਖ਼ਲਾ ਨਹੀਂ ਦੇਣਗੇ। ਕਮਲਾ ਸੋਹੋਨੀ ਨੂੰ ਇੱਥੇ ਦਾਖ਼ਲਾ ਲੈਣ ਲਈ ਬਹੁਤ ਸੰਘਰਸ਼ ਕਰਨਾ ਪਿਆ ਅਤੇ ਕਈ ਬੇਤੁੱਕੀਆਂ ਅਪਮਾਨਜਨਕ ਸ਼ਰਤਾਂ ਨੂੰ ਵੀ ਸਵੀਕਾਰਨਾ ਪਿਆ। ਅੰਤ ਉਹ ਦਾਖ਼ਲਾ ਲੈਣ ਵਿੱਚ ਕਾਮਯਾਬ ਹੋ ਗਈ। ਇਸ ਉਪਰੰਤ ਡਾ. ਰਮਨ ਨੇ ਇਸ ਇੰਸਟੀਚਿਊਟ ਵਿੱਚ ਮਹਿਲਾਵਾਂ ਨੂੰ ਦਾਖ਼ਲਾ ਦੇਣਾ ਸ਼ੁਰੂ ਕਰ ਦਿੱਤਾ ਜਿਸ ਦਾ ਸਿਹਰਾ ਕਮਲਾ ਸੋਹੋਨੀ ਨੂੰ ਜਾਂਦਾ ਹੈ।ਉੱਥੇ ਦਾਖ਼ਲਾ ਲੈਣ ਵਾਲੀਆਂ ਵਿਦਿਆਰਥਣਾਂ ਵਿੱਚੋਂ ਅੰਨਾ ਮਣੀ ਵੀ ਇੱਕ ਸੀ।

ਦੂਜੇ ਸੰਸਾਰ ਯੁੱਧ ਤੋਂ ਬਾਅਦ ਭਾਰਤ ਵਿੱਚ ਬ੍ਰਿਟਿਸ਼ ਤੋਂ ਭਾਰਤੀਆਂ ਨੂੰ ਸ਼ਕਤੀਆਂ ਤਬਦੀਲ ਕਰਨ ਲਈ ਇੱਕ ਅੰਤ੍ਰਿਮ ਸਰਕਾਰ ਸਥਾਪਿਤ ਕੀਤੀ ਗਈ ਸੀ। ਇਹ ਸਰਕਾਰ ਦੇਸ਼ ਵਿੱਚ ਵਿਗਿਆਨਕ ਖੋਜ-ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਉਪਰਾਲੇ ਕਰ ਰਹੀ ਸੀ। ਇਸ ਸਬੰਧ ਵਿੱਚ ਭਾਰਤ ਦੇ ਮੰਨੇ-ਪ੍ਰਮੰਨੇ ਵਿਗਿਆਨੀਆਂ ਦੀ ਇੱਕ ਕਮੇਟੀ ਬਣਾਈ ਗਈ ਸੀ ਜਿਸ ਵਿੱਚ ਵਿਗਿਆਨੀ ਮੇਘਨਾਦ ਸਾਹਾ, ਸ਼ਾਂਤੀ ਸਵਰੂਪ ਭਟਨਾਗਰ, ਜਗਦੀਸ਼ ਚੰਦਰ ਬੋਸ, ਕੇ.ਐਸ. ਕ੍ਰਿਸ਼ਨਨ ਅਤੇ ਹੋਮੀ ਜਹਾਂਗੀਰ ਭਾਬਾ ਸ਼ਾਮਿਲ ਸਨ। ਕਮੇਟੀ ਵਲੋਂ ਅੰਤ੍ਰਿਮ ਸਰਕਾਰ ਨੂੰ ਵਿਗਿਆਨ ਅਤੇ ਇੰਜੀਨੀਅਰਿੰਗ ਦੇ ਕੁਸ਼ਲ ਭਾਰਤੀ ਵਿਦਿਆਰਥੀਆਂ (ਪੁਰਸ਼ ਅਤੇ ਇਸਤਰੀਆਂ ਦੋਵੇਂ) ਵਾਸਤੇ ਵਿਦੇਸ਼ਾਂ ਵਿੱਚ ਰੀਸਰਚ/ ਉਚੇਰੀ ਪੜ੍ਹਾਈ ਕਰਨ ਲਈ ਇੱਕ ਸਕਾਲਰਸ਼ਿਪ ਜਾਰੀ ਕਰਨ ਦੀ ਸਲਾਹ ਦਿੱਤੀ ਗਈ ਜਿਸ ਤੇ ਸਰਕਾਰ ਦੁਆਰਾ ਭਾਰਤ ਦੇ ਯੁਵਾ ਵਿਗਿਆਨੀਆਂ ਲਈ ਇਹ ਸਕਾਲਰਸ਼ਿਪ ਸ਼ੁਰੂ ਕਰ ਦਿੱਤਾ ਗਿਆ। ਰਾਜੇਸ਼ਵਰੀ ਨੇ 'ਇਲੈਕਟ੍ਰਾਨਿਕਸ ਐਂਡ ਇਟਸ ਐਪਲੀਕੇਸ਼ਨਜ਼' ਖੇਤਰ ਵਿੱਚ ਇਹ ਸਕਾਲਰਸ਼ਿਪ ਲੈਣ ਵਾਸਤੇ ਅਰਜ਼ੀ ਦਿੱਤੀ।

1946 ਈ. ਵਿੱਚ ਸਰਕਾਰ ਵਲੋਂ ਉਸ ਨੂੰ ਵਿਦੇਸ਼ ਵਿੱਚ ਉਚੇਰੀ ਪੜ੍ਹਾਈ ਕਰਨ ਵਾਸਤੇ ਸਕਾਲਰਸ਼ਿਪ ਪ੍ਰਦਾਨ ਕਰ ਦਿੱਤਾ ਗਿਆ। ਭਾਵੇਂ ਉਸ ਸਮੇਂ ਉਸ ਦੀ ਉਮਰ 20ਵਿਆਂ ਵਿੱਚ ਸੀ ਅਤੇ ਉਹ ਕੁਆਰੀ ਸੀ, ਫਿਰ ਵੀ ਉਸ ਦੇ ਪਰਿਵਾਰ ਨੇ ਉਸ ਦੇ ਵਿਦੇਸ਼ ਜਾਣ ਤੇ ਕੋਈ ਇਤਰਾਜ਼ ਨਹੀਂ ਕੀਤਾ। 1920ਵਿਆਂ-30ਵਿਆਂ ਵਿੱਚ ਕਈ ਪੱਛਮ ਦੀਆਂ ਯੂਨੀਵਰਸਿਟੀਆਂ ਵਿੱਚ ਵੀ ਮਹਿਲਾਵਾਂ ਨੂੰ ਦਾਖ਼ਲਾ ਨਹੀਂ ਦਿੱਤਾ ਜਾਂਦਾ ਸੀ। ਇਸ ਮਾਮਲੇ ਵਿੱਚ ਰਾਜੇਸ਼ਵਰੀ ਖੁਸ਼ਕਿਸਮਤ ਰਹੀ ਕਿ ਉਸ ਨੂੰ ਇਹੋ-ਜਿਹੇ ਵਿਤਕਰੇ ਦਾ ਸਾਹਮਣਾ ਨਹੀਂ ਕਰਨਾ ਪਿਆ। ਉਸ ਨੇ ਯੂ.ਐਸ.ਏ. ਜਾਣ ਦਾ ਫੈਸਲਾ ਕੀਤਾ। 1947 ਈ. ਵਿੱਚ ਭਾਰਤ ਦੇ ਆਜ਼ਾਦ ਹੋਣ ਵਿੱਚ ਇੱਕ ਮਹੀਨਾ ਰਹਿੰਦਿਆਂ ਉਹ ਯੂਨੀਵਰਸਿਟੀ ਆਫ਼ ਮਿਸ਼ੀਗਨ, ਐਨ ਆਰਬੋਰ, ਯੂ.ਐਸ.ਏ. ਚਲੀ ਗਈ। ਇੱਥੇ ਉਸ ਨੇ ਡਿਪਾਰਟਮੈਂਟ ਆਫ਼ ਇੰਜੀਨੀਅਰਿੰਗ ਤੋਂ 1949 ਈ. ਵਿੱਚ ਇੰਜੀਨੀਅਰਿੰਗ ਵਿੱਚ ਮਾਸਟਰ ਡਿਗਰੀ ਹਾਸਿਲ ਕੀਤੀ। ਇਸ ਉਪਰੰਤ ਉਹ ਭਾਰਤ ਸਰਕਾਰ ਨਾਲ ਸਾਈਨ ਕੀਤੇ ਕੰਟਰੈਕਟ ਅਨੁਸਾਰ ੨ਨੈਸ਼ਨਲ ਬਿਊਰੋ ਆਫ਼ ਸਟੈਂਡਰਡਜ਼, ਵਾਸ਼ਿੰਗਟਨ ਡੀ.ਸੀ. ਵਿਖੇ 'ਦ ਡਿਵੀਜ਼ਨ ਆਫ਼ ਰੇਡੀਓ ਫਰੀਕੁਐਂਸੀ ਮੈਜ਼ਰਮੈਂਟਜ਼' ਵਿੱਚ ਅੱਠ ਮਹੀਨੇ ਦੀ ਪ੍ਰੈਕਟੀਕਲ ਟ੍ਰੇਨਿੰਗ ਲੈਣ ਲਈ ਚਲੀ ਗਈ। ਟ੍ਰੇਨਿੰਗ ਖ਼ਤਮ ਹੋਣ ਉਪਰੰਤ ਸਤੰਬਰ, 1949 ਵਿੱਚ ਉਹ ਵਾਪਿਸ ਯੂਨੀਵਰਸਿਟੀ ਆਫ਼ ਮਿਸ਼ੀਗਨ ਆ ਗਈ ਅਤੇ ਆਪਣੀ ਪੀਐੱਚ.ਡੀ. ਦੀ ਪੜ੍ਹਾਈ ਵਿੱਚ ਜੁਟ ਗਈ।

1953 ਈ. ਵਿੱਚ ਉਸ ਨੇ ਪ੍ਰੋ. ਵਿਲੀਅਮ ਜੀ. ਡੋਅ ਦੀ ਅਗਵਾਈ ਵਿੱਚ ਪੀਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ। ਪ੍ਰੋ. ਵਿਲੀਅਮ ਜੀ. ਡੋਅ ਦੀ ਮੌਤ 1999 ਈ. ਵਿੱਚ 103 ਸਾਲ ਦੀ ਉਮਰ ਵਿੱਚ ਹੋਈ। ਪੀਐਚ.ਡੀ. ਦੀ ਡਿਗਰੀ ਹਾਸਿਲ ਕਰਨ ਉਪਰੰਤ 1953 ਈ. ਵਿੱਚ ਭਾਰਤ ਵਾਪਿਸ ਆ ਕੇ ਉਸ ਨੇ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ, ਬੰਗਲੌਰ ਵਿਖੇ ਡਿਪਾਰਟਮੈਂਟ ਆਫ਼ ਇਲੈਕਟ੍ਰੀਕਲ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿੱਚ ਬਤੌਰ ਫੈਕਲਟੀ ਮੈਂਬਰ ਜੁਆਇਨ ਕਰ ਲਿਆ ਅਤੇ ਮਾਈਕ੍ਰੋਵੇਵ ਇੰਜੀਨੀਅਰਿੰਗ ਦੇ ਖੇਤਰ ਵਿੱਚ ਉਤਸ਼ਾਹਪੂਰਵਕ ਖੋਜ ਕਾਰਜ ਸ਼ੁਰੂ ਕਰ ਦਿੱਤਾ। ਰਾਜੇਸ਼ਵਰੀ ਚੈਟਰਜੀ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਦੀ ਫੈਕਲਟੀ ਮੈਂਬਰ ਬਣਨ ਵਾਲੀ ਪਹਿਲੀ ਮਹਿਲਾ ਸੀ। ਉਸ ਨੂੰ ਕਰਨਾਟਕ ਦੀ ਪਹਿਲੀ ਮਹਿਲਾ ਇੰਜੀਨੀਅਰ ਹੋਣ ਦਾ ਵੀ ਮਾਣ ਹਾਸਿਲ ਹੋਇਆ।

1953 ਈ. ਵਿੱਚ ਹੀ ਰਾਜੇਸ਼ਵਰੀ ਦਾ ਵਿਆਹ ਸਿਸਿਰ ਕੁਮਾਰ ਚੈਟਰਜੀ ਨਾਲ ਹੋਇਆ ਜੋ ਉਸ ਸਮੇਂ ਉਸੇ ਹੀ ਡਿਪਾਰਟਮੈਂਟ ਵਿੱਚ ਫੈਕਲਟੀ ਮੈਂਬਰ ਸੀ। ਦੋਵੇਂ ਇਕੱਠੇ ਮਾਈਕ੍ਰੋਵੇਵ ਇੰਜੀਨੀਅਰਿੰਗ ਦੇ ਖੇਤਰ ਵਿੱਚ ਕੰਮ ਕਰਨ ਲੱਗੇ। ਦੋਵਾਂ ਨੇ ਕਈ ਪ੍ਰੋਜੈਕਟਾਂ ਉੱਤੇ ਇਕੱਠਿਆਂ ਕੰਮ ਕੀਤਾ ਪ੍ਰੰਤੂ ਰਾਜੇਸ਼ਵਰੀ ਨੇ ਆਪਣੀ ਹੋਂਦ ਨੂੰ ਕਦੇ ਵੀ ਦੱਬਣ ਨਹੀਂ ਦਿੱਤਾ। ਜਲਦੀ ਹੀ ਉਨ੍ਹਾਂ ਨੇ ਭਾਰਤ ਦੀ ਪਹਿਲੀ ਮਾਈਕ੍ਰੋਵੇਵ ਇੰਜੀਨੀਅਰਿੰਗ ਰੀਸਰਚ ਲੈਬੋਰੇਟਰੀ (ਸਥਾਪਿਤ ਕਰ ਲਈ। ਉਦੋਂ ਗ੍ਰਾਂਟਾਂ ਬਹੁਤਾਤ ਵਿੱਚ ਨਹੀਂ ਮਿਲਦੀਆਂ ਸਨ। ਉਨ੍ਹਾਂ ਨੇ ਆਪਣੀ ਲੈਬੋਰੇਟਰੀ ਵਿਚ ਰੀਸਰਚ ਲਈ ਲੋੜੀਂਦੇ ਉਪਕਰਣ ਅਤੇ ਪੁਰਜ਼ੇ ਦੇਸੀ ਸਾਧਨਾਂ ਦਾ ਇਸਤੇਮਾਲ ਕਰਕੇ ਤਿਆਰ ਕੀਤੇ। 1960ਵਿਆਂ ਵਿੱਚ ਉਨ੍ਹਾਂ ਨੇ ਇਕੱਠਿਆਂ ਮਾਈਕ੍ਰੋਵੇਵ ਟੈਕਨਾਲੋਜੀ ਅਤੇ ਸੈਟੇਲਾਈਟ ਕਮਿਊਨੀਕੇਸ਼ਨ ਵਿੱਚ ਕੋਰਸ ਸ਼ੁਰੂ ਕੀਤੇ। ਰਾਜੇਸ਼ਵਰੀ ਚੈਟਰਜੀ ਅਨੁਸਾਰ ਉਨ੍ਹਾਂ ਨੇ ਆਪਣਾ ਜ਼ਿਆਦਾਤਰ ਸਮਾਂ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਦੇ

**(ਬਾਕੀ ਅਗਲੇ ਸਫੇ 'ਤੇ)**



**ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਵਿਖੇ ਮਹਿਲਾ ਹੋਸਟਲ ਦੇ ਬਾਹਰ ਹੋਰ ਵਿਦਿਆਰਥਣਾਂ ਨਾਲ, ਖੱਬੇ ਤੋਂ ਸੱਜੇ : ਰਾਜੇਸ਼ਵਰੀ ਚੈਟਰਜੀ, ਰੋਸ਼ਨ ਇਰਾਨੀ (ਆਰਗੈਨਿਕ ਕੈਮਿਸਟਰੀ), ਐਮ. ਪ੍ਰੇਮਾਬਾਈ (ਫਰਮੈਂਟੇਸ਼ਨ ਟੈਕਨਾਲੋਜੀ), ਮਰੀਅਮ ਜਾਰਜ (ਬਾਇਓਕੈਮਿਸਟਰੀ), ਵਾਇਲਟ ਡੀਸੂਜ਼ਾ ਫਰਮੈਂਟੇਸ਼ਨ ਟੈਕਨਾਲੋਜੀ)**





**ਮਾਈਕ੍ਰੋਵੇਵ ਲੈਬੋਰੇਟਰੀ ਵਿਚ ਕੰਮ ਕਰਦੇ ਹੋਏ ਰਾਜੇਸ਼ਵਰੀ ਚੈਟਰਜੀ**

# ਕਰਨਾਟਕ ਦੀ ਪਹਿਲੀ ਮਹਿਲਾ ਇੰਜੀਨੀਅਰ-ਰਾਜੇਸ਼ਵਰੀ ਚੈਟਰਜੀ

(ਸਫਾ 30 ਦੀ ਬਾਕੀ)

ਖ਼ੂਬਸੂਰਤ ਵਾਤਾਵਰਣ, ਡਿਪਾਰਟਮੈਂਟ ਜਾਂ ਲਾਇਬ੍ਰੇਰੀ ਵਿੱਚ ਬਤੀਤ ਕੀਤਾ। ਉਸ ਦੀ ਬੇਟੀ ਇੰਦਰਾ ਚੈਟਰਜੀ ਦਾ ਸਾਰਾ ਬਚਪਨ ਇੱਥੇ ਹੀ ਗੁਜ਼ਰਿਆ। ਇਸ ਇੰਸਟੀਚਿਊਟ ਵਿੱਚ ਬਿਤਾਏ ਤਿੰਨ ਦਹਾਕਿਆਂ ਦੇ ਸਮੇਂ ਦੌਰਾਨ ਉਸ ਨੇ ਮਾਈਕ੍ਰੋਵੇਵਜ਼ ਦੇ ਅਧਿਐਨ ਵਿੱਚ ਅਹਿਮ ਯੋਗਦਾਨ ਪਾ ਕੇ ਨਾਮਣਾ ਖੱਟਿਆ। ਉਹ ਵਿਦਿਆਰਥੀਆਂ ਦੀ ਹਿਫ਼ਾਜਤ ਕਰਨ ਵਾਲੀ ਅਧਿਆਪਕਾ ਸੀ। ਉਹ ਉਨ੍ਹਾਂ ਨੂੰ ਮਾਂ ਵਾਲਾ ਪਿਆਰ ਦਿੰਦੀ ਸੀ। ਉਹ ਬੜੀ ਦਿਆਲੂ ਅਤੇ ਪਰਵਾਹ ਕਰਨ ਵਾਲੀ ਇਨਸਾਨ ਸੀ। ਉਹ ਹਰ ਉਸ ਵਿਅਕਤੀ ਲਈ ਫਿਕਰਮੰਦ ਹੁੰਦੀ ਸੀ ਜੋ ਵੀ ਕਿਸੇ ਮੁਸ਼ਕਿਲ ਵਿੱਚ ਹੁੰਦਾ ਸੀ, ਭਾਵੇਂ ਉਹ ਉਸ ਨੂੰ ਜਾਣਦਾ ਹੋਵੇ ਤੇ ਭਾਵੇਂ ਨਾ ਜਾਣਦਾ ਹੋਵੇ। ਆਪਣੇ ਪਤੀ ਵਲੋਂ ਰੀਸਰਚ ਵਿੱਚ ਅਗਾਂਹ ਵਧਣ ਲਈ ਦਿੱਤੇ ਜਾਂਦੇ ਸਹਿਯੋਗ ਦੀ ਉਹ ਹਮੇਸ਼ਾ ਸ਼ੁਕਰਗੁਜ਼ਾਰ ਹੁੰਦੀ ਸੀ। ਪਤੀ-ਪਤਨੀ ਦੋਵੇਂ ਵਿਦਿਆਰਥੀਆਂ ਵਾਸਤੇ ਬਹੁਤ ਮਦਦਗਾਰ ਸਨ। ਉਨ੍ਹਾਂ ਦੇ ਘਰ ਵਿੱਚ ਹਮੇਸ਼ਾ ਵਿਦਿਆਰਥੀਆਂ ਦਾ ਸਵਾਗਤ ਕੀਤਾ ਜਾਂਦਾ ਸੀ।

ਉਹ ਕੇਵਲ ਵਿੱਦਿਅਕ ਮਾਮਲਿਆਂ ਵਿੱਚ ਹੀ ਨਹੀਂ, ਸਗੋਂ ਉਨ੍ਹਾਂ ਦੀਆਂ ਨਿੱਜੀ, ਸਮੱਸਿਆਵਾਂ ਵਿੱਚ ਵੀ ਉਨ੍ਹਾਂ ਦੀ ਮਦਦ ਕਰਦੇ ਸਨ। ਪਹਿਲਾਂ ਉਹ ਪ੍ਰੋਫ਼ੈਸਰ ਬਣੀ ਅਤੇ ਫਿਰ ਉਸ ਨੂੰ ਡਿਪਾਰਟਮੈਂਟ ਆਫ਼ ਇਲੈਕਟ੍ਰੀਕਲ ਕਮਿਊਨੀਕੇਸ਼ਨ ਵਿੱਚ ਚੇਅਰਪਰਸਨ ਦੀ ਪਦਵੀ ਲਈ ਚੁਣ ਲਿਆ ਗਿਆ। ਇਲੈਕਟ੍ਰੋਮੈਗਨੈਟਿਕ ਥਿਊਰੀ, ਇਲੈਕਟ੍ਰੋਨ ਟਿਊਬ ਸਰਕਟ, ਮਾਈਕ੍ਰੋਵੇਵ ਟੈਕਨਾਲੋਜੀ ਅਤੇ ਰੇਡੀਓ ਇੰਜੀਨੀਅਰਿੰਗ ਉਸ ਦੇ ਅਧਿਆਪਨ ਦੇ ਮੁੱਖ ਖੇਤਰ ਰਹੇ। ਵਿਸ਼ੇਸ਼ ਉਦੇਸ਼ਾਂ, ਖ਼ਾਸ ਕਰਕੇ ਏਅਰ ਕਰਾਫ਼ਟ ਅਤੇ ਸਪੇਸ ਕਰਾਫ਼ਟ ਲਈ ਤਿਆਰ ਕੀਤੇ ਐਂਟੀਨਿਆਂ ਦੇ ਖੇਤਰ ਵਿੱਚ ਉਸ ਦੀ ਰੀਸਰਚ ਦਾ ਵੱਡਾ ਯੋਗਦਾਨ ਰਿਹਾ। ਉਸ ਦੁਆਰਾ ਮਾਈਕ੍ਰੋਵੇਵਜ਼ ਸਬੰਧੀ ਕੀਤੀਆਂ ਖੋਜਾਂ ਅੱਜ ਵੀ 'ਦ ਡਿਫੈਂਸ ਰੀਸਰਚ ਐਂਡ ਡਿਵੈਲਪਮੈਂਟ ਆਰਗੇਨ-ਾਈਜ਼ੇਸ਼ਨ' ਦੁਆਰਾ ਰੇਡਾਰ ਟੈਕਨਾਲੋਜੀ ਅਤੇ ਡਿਫੈਂਸ ਐਪਲੀਕੇਸ਼ਨਾਂ ਵਿੱਚ ਇਸਤੇਮਾਲ ਕੀਤੀਆਂ ਜਾ ਰਹੀਆਂ ਹਨ। ਰੇਡਾਰ: RADAR (Radio Detection and Ranging)] ਰਿਸਰਚ ਵਿੱਚ ਉਹ ਬਹੁਤ ਸਰਗਰਮ ਰਹੀ। ਉਸ ਨੇ ਪੀਐੱਚ.ਡੀ. ਦੇ 20 ਵਿਦਿਆਰਥੀਆਂ ਨੂੰ ਗਾਈਡ ਕੀਤਾ। ਉਸ ਦੇ ਬਹੁਤ ਸਾਰੇ ਵਿਦਿਆਰਥੀ ਆਪਣੇ-ਆਪਣੇ ਖੇਤਰ ਵਿੱਚ ਨਾਮਣਾ ਖੱਟ ਚੁੱਕੇ ਹਨ। ਕਈ ਵਿਦਿਆਰਥੀ ਦੇਸ਼ਾਂ-ਵਿਦੇਸ਼ਾਂ ਵਿੱਚ ਪ੍ਰੋਫ਼ੈਸਰ ਤੇ ਡਾਇਰੈਕਟਰ ਤੈਨਾਤ ਹਨ। ਉਸ ਦੇ 100 ਤੋਂ ਵਧੇਰੇ ਖੋਜ-ਪੱਤਰ ਪ੍ਰਕਾਸ਼ਿਤ ਹੋਏ। ਉਸ ਨੇ ਮਾਈਕ੍ਰੋਵੇਵ ਇੰਜੀਨੀਅਰਿੰਗ ਅਤੇ ਐਂਟੀਨੇ ਨਾਲ ਸਬੰਧਿਤ ਸੱਤ ਉੱਚ ਮਿਆਰੀ ਤਕਨੀਕੀ ਕਿਤਾਬਾਂ ਅਤੇ ਕਈ ਹੋਰ ਕਿਤਾਬਾਂ ਲਿਖੀਆਂ। ਉਸ ਦੀਆਂ ਕੁਝ ਕਿਤਾਬਾਂ ਦੇ ਨਾਂ ਹਨ:

1. Elements of Microwave Engineering
2. Antenna Theory and Practice
3. A Thousand Streams: A Personal History
4. Dielectric and Dielectric Loaded Antennas
5. Advanced Microwave Engineering: Special Advanced Topics
6. Vasudhaiva Kutumbakam: The Whole World is But One Family: Real Stories of Some Women and Men of India.
7. Antennas for Information Super Skyways: An Exposition on Outdoor and Indoor Wireless Antennas, by Perambur S. Neelakanta, Rajeshwari Chatterjee.

ਉਸ ਦੀਆਂ ਅਕਾਦਮਿਕ ਪ੍ਰਾਪਤੀਆਂ ਅਤੇ ਮਾਈਕ੍ਰੋਵੇਵ ਇੰਜੀਨੀਅਰਿੰਗ ਖੇਤਰ ਵਿੱਚ ਉਸ ਦੇ ਮਹਾਨ ਯੋਗਦਾਨ ਵਾਸਤੇ ਕਈ ਸਨਮਾਨ ਉਸ ਦੀ ਝੋਲੀ ਵਿੱਚ ਪਏ ਜਿਵੇਂ:

1- ਮੁਮੱਡੀ ਕ੍ਰਿਸ਼ਨਾਰਾਜਾ ਵੋਡਿਆਰ ਐਵਾਰਡ ਬੀ.ਐਸਸੀ. ਆਨਰਜ਼ ਦੀ ਡਿਗਰੀ ਵਿੱਚ ਮੈਸੂਰ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਸਤੇ।
2- ਐਮ.ਟੀ. ਨਾਰਾਇਣ ਇਅੰਗਰ ਪ੍ਰਾਈਜ਼ ਐਮ.ਐਸਸੀ. ਡਿਗਰੀ ਵਿੱਚ ਮੈਸੂਰ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਸਤੇ।
3- ਵਾਟਰਜ਼ ਮੈਮੋਰੀਅਲ ਪ੍ਰਾਈਜ਼ ਐਮ.ਐਸਸੀ. ਡਿਗਰੀ ਵਿੱਚ ਮੈਸੂਰ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਸਤੇ।
4- ਲਾਰਡ ਮਾਊਂਟਬੈਟਨ ਪ੍ਰਾਈਜ਼ ਇੰਸਟੀਚਿਊਟ ਆਫ਼ ਇਲੈਕਟ੍ਰੀਕਲ ਐਂਡ ਰੇਡੀਓ ਇੰਜੀਨੀਅਰਿੰਗ, ਯੂ.ਕੇ. ਵਲੋਂ ਸਰਵੋਤਮ ਖੋਜ ਪੱਤਰ ਵਾਸਤੇ।
5- ਜੇ.ਸੀ. ਬੋਸ ਮੈਮੋਰੀਅਲ ਪ੍ਰਾਈਜ਼ ਇੰਸਟੀਚਿਊਟ ਆਫ਼ ਇੰਜੀਨੀਅਰਜ਼ ਵਲੋਂ ਸਰਵੋਤਮ ਖੋਜ ਪੱਤਰ ਵਾਸਤੇ।
6- ਰਾਮ ਲਾਲ ਵਧਵਾ ਐਵਾਰਡ ਇੰਸਟੀਚਿਊਟ ਆਫ਼ ਇਲੈਕਟ੍ਰਾਨਿਕਸ ਅਤੇ ਟੈਲੀਕਮਿਊਨੀਕੇਸ਼ਨ ਇੰਜੀਨੀਅਰਜ਼ ਵਲੋਂ ਸਰਵੋਤਮ ਖੋਜ ਕਾਰਜ ਅਤੇ ਅਧਿਆਪਨ ਵਾਸਤੇ।



ਰਾਜੇਸ਼ਵਰੀ ਚੈਟਰਜੀ ਦੀ ਬੇਟੀ ਇੰਦਰਾ ਚੈਟਰਜੀ, ਐਸੋਸੀਏਟ ਡੀਨ (1 ਜੁਲਾਈ, 2009 ਤੋਂ) ਕਾਲਜ ਆਫ਼ ਇੰਜੀਨੀਅਰਿੰਗ, ਯੂਨੀਵਰਸਿਟੀ ਆਫ਼ ਨੇਵਾਡਾ, ਰੀਨੋ, ਯੂ.ਐਸ.ਏ.



ਰਾਜੇਸ਼ਵਰੀ ਚੈਟਰਜੀ- ਜ਼ਿੰਦਗੀ ਦੇ ਆਖ਼ਰੀ ਪੜਾਅ



1981 ਈ. ਵਿੱਚ ਉਹ ਡਿਪਾਰਟਮੈਂਟ ਆਫ਼ ਇਲੈਕਟ੍ਰੀਕਲ ਕਮਿਊਨੀਕੇਸ਼ਨ ਇੰਜੀਨੀਅਰਿੰਗ ਦੀ ਚੇਅਰਪਰਸਨ ਵਜੋਂ ਰਿਟਾਇਰ ਹੋਈ। ਰਿਟਾਇਰ ਹੋਣ ਉਪਰੰਤ

ਉਸ ਨੇ ਸਮਾਜ ਭਲਾਈ ਦੇ ਪ੍ਰੋਗਰਾਮਾਂ ਵਿੱਚ ਮੁੱਖ ਤੌਰ ਤੇ ਇੰਡੀਅਨ ਐਸੋਸੀਏਸ਼ਨ ਫ਼ਾਰ ਵੁਮੈਨੈਜ਼ ਸਟੱਡੀਜ਼ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਨੂੰ ਉਦੋਂ ਮਾਲੂਮ ਹੋਇਆ ਕਿ ਬਹੁਤ ਸਾਰੀਆਂ ਔਰਤਾਂ ਨੂੰ ਜੀਵਨ ਵਿੱਚ ਉੱਪਰ ਉੱਠਣ ਲਈ ਬਹੁਤ ਸੰਘਰਸ਼ ਕਰਨਾ ਪਿਆ ਜੋ ਉਸ ਵਰਗੀਆਂ ਉੱਚ-ਵਰਗੀ ਮਹਿਲਾਵਾਂ ਨੂੰ ਨਹੀਂ ਕਰਨਾ ਪਿਆ ਹੋਵੇਗਾ।

ਉਹ ਇਸ ਮਾਮਲੇ ਵਿੱਚ ਆਪਣੇ-ਆਪ ਨੂੰ ਖੁਸ਼ਕਿਸਮਤ ਸਮਝਦੀ ਸੀ ਅਤੇ ਮਹਿਸੂਸ ਕਰਦੀ ਸੀ ਕਿ ਸਾਨੂੰ ਦੂਜਿਆਂ ਦੀ ਮਦਦ ਲਈ ਜੋ ਵੀ ਮੁਮਕਿਨ ਹੋ ਸਕੇ, ਕਰਨਾ ਚਾਹੀਦਾ ਹੈ, ਖ਼ਾਸ ਕਰਕੇ ਉਨ੍ਹਾਂ ਔਰਤਾਂ ਲਈ ਜਿਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਪੜ੍ਹਨ, ਕੰਮ ਕਰਨ ਜਾਂ ਕਿਸੇ ਵੀ ਖੇਤਰ ਵਿੱਚ ਅੱਗੇ ਵਧਣ ਲਈ ਅਧਿਕਾਰ ਪ੍ਰਾਪਤ ਨਹੀਂ ਹਨ।

ਸੰਨ 2010 ਵਿੱਚ ਆਪਣੀ ਉਮਰ ਦੇ 80ਵਿਆਂ ਵਿੱਚ ਆਪਣੀ ਬੇਟੀ ਨੂੰ ਮਿਲਣ ਲਈ ਉਸ ਨੇ ਇਕੱਲੀ ਨੇ ਹੀ ਅਮਰੀਕਾ ਦਾ ਟੂਰ ਲਗਾਇਆ। ਉਹ ਓਨੇ ਹੀ ਹੌਸਲੇ ਅਤੇ ਹੱਠ ਨਾਲ ਜਾ ਕੇ ਆਈ ਜਿੰਨਾ ਉਸ ਵਿੱਚ 63 ਸਾਲ ਪਹਿਲਾਂ 1947 ਈ. ਵਿੱਚ ਪਹਿਲੀ ਵਾਰੀ ਯੂ.ਐਸ.ਏ. ਜਾਣ ਸਮੇਂ ਸੀ। ਇਸ ਸੋਲੋ ਟ੍ਰਿਪ ਤੋਂ ਕੁਝ ਦਿਨ ਬਾਅਦ 3 ਸਤੰਬਰ, 2010 ਨੂੰ ਉਹ ਮਲੇਸ਼ਵਰਮ ਸਥਿਤ ਆਪਣੇ ਘਰ ਵਿੱਚ ਬੀਮਾਰ ਹੋ ਗਈ।

ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸਨੇ ਆਪਣਾ ਆਖ਼ਰੀ ਸਾਹ ਲਿਆ। ਉਸ ਸਮੇਂ ਉਸ ਦੀ ਉਮਰ 88 ਸਾਲ ਸੀ।

ਡਾ. ਰਾਜੇਸ਼ਵਰੀ ਚੈਟਰਜੀ ਨੇ ਆਪਣੀ ਜ਼ਿੰਦਗੀ ਨੂੰ ਆਪਣੇ ਹੀ ਢੰਗ ਨਾਲ ਜੀਵਿਆ। ਉਹ ਇੱਕ ਅਜਿਹੀ ਔਰਤ ਦੀ ਅਨੂਠੀ ਉਦਾਹਰਣ ਸੀ ਜੋ ਇੱਕ ਆਦਰਸ਼ ਵਿਗਿਆਨੀ ਹੋਣ ਦੇ ਨਾਲ-ਨਾਲ ਇੱਕ ਜ਼ਿੰਮੇਵਾਰ ਅਧਿਆਪਕਾ, ਪਤਨੀ, ਮਾਂ ਅਤੇ ਦੋਸਤ ਵੀ ਸੀ।

ਉਸ ਦੀ ਬੇਟੀ ਇੰਦਰਾ ਚੈਟਰਜੀ ਨੇ ਯੂਨੀਵਰਸਿਟੀ ਆਫ਼ ਯੂਟਾਹ, ਯੂ.ਐਸ.ਏ. ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਵਿੱਚ ਪੀਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ।1 ਜੁਲਾਈ, 2009 ਤੋਂ ਉਹ ਯੂਨੀਵਰਸਿਟੀ ਆਫ਼ ਨੇਵਾਡਾ, ਰੀਨੋ ਵਿਖੇ ਬਤੌਰ 'ਐਸੋਸੀਏਟ ਡੀਨ ਆਫ਼ ਇੰਜੀਨੀਅਰਿੰਗ' ਸੇਵਾਵਾਂ ਨਿਭਾ ਰਹੀ ਹੈ। ਇਸ ਦੇ ਨਾਲ ਹੀ ਉਹ ਡਿਪਾਰਟਮੈਂਟ ਆਫ਼ ਇਲੈਕਟ੍ਰੀਕਲ ਐਂਡ ਬਾਇਓਮੈਡੀਕਲ ਇੰਜੀਨੀਅਰਿੰਗ ਵਿੱਚ ਬਤੌਰ ਪ੍ਰੋਫ਼ੈਸਰ ਕੰਮ ਕਰ ਰਹੀ ਹੈ। ਉਹ ਆਪਣੇ ਖੇਤਰ ਨਾਲ ਸਬੰਧਿਤ ਅਣਗਿਣਤ ਕਿਤਾਬਾਂ ਲਿਖ ਚੁੱਕੀ ਹੈ ਅਤੇ ਬਹੁਤ ਸਾਰੇ ਸਨਮਾਨ ਉਸ ਦੀ ਝੋਲੀ ਪੈ ਚੁੱਕੇ ਹਨ।

# ਹਫਤੇ 'ਚ ਕੀਵੀਆਂ ਨੂੰ ਵਾਪਿਸ ਨਿਊਜ਼ੀਲੈਂਡ ਵਾਲੇ ਘਰ ਪਰਤਣ ਦੀ ਸਲਾਹ

**ਔਕਲੈਂਡ 24 ਜੁਲਾਈ, 2021 (ਹਰਜਿੰਦਰ ਸਿੰਘ ਬਸਿਆਲਾ)-** ਕਰੋਨਾ ਦੇ ਚਲਦਿਆਂ ਵੱਖ-ਵੱਖ ਦੇਸ਼ਾਂ ਦੀ ਸਰਹੱਦਾਂ ਦੀ ਤਾਲਾਬੰਦੀ ਵੱਖ-ਵੱਖ ਪੜਾਵਾਂ ਵਿਚ ਲੰਘ ਰਹੀ ਹੈ। ਬੀਤੀ ਰਾਤ ਤੋਂ ਸੁਰੱਖਿਅਤ ਕਹੇ ਜਾਂਦੇ ਦੇਸ਼ਾਂ ਨਿਊਜ਼ੀਲੈਂਡ-ਆਸਟਰੇਲੀਆ ਦੇ ਲਈ ਆਉਣ ਜਾਣ ਵਾਲਾ ਹਵਾਈ ਸਫ਼ਰ ਹੁਣ ਜਿੱਦਾਂ ਮਰਜ਼ੀ 'ਆ ਗਏ ਚਲੇ ਗਏ ਵਾਲਾ' ਨਹੀਂ ਰਿਹਾ ਹੈ, ਤਰ੍ਹਾਂ-ਤਰ੍ਹਾਂ ਦੀਆਂ ਸ਼ਰਤਾਂ ਲੱਗ ਗਈਆਂ ਹਨ। ਪ੍ਰਧਾਨ ਮੰਤਰੀ ਮਾਣਯੋਗ ਜੈਸਿੰਡਾ ਆਰਡਨ ਨੇ ਸਿੱਧੇ ਸ਼ਬਦਾਂ ਵਿਚ ਕੀਵੀਆਂ ਨੂੰ ਕਿਹਾ ਹੈ ਕਿ ਹਫਤੇ ਦੇ ਵਿਚ ਵਾਪਿਸ ਘਰ ਆ ਜਾਉ ਤੁਹਾਡੇ ਲਈ ਕੁਝ ਫਲਾਈਟਾਂ ਖੁੱਲ੍ਹੀਆਂ ਰੱਖਾਂਗੇ। ਕਈ ਜਗ੍ਹਾ ਤੋਂ ਆਉਣ ਵਾਲਿਆਂ ਲਈ 14 ਦਿਨ ਦਾ ਸਮਾਂ ਏਕਾਂਤਵਾਸ ਵਿਚ ਬਿਤਾਉਣਾ ਹੋਵੇਗਾ। ਕਈਆਂ ਦਾ ਅਜੇ ਬਿਨਾਂ ਇਸ ਤੋਂ ਸਰ ਸਕਦਾ ਹੈ, ਪਰ ਕਰੋਨਾ 72 ਘੰਟੇ ਪਹਿਲਾਂ ਨੈਗੇਟਿਵ ਆਉਣ ਦੀਆਂ ਸ਼ਰਤਾਂ ਅਤੇ ਘਰ ਦੇ ਵਿਚ 14 ਦਿਨ ਏਕਾਂਤਵਾਸ ਵਿਚ ਕੱਟਣਾ ਆਦਿ ਜ਼ਰੂਰੀ ਕਰ ਦਿੱਤਾ ਗਿਆ ਹੈ। ਹੁਣ ਲਗਪਗ 20,000 ਕੀਵੀ ਜਾਂ ਵਾਪਿਸ ਆਉਣ ਯੋਗ ਲੋਕ ਵਾਪਿਸ ਨਿਊਜ਼ੀਲੈਂਡ ਪਰਤਣ ਲਈ ਕਾਹਲੇ ਪੈ ਗਏ ਹਨ। ਐਮ. ਆਈ. ਕਿਊ. (ਮੈਨੇਜਡ ਆਈਸੋਲੇਸ਼ਨ ਐਂਡ ਕੁਆਰਨਟੀਨ) ਵਾਸਤੇ ਲੋਕਾਂ ਨੇ ਹਨ੍ਹੇਰੀ ਲਿਆ ਦਿੱਤੀ ਹੈ ਅਤੇ ਅਕਤੂਬਰ ਮਹੀਨੇ ਤੱਕ ਕੋਈ ਵੀ ਕਮਰਾ ਕਿਤੇ ਖਾਲੀ ਨਹੀਂ ਮਿਲ ਰਿਹਾ। ਕਈ ਪ੍ਰਾਈਵੇਟ ਹੈਲਪਰਾਂ ਨੇ ਇਸ ਦੇ ਲਈ ਮੋਟੀ ਫੀਸ ਵੀ ਰੱਖੀ ਹੋਈ ਹੈ ਜਿਸ ਦਾ ਮਤਲਬ ਹੈ ਕਿ ਤੁਸੀਂ ਆਪਣੇ ਨਾਂਅ ਉਤੇ ਰਜਿਸਟਰਡ ਕਰਕੇ ਉਨ੍ਹਾਂ ਨੂੰ ਦੱਸ ਦਿਓ ਉਨ੍ਹਾਂ ਦੇ ਲੋਕ ਕੰਪਿਊਟਰ ਉਤੇ ਬਾਜ਼ ਵਰਗੀ ਨਿਗ੍ਹਾ ਰੱਖਣਗੇ ਅਤੇ ਜਦੋਂ ਕੋਈ ਕਮਰਾ ਖਾਲੀ ਦਿਸਿਆ ਝਪਟ ਕੇ ਚੁੱਕ ਲੈਣਗੇ ਅਤੇ ਤੁਹਾਡੇ ਕੋਲੋਂ ਉਸਦੇ ਪੈਸੇ ਲੈ ਲੈਣਗੇ।




ਸਰਕਾਰ ਕੋਲ ਦੇਸ਼ ਵਿਆਪੀ 4000 ਕਮਰਿਆਂ ਦੀ ਸਹੂਲਤ (2501 ਔਕਲੈਂਡ, 233 ਹਮਿਲਟਨ, 393 ਰੋਟੋਰੂਆ, 140 ਵਲਿੰਗਟਨ, 733 ਕ੍ਰਾਈਸਟਚਰਚ) ਹੈ, ਜਿਸ ਦੇ ਵਿਚ 5106 ਲੋਕ ਆਈਸੋਲੇਸ਼ਨ ਦੇ ਵਿਚ 99 ਲੋਕ ਐਮ. ਆਈ. ਕਿਊ ਦੇ ਵਿਚ ਹਨ। ਅਗਲੇ ਦਿਨਾਂ ਦੇ ਵਿਚ 3400 ਹੋਰ ਬੰਦਾ ਆਉਣ ਦੀ ਸੰਭਾਵਨਾ ਹੈ। ਹੁਣ ਤੱਕ 1,57, 143 ਲੋਕ ਇਸ ਸਹੂਲਤ ਦਾ ਫਾਇਦਾ ਉਠਾ ਚੁੱਕੇ ਹਨ। ਇਕ ਦੂਜੇ ਤੋਂ ਦੂਰ ਬੈਠੇ ਜੋੜਿਆਂ ਨੂੰ 'ਦਿਲ ਵਾਲੇ ਦੁਲਹਨੀਆ ਲੈ ਜਾਏਗੇਂ" ਦਾ ਇਹ ਗੀਤ ਅੱਜਕਲ੍ਹ ਚਿੜਾਉਣਾ ਲੱਗਦਾ ਹੋਵੇਗਾ ਜਿਸ ਦੇ ਬੋਲ ਸਨ ਕਿ 'ਹੋ ਕੋਇਲ ਕੂਕੇ ਹੂਕ ਉਠਾਇ, ਯਾਦੋਂ ਕੀ ਬੰਦੂਕ ਚਲਾਏ', 'ਬਾਗੋਂ ਮੇਂ ਝੂਲੋਂ ਕੇ ਮੌਸਮ ਵਾਪਿਸ ਆਏ ਰੇ', 'ਘਰ ਆ ਜਾ ਪ੍ਰਦੇਸੀ ਤੇਰਾ ਦੇਸ਼ ਬੁਲਾਏ ਰੇ'। ਅੰਤ ਲੋਕ ਇਹ ਕਹਿਣਾ ਚਾਹੁੰਦੇ ਹਨ ਕਿ ''ਪ੍ਰਧਾਨ ਮੰਤਰੀ ਜੀ ਘਰ ਆ ਜਾ ਪ੍ਰਦੇਸੀ ਵਾਲੀ ਗੱਲ ਤਾਂ ਤੁਹਾਡੀ ਠੀਕ ਹੈ... ਪਰ ਤੁਹਾਡੇ 14 ਦਿਨਾਂ ਵਾਲੇ ਕਮਰਿਆਂ ਦੀ ਚਾਬੀ ਲੋਕ ਕਿਸ ਕੋਲੋਂ ਅਤੇ ਕਿੱਦਾਂ ਲਈ ਜਾਵੇ ਪਤਾ ਨਹੀਂ ਲੱਗ ਰਿਹਾ।''



# KB USED AUTO SALES



## 8655 B Monterey Street Gilroy, CA 95020

Kashmiri Bhatia, Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop